ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼


(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਚੇਤ-ਵੈਸਾਖ, ਨਾਨਕਸ਼ਾਹੀ ੫੪੪ ਅਪ੍ਰੈਲ 2012

ਜਿਲਦ ੫੬ ਅੰਕ ੧



*ਸੰਪਾਦਕ*

ਸਿਮਰਜੀਤ ਸਿੰਘ

*ਐਮ.ਏ., ਐਮ.ਐਮ.ਸੀ.*


## ਚੰਦਾ

| | |
|---|---|
| ਸਾਲਾਨਾ (ਦੇਸ਼) | ₹ ੨੦ |
| ਲਾਈਫ਼ (ਦੇਸ਼) | ₹ ੨੦੦ |
| ਸਾਲਾਨਾ ਵਿਦੇਸ਼ | ₹ ੫੦੦ |
| ਲਾਈਫ਼ ਵਿਦੇਸ਼ | ₹ ੫੦੦੦ |
| ਪ੍ਰਤੀ ਕਾਪੀ | ₹ ੨ |

## ਚੰਦਾ ਭੇਜਣ ਦਾ ਪਤਾ


ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net e-mail : gurmat_parkash@yahoo.co.in


**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**


Approved for School Libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੩ |
| ਸੰਪਾਦਕੀ | | ੪ |
| ਵੈਸਾਖੀ ਦੇ ਦਿਨ ਦਾ ਮਹੱਤਵ ਅਤੇ ਪਿਛੋਕੜ | -ਸ. ਸੁਖਦੇਵ ਸਿੰਘ ਸ਼ਾਂਤ | ੭ |
| ਖਾਲਸੇ ਦੀ ਮਹਾਨਤਾ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੧੬ |
| ਪੰਜ ਪਿਆਰਿਆਂ ਦਾ ਅਦੁੱਤੀ ਸੰਕਲਪ | -ਡਾ. ਜਸਪਾਲ ਸਿੰਘ | ੨੨ |
| ਬਿਖੜੇ ਸਮੇਂ ਵਿਚ ਵੀ ਖਾਲਸਾ ਚੜ੍ਹਦੀ ਕਲਾ 'ਚ ਰਿਹੈ | -ਸ. ਜਸਵੰਤ ਸਿੰਘ 'ਅਜੀਤ' | ੨੫ |
| ਕੇਸ ਗੁਰੂ ਦੀ ਮੋਹਰ | -ਸ. ਗੁਰਚਰਨਜੀਤ ਸਿੰਘ | ੨੯ |
| ਸ੍ਰੀ ਗੁਰੂ ਅੰਗਦ ਦੇਵ ਜੀ-ਜੀਵਨ ਅਤੇ ਸੰਦੇਸ਼ | -ਡਾ. ਹਰਬੰਸ ਸਿੰਘ | ੩੪ |
| ਭੱਟ ਸਾਹਿਬਾਨ ਦੇ ਸਵਈਆਂ ਬਾਰੇ ਵਿਸਥਾਰ ਪ੍ਰਸਤਾਵਨਾ | -ਗਿ. ਬਲਵੰਤ ਸਿੰਘ ਕੋਠਾਗੁਰੂ | ੪੨ |
| ਸੁਤੰਤਰਤਾ ਸੰਗਰਾਮੀ ਜਥੇਦਾਰ ਬੀਰ ਸਿੰਘ ਜੀ ਪੁਆਦੜਾ | -ਸਿਮਰਜੀਤ ਸਿੰਘ | ੫੮ |
| ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਬਲੀਸ਼ਿੰਗ ਹਾਊਸ ਤੇ ਪ੍ਰਕਾਸ਼ਨਾਵਾਂ | -ਸ. ਦਿਲਜੀਤ ਸਿੰਘ | ੬੩ |
| ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨਾਲ ਸੰਬੰਧਿਤ ਅਸਥਾਨ | -ਮਨਮੋਹਨ ਕੌਰ | ੭੦ |
| ਜਥੇਦਾਰ ਅਵਤਾਰ ਸਿੰਘ ਜੀ | -ਸ. ਰੂਪ ਸਿੰਘ | ੮੦ |
| ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ | -ਸ. ਬਲਵਿੰਦਰ ਸਿੰਘ ਜੌੜਾਸਿੰਘਾ | ੮੫ |
| ਗਾਗਰ 'ਚ ਸਾਗਰ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੮੮ |
| ਪੰਜ ਪਿਆਰਿਆਂ ਦੀ ਸਾਜਨਾ (ਕਵਿਤਾ) | -ਮਾਸਟਰ ਸੁਖਦੇਵ ਸਿੰਘ ਜਾਚਕ | ੮੯ |
| ਦਸਤਾਰ-ਪੱਗੜੀ (ਕਵਿਤਾ) | -ਮਾ: ਬੋਹੜ ਸਿੰਘ 'ਮੱਲਣ' | ੯੦ |
| ਮਾਤਾ ਖੀਵੀ ਜੀ (ਕਵਿਤਾ) | -ਸ. ਸਵਰਨ ਸਿੰਘ ਭੌਰ | ੯੧ |
| ਖ਼ਬਰਨਾਮਾ | | ੯੨ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਵਹੀਰ ਸਰਗਰਮੀਆਂ | | ੯੪ |

# ਤੁਧੁ ਜੇਵਡੁ ਤੂਹੈ ਪਾਰਬ੍ਰਹਮ...

*ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥*
*ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥*
*ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ ॥*
*ਸਗਲ ਮਨੋਰਥ ਪੁੰਨਿਆ ਅਮਰਾ ਪਦੁ ਪਾਈ ॥*
*ਤੁਧੁ ਜੇਵਡੁ ਤੂਹੈ ਪਾਰਬ੍ਰਹਮ ਨਾਨਕ ਸਰਣਾਈ ॥੩॥* *(ਪੰਨਾ ੩੧੮)*

ਸ੍ਰੀ ਗੁਰੂ ਅਰਜਨ ਦੇਵ ਜੀ ਗਉੜੀ ਕੀ ਵਾਰ ਦੀ ਇਸ ਪਾਵਨ ਪਉੜੀ ਵਿਚ ਆਤਮਿਕ ਸੁਖਾਂ ਦੇ ਅਨੰਤ ਖਜ਼ਾਨੇ ਪ੍ਰਭੂ-ਨਾਮ ਰੂਪੀ ਅੰਮ੍ਰਿਤ ਬਾਰੇ ਦੱਸਦੇ ਹੋਏ ਮਨੁੱਖ-ਮਾਤਰ ਨੂੰ ਮਨੁੱਖਾ ਜੀਵਨ ਦੇ ਦੁਰਲੱਭ ਅਵਸਰ ਦਾ ਲਾਹਾ ਲੈਂਦਿਆਂ ਆਤਮਿਕ ਕਲਿਆਣ ਦਾ ਗੁਰਮਤਿ ਗਾਡੀ ਮਾਰਗ ਦਰਸਾਉਂਦੇ ਹਨ। ਗੁਰੂ ਜੀ ਫਰਮਾਨ ਕਰਦੇ ਹਨ ਕਿ ਹੇ ਭਾਈ! ਪਰਮਾਤਮਾ ਦਾ ਨਾਮ ਰੂਪੀ ਅੰਮ੍ਰਿਤ ਅਮੁੱਕ ਖਜ਼ਾਨਾ ਹੈ। ਇਹ ਇਸ ਮਨੁੱਖਾ ਜੀਵਨ ਵਿਚ ਹਰੇਕ ਪਲ ਲਾਹਾ ਲੈਣ ਯੋਗ ਸੀਤਲ ਸੁਖਦਾਈ ਅੰਮ੍ਰਿਤ-ਸੋਮਾ ਹੈ। ਇਸ ਪ੍ਰਭੂ-ਨਾਮ ਰੂਪੀ ਅੰਮ੍ਰਿਤ ਨੂੰ, ਮਿਲ ਕੇ ਭਾਵ ਸਤਿਸੰਗਤ ਵਿਚ ਆ ਕੇ ਰਲ ਮਿਲ ਕੇ ਪੀਓ। ਗੁਰਮਤਿ ਗਾਡੀ ਮਾਰਗ ਵਿਚ ਸਤਿਸੰਗਤ ਦੀ ਜੋ ਅਪਾਰ ਵਡਿਆਈ ਹੈ ਇਸ ਮਾਰਗ ਵਿਚ ਦੁਨੀਆਂ ਤੋਂ ਅਲੱਗ ਰਹਿ ਕੇ ਕਠੋਰ ਤਪ ਕਰਨਾ ਮਨਜ਼ੂਰ ਨਹੀਂ। ਪੰਚਮ ਪਾਤਸ਼ਾਹ ਨਿਰਮਲ ਬਚਨਾਂ ਦੁਆਰਾ ਸੇਧ ਬਖ਼ਸ਼ਿਸ਼ ਕਰਦੇ ਹਨ:

*ਜਨ ਕੀ ਟਹਲ ਸੰਭਾਖਨੁ ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ॥*
*ਜਨ ਚਰ ਰਜ ਮੁਖਿ ਮਾਥੈ ਲਾਗੀ ਆਸਾ ਪੂਰਨ ਅਨੰਤ ਤਰੰਗਾ॥ (ਪੰਨਾ ੮੨੮)*

ਉਹ ਨਾਮ ਰੂਪੀ ਅੰਮ੍ਰਿਤ ਐਸਾ ਹੈ, ਜਿਸ ਨੂੰ ਚੇਤੇ ਕਰਨ ਨਾਲ ਆਤਮਿਕ ਸੁਖ ਪਾ ਲਈਦਾ ਹੈ ਅਤੇ ਸਾਰੀ ਦੁਨਿਆਵੀ ਪਿਆਸ ਜਾਂ ਇੱਛਾ ਬੁਝ ਜਾਂਦੀ ਹੈ ਭਾਵ ਸ਼ਾਂਤ ਹੋ ਜਾਂਦੀ ਹੈ। ਇਸ ਅਥਾਹ ਖਜ਼ਾਨੇ ਨੂੰ ਪਾ ਲੈਣ ਨਾਲ ਮਨੁੱਖ ਤ੍ਰੇਹ ਦੀ ਮਨੋਸਥਿਤੀ 'ਚ ਇਸ ਸੰਸਾਰ 'ਚ ਭਟਕਣੋਂ ਤੇ ਖੱਜਲ-ਖੁਆਰ ਹੋਣੋਂ ਬਚ ਜਾਂਦਾ ਹੈ। ਗੁਰੂ, ਅਕਾਲ ਪੁਰਖ ਦੀ ਸੇਵਾ ਕੀਤਿਆਂ ਭਾਵ ਪ੍ਰਭੂ-ਮਿਲਾਪ ਬਾਰੇ ਗੁਰੂ ਗਿਆਨ-ਉਪਦੇਸ਼ ਪੱਲੇ ਬੰਨ੍ਹ ਲੈਣ ਤੇ ਅਮਲ 'ਚ ਲਿਆਉਣ ਨਾਲ ਕੋਈ ਭੁੱਖ ਨਹੀਂ ਰਹਿ ਜਾਂਦੀ ਅਰਥਾਤ ਮਨੁੱਖ ਸੰਪੂਰਨ ਸੰਤੁਸ਼ਟੀ ਤੇ ਰਜੇਵੇਂ ਨੂੰ ਮਹਿਸੂਸ ਕਰਦਾ ਹੈ। ਇਹੀ ਤਾਂ ਇਸ ਮਨੁੱਖਾ ਜੀਵਨ ਦਾ ਸਮੁੱਚਾ ਉਦੇਸ਼ ਹੈ ਜੋ ਪੂਰਾ ਹੋ ਜਾਂਦਾ ਹੈ। ਮਨੁੱਖ ਪ੍ਰਭੂ-ਨਾਮ ਦਾ ਅੰਮ੍ਰਿਤ ਪਾ ਕੇ ਅਮਰ ਰੁਤਬਾ ਹਾਸਲ ਕਰਦਾ ਹੈ ਭਾਵ ਸਰੀਰਿਕ ਕਾਲ ਜਾਂ ਮੌਤ ਦੇ ਅਸਰ ਤੋਂ ਉਤਾਂਹ ਉੱਠ ਜਾਂਦਾ ਹੈ। ਗੁਰੂ ਜੀ ਪ੍ਰਭੂ-ਨਾਮ ਅੰਮ੍ਰਿਤ ਦੇ ਭਾਵਾਵੇਸ਼ ਵਿਚ ਕਥਨ ਕਰਦੇ ਹਨ ਕਿ ਹੇ ਅਸੀਮ ਪਰਮਾਤਮਾ ਜੀਓ! ਤੁਸੀਂ ਆਪਣੇ ਵਰਗੇ ਆਪ ਹੀ ਹੋ। ਸ੍ਰੀ ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ! ਮੈਂ ਆਪ ਜੀ ਦੀ ਸ਼ਰਨ 'ਚ ਹਾਂ ਕਿ ਜੀਵਨ-ਉਦੇਸ਼ ਦੀ ਪੂਰਤੀ ਹੋ ਜਾਵੇ। ਦਸਮੇਸ਼ ਪਿਤਾ ਨੇ ਨਾਨਕ ਨਾਮ-ਲੇਵਾ ਨੂੰ ਨਾਮ-ਅੰਮ੍ਰਿਤ ਪ੍ਰਦਾਨ ਕਰਨ ਵਾਸਤੇ ਵੈਸਾਖੀ ਵਾਲੇ ਦਿਨ ਖੰਡੇ-ਬਾਟੇ ਦੀ ਪਾਹੁਲ ਦੀ ਸ਼ੁਰੂਆਤ ਕੀਤੀ। ਖੰਡੇ-ਬਾਟੇ ਦੀ ਪਾਹੁਲ ਦਾ ਅਭਿਲਾਸ਼ੀ ਇਸ ਨੂੰ ਧਾਰਨ ਕਰਨ ਉਪਰੰਤ ਤਿਆਰ-ਬਰ-ਤਿਆਰ ਰੂਪ 'ਚ ਖਾਲਸਾ ਸਜ ਜਾਂਦਾ ਹੈ। ਗੁਰੂ ਦਾ ਹਰੇਕ ਸੱਚਾ ਸਿੱਖ ਇਸ ਪਾਹੁਲ ਨੂੰ ਪ੍ਰਾਪਤ ਕਰਨ ਅਤੇ ਸੰਭਾਲ ਕੇ ਰੱਖਣ ਵਾਸਤੇ ਸਦਾ-ਯਤਨਸ਼ੀਲ ਰਹਿੰਦਾ ਹੈ। ■

ਸੰਪਾਦਕੀ

# ਵੈਸਾਖੀ ਦਾ ਗੌਰਵ ਅਤੇ ਖਾਲਸੇ ਦਾ ਭਵਿੱਖ

*ਵੈਸਾਖੀ ਭਾਰਤ ਵਾਸੀਆਂ ਦਾ ਸਦੀਆਂ ਪੁਰਾਣਾ ਤਿਉਹਾਰ ਹੈ। ਰਵਾਇਤ ਹੈ ਕਿ ਇਸ ਦਿਨ ਵਿਆਸ ਰਿਸ਼ੀ ਨੇ ਚਾਰੇ ਵੇਦਾਂ ਨੂੰ ਸੰਪੂਰਨ ਕਰ ਕੇ ਪਹਿਲੀ ਵਾਰ ਪਾਠ ਕਰ ਕੇ ਭੋਗ ਪਾਇਆ ਸੀ। ਇਹ ਵੀ ਰਵਾਇਤ ਹੈ ਕਿ ਇਸ ਦਿਨ ਰਾਜਾ ਜਨਕ ਨੇ ਯੱਗ ਕਰ ਕੇ ਅਸ਼ਟਾਵਕਰ ਪਾਸੋਂ ਬ੍ਰਹਮ ਗਿਆਨ ਦੀ ਪ੍ਰਾਪਤੀ ਕੀਤੀ ਸੀ। ਇਹ ਤਿਉਹਾਰ ਬਿਕ੍ਰਮੀ ਸੰਮਤ ਦੇ ਵੈਸਾਖ ਮਹੀਨੇ ਦੀ ਸੰਗਰਾਂਦ ਨੂੰ ਮਨਾਇਆ ਜਾਂਦਾ ਹੈ। ਇਹ ਮੌਸਮੀ ਤਿਉਹਾਰ ਹੈ। ਠੰਡ ਤੋਂ ਬਾਅਦ ਮੌਸਮ ਵਿਚ ਬਦਲਾਅ ਆ ਕੇ ਮਨੁੱਖੀ ਮਨ'ਚ ਨਵਾਂ ਹੁਲਾਸ ਪੈਦਾ ਕਰਦਾ ਹੈ। ਦਰੱਖਤਾਂ 'ਤੇ ਉੱਗੇ ਨਵੇਂ-ਨਰੋਏ ਪੱਤੇ ਪ੍ਰਕ੍ਰਿਤੀ ਵਿਚ ਜੋਸ਼ ਭਰ ਦਿੰਦੇ ਹਨ। ਕਿਸਾਨ ਆਪਣੀ ਪੱਕੀ ਫ਼ਸਲ ਨੂੰ ਦੇਖ ਕੇ ਅਨੰਦਿਤ ਹੋ ਜਾਂਦਾ ਹੈ। ਨਵੀਂ ਫਸਲ ਦੀ ਆਮਦ ਹਰ ਵਰਗ ਨੂੰ ਆਪਣੀ ਆਰਥਿਕ ਖੁਸ਼ਹਾਲੀ ਦਾ ਸੁਨੇਹਾ ਦੇ ਰਹੀ ਹੁੰਦੀ ਹੈ। ਇਸ ਤਰ੍ਹਾਂ ਵੈਸਾਖੀ ਮਨੁੱਖੀ ਆਰਥਿਕਤਾ ਤੇ ਖੁਸ਼ਹਾਲੀ ਨਾਲ ਜੁੜਿਆ ਵਿਸ਼ੇਸ਼ ਦਿਹਾੜਾ ਹੈ।*

*ਪੰਜਾਬ ਦੇ ਸੂਰਬੀਰਾਂ ਲਈ ਇਹ ਆਪਣੇ ਭਵਿੱਖ ਲਈ ਯੋਜਨਾਵਾਂ ਤਿਆਰ ਕਰਨ ਵਾਲਾ ਦਿਹਾੜਾ ਹੈ। ਪੰਜਾਬੀ ਮੁੱਢ ਕਦੀਮ ਤੋਂ ਹੀ ਇਸ ਦਿਨ ਆਪਣੇ ਮਿੱਥੇ ਵਿਸ਼ੇਸ਼ ਅਸਥਾਨ 'ਤੇ ਇਕੱਠੇ ਹੋ ਕੇ ਨਾਮ ਸਿਮਰਨ ਕਰਦੇ ਤੇ ਭਵਿੱਖਤ ਯੋਜਨਾਵਾਂ ਤਿਆਰ ਕਰਦੇ ਆਏ ਪ੍ਰਤੀਤ ਹੁੰਦੇ ਹਨ।*

*ਵੈਸਾਖੀ ਦਾ ਦਿਹਾੜਾ ਸਿੱਖਾਂ ਲਈ ਬੜਾ ਹੀ ਵਿਸ਼ੇਸ਼ ਹੈ। ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਮਨੁੱਖਤਾ ਨੂੰ ਜਬਰ ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰਨ ਦੀ ਪ੍ਰੇਰਨਾ ਦਿੱਤੀ। ਗੁਰੂ ਸਾਹਿਬ ਨੇ ਜਾਬਰ ਤੇ ਚਲਾਕ ਲੋਕਾਂ ਹੱਥੋਂ ਲੁੱਟ ਦਾ ਸ਼ਿਕਾਰ ਹੋ ਰਹੇ ਭੋਲੇ-ਭਾਲੇ ਲੋਕਾਂ ਨੂੰ ਸੁਚੇਤ ਕੀਤਾ। ਇਸਤਰੀਆਂ ਅਤੇ ਦੱਬੇ-ਕੁੱਚਲੇ ਲੋਕਾਂ ਨੂੰ ਆਪਣੀ ਹੋਂਦ-ਹਸਤੀ ਦਾ ਅਹਿਸਾਸ ਕਰਵਾਉਣ ਦਾ ਕ੍ਰਾਂਤੀਕਾਰੀ ਕੰਮ ਕੀਤਾ। ਇਸ ਕਾਰਜ ਲਈ ਗੁਰੂ ਸਾਹਿਬਾਨ ਨੇ ਸਾਰੀ ਉਮਰ ਕਠਿਨ ਘਾਲਣਾ ਘਾਲੀ। ਵੈਸਾਖੀ ਦੇ ਦਿਹਾੜੇ ਨੂੰ ਮਨਾਉਣ ਲਈ ਸਭ ਤੋਂ ਪਹਿਲਾਂ ਸਿੱਖਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਪ੍ਰੇਰਨਾ ਕੀਤੀ। ਗੁਰੂ ਜੀ ਨੇ ਭਾਈ ਪਾਰੋ ਜੁਲਕਾ ਨੂੰ ਵੈਸਾਖੀ ਦਾ ਪੁਰਬ ਮਨਾਉਣ ਦਾ ਹੁਕਮ ਕਰ ਕੇ ਸੰਗਤਾਂ ਨੂੰ ਇਕੱਠਿਆਂ ਕੀਤਾ। ਵੈਸਾਖੀ ਮੌਕੇ ਇਕੱਤਰ ਹੋਈਆਂ ਸੰਗਤਾਂ ਨੂੰ ਸਾਰੇ ਕਰਮਕਾਂਡ ਛੱਡ ਕੇ ਇੱਕ ਅਕਾਲ ਪੁਰਖ ਦੇ ਨਾਮ ਸਿਮਰਨ, ਹੱਥੀਂ ਕਿਰਤ ਕਰਨ ਅਤੇ ਵੰਡ ਕੇ ਛਕਣ ਦੇ ਸਿਧਾਂਤ 'ਤੇ ਡੱਟ ਕੇ ਪਹਿਰਾ ਦੇਣ ਦੀ ਪ੍ਰੇਰਨਾ ਕੀਤੀ।*

*ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖਾਂ ਨੂੰ ਸ਼ਸਤਰਧਾਰੀ ਹੋਣ ਦੀ ਪ੍ਰੇਰਨਾ ਕੀਤੀ। ਹਾਕਮ ਜੋ ਜ਼ਾਲਮਾਂ ਦਾ ਰੂਪ ਧਾਰਨ ਕਰ ਗਏ ਸਨ ਉਨ੍ਹਾਂ ਤੋਂ ਰਾਖੀ ਲਈ ਸ਼ਸਤਰਾਂ ਦੀ ਹੀ ਜ਼ਰੂਰਤ ਸੀ। ਸੰਗਤਾਂ ਗੁਰੂ ਦੇ ਓਟ ਆਸਰੇ ਵਿਚ ਵਧੀਆ ਸ਼ਸਤਰ ਤੇ ਘੋੜੇ ਲੈ ਕੇ ਪੁੱਜਣ ਲੱਗ ਪਈਆਂ। ਸੱਚ 'ਤੇ ਮਰ ਮਿਟਣ ਵਾਲੇ ਸੂਰਮਿਆਂ ਦੀਆਂ ਤਿਆਰੀਆਂ ਦੇਖ-ਸੁਣ ਕੇ ਪਾਪੀਆਂ ਦੇ ਹਿਰਦੇ ਕੰਬਣ ਲੱਗੇ। ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਪ੍ਰੰਪਰਾ ਨੂੰ ਅੱਗੇ ਤੋਰਦਿਆਂ ਵੈਸਾਖੀ ਵਾਲੇ ਦਿਨ ਸ਼ਸਤਰਾਂ ਨੂੰ ਸਿੱਖੀ ਦਾ ਜ਼ਰੂਰੀ ਅੰਗ ਬਣਾ ਦਿੱਤਾ। ਗੁਰੂ ਜੀ ਨੇ ਭਰੇ ਦੀਵਾਨ ਵਿੱਚੋਂ ਪੰਜ ਸਿਰਾਂ ਦੀ ਮੰਗ ਕੀਤੀ। ਬਿਨਾਂ ਕਿਸੇ ਜਾਤ-ਪਾਤ, ਊਚ-ਨੀਚ ਦੇ ਭੇਦ ਤੋਂ ਪੰਜ ਸਿਰ ਪੇਸ਼ ਹੋਏ। ਇਨ੍ਹਾਂ ਪੰਜਾਂ ਮਰਜੀਵੜਿਆਂ ਨਾਲ ਖਾਲਸਾ ਪੰਥ ਦਾ ਜਨਮ ਹੋਇਆ ਜੋ ਹਰ ਵੱਡੀ ਤੋਂ ਵੱਡੀ ਮੁਸੀਬਤ ਅੱਗੇ ਹਿੱਕ ਡਾਹ ਸਕਦਾ ਹੈ। ਗੁਰੂ ਸਾਹਿਬਾਨ ਤੋਂ ਪ੍ਰਾਪਤ ਸਿੱਖਿਆ ਅਤੇ ਹੱਕ-ਸੱਚ ਲਈ ਮਰ ਮਿਟਣ ਦੀ ਪ੍ਰੇਰਨਾ ਕਾਰਨ ਇਹ ਖਾਲਸਾ ਪੰਥ ਨੇ ਵੱਡੀ ਤੋਂ ਵੱਡੀ ਕੁਰਬਾਨੀ ਦਿੱਤੀ। ਗੁਰੂ ਸਾਹਿਬ ਨੇ ਇਸ ਪੰਥ ਵਿਚ ਸ਼ਾਮਿਲ ਹੋ ਕੇ ਆਪਣਾ ਸਰਬੰਸ ਵਾਰ ਦਿੱਤਾ। ਇਹ ਖਾਲਸਾ ਪੰਥ ਇਨਕਲਾਬੀ ਗਤੀਵਿਧੀਆਂ ਦਾ ਸ਼ਾਹ-ਸਵਾਰ ਸਿੱਧ ਹੋਇਆ। ਇਸ ਨੇ ਭਾਰਤੀ ਸਮਾਜ ਨੂੰ ਚਿੰਬੜੀ ਸਦੀਆਂ ਪੁਰਾਣੀ ਗ਼ੁਲਾਮੀ ਦਾ ਜੂਲ਼ਾ ਗਲ 'ਚੋਂ ਲਾਹ ਕੇ ਵਗਾਹ ਮਾਰਿਆ।*

*ਵੈਸਾਖੀ ਤੇ ਦੀਵਾਲੀ (ਬੰਦੀ ਛੋੜ ਦਿਵਸ) ਖਾਲਸੇ ਦੀ ਇਕੱਤਰਤਾ ਦੇ ਦੋ ਮਹਾਨ ਦਿਹਾੜੇ ਬਣ ਗਏ। ਇਨ੍ਹਾਂ ਦਿਹਾੜਿਆਂ 'ਤੇ ਖਾਲਸਾ ਪੰਥ ਆਪਣੀਆਂ ਕੀਤੀਆਂ ਭੁੱਲਾਂ ਅਤੇ ਆਉਣ ਵਾਲੇ ਸਮੇਂ 'ਤੇ ਅਹਿਮ ਵਿਚਾਰਾਂ ਕਰਦਾ। ਆਪਸੀ ਭੇਦ-ਭਾਵ ਭੁਲਾ ਦਿੰਦਾ। ਸੰਨ ੧੭੩੩ ਈ: ਦੀ ਵੈਸਾਖੀ ਨੂੰ ਜ਼ਕਰੀਆ ਖਾਨ ਨੇ ਖਾਲਸੇ ਦੀ ਚੜ੍ਹਤ ਅੱਗੇ ਗੋਡੇ ਟੇਕਦਿਆਂ ਗੁਰੂ-ਪੰਥ ਨੂੰ ਨਵਾਬੀ ਦੀ ਪੇਸ਼ਕਸ਼ ਕੀਤੀ। ਜਿਸ ਨੂੰ ਖਾਲਸਾ ਪੰਥ ਨੇ ਅਹਿਮ ਵਿਚਾਰਾਂ ਕਰਕੇ ਕਬੂਲ ਕੀਤਾ ਸੀ। ੧੭੪੭ ਈ: ਵਿਚ ਵੈਸਾਖੀ ਦੇ ਦਿਹਾੜੇ 'ਤੇ ਹੀ ਇਕੱਤਰਤ ਖਾਲਸਾ ਪੰਥ ਨੇ ਰਾਮਰੌਣੀ ਦੀ ਕੱਚੀ ਗੜ੍ਹੀ ਬਣਾਉਣ ਲਈ ਸਹਿਮਤੀ ਪ੍ਰਗਟ ਕੀਤੀ ਸੀ। ਇਹ ਗੜ੍ਹੀ ਸਿੱਖਾਂ ਲਈ ਕਈ ਵਾਰ ਪਨਾਹ ਦਾ ਸਥਾਨ ਸਿੱਧ ਹੋਈ। ੧੭੪੮ ਈ: ਵਿਚ ਪੰਥ ਖਾਲਸਾ ਨਾਂ ਦੀ ਜਥੇਬੰਦੀ ਵੀ ਵੈਸਾਖੀ ਦੇ ਦਿਹਾੜੇ 'ਤੇ ਹੀ ਤਿਆਰ ਕੀਤੀ ਗਈ। ਇਹ ਜਥੇਬੰਦੀ ਹੀ ਆਪਣੀ ਬਹਾਦਰੀ ਨਾਲ ਜ਼ਾਲਮਾਂ ਨੂੰ ਸੋਧਦੀ ਹੋਈ ਸਿੱਖ ਰਾਜ ਦੀ ਸਥਾਪਨਾ ਹਿਤ ਬੁਲੰਦੀਆਂ ਤਕ ਪਹੁੰਚੀ।*

*ਅੰਗਰੇਜ਼ੀ ਰਾਜ ਪੰਜਾਬੀਆਂ ਲਈ ਫੇਰ ਤੋਂ ਸੰਘਰਸ਼ ਦਾ ਕਾਰਨ ਬਣਿਆ। ਅੰਗਰੇਜ਼ਾਂ ਨੂੰ ਭਾਰਤ ਦੀ ਧਰਤੀ ਤੋਂ ਉਖੇੜਣ ਲਈ ਫੇਰ ੧੯੧੯ ਈ: ਦੀ ਵੈਸਾਖੀ ਨੂੰ ਜਲ੍ਹਿਆਂ ਵਾਲੇ ਬਾਗ ਵਿਚ ਜਲਸਾ ਕੀਤਾ ਗਿਆ। ਨਿਹੱਥੇ ਪੰਜਾਬੀਆਂ 'ਤੇ*

*ਅੰਗਰੇਜ਼ ਜਨਰਲ ਓਡਵਾਇਰ ਨੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਹਜ਼ਾਰਾਂ ਲੋਕ ਸ਼ਹਾਦਤ ਪ੍ਰਾਪਤ ਕਰ ਗਏ। ਇਸ ਘਟਨਾ ਤੋਂ ਪ੍ਰਭਾਵਿਤ ਹੋ ਕੇ ਆਪਣੇ ਦੇਸ਼ ਲਈ ਮਰ-ਮਿਟਣ ਵਾਲੇ ਦੇਸ਼-ਭਗਤਾਂ ਨੇ ਹਥਿਆਰ ਚੁੱਕ ਲਏ ਅਤੇ ਕੁਰਬਾਨੀਆਂ ਪ੍ਰਾਪਤ ਕੀਤੀਆਂ। ਇਨ੍ਹਾਂ ਦੇ ਜੋਸ਼ ਨੇ ਅੰਗਰੇਜ਼ਾਂ ਨੂੰ ਭਾਰਤ ਛੱਡ ਕੇ ਜਾਣ ਲਈ ਮਜ਼ਬੂਰ ਕਰ ਦਿੱਤਾ।*

*ਗੁਰੂ ਡੰਮ੍ਹ ਦੀ ਆੜ ਵਿਚ ਭੂਤਰੇ ਹੋਏ ਨਕਲੀ ਨਿਰੰਕਾਰੀਆਂ ਨੇ ਖਾਲਸਾ ਪੰਥ ਨੂੰ ਚੁਣੌਤੀ ਦੇਣ ਲਈ ਵੈਸਾਖੀ ਦਾ ਦਿਹਾੜਾ ਹੀ ਚੁਣਿਆ। ਇਨ੍ਹਾਂ ਨੇ ੧੯੭੮ ਈ: ਦੀ ਵੈਸਾਖੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ੧੩ ਸਿੰਘ ਸ਼ਹੀਦ ਕਰ ਦਿੱਤੇ ਗਏ। ਸਿੰਘਾਂ ਦੇ ਜੋਸ਼ ਨੇ ਅਜਿਹੇ ਅਨਸਰਾਂ ਨੂੰ ਮਿੱਟੀ ਵਿਚ ਮਿਲਾ ਦਿੱਤਾ ਤਾਂ ਜੋ ਅੱਗੇ ਤੋਂ ਅਜਿਹੀਆਂ ਹਰਕਤਾਂ ਕਰਨ ਦੀ ਕੋਈ ਹਿੰਮਤ ਨਾ ਕਰੇ। ਪੰਥ ਵਿਚ ਫੁੱਟ ਪਾਉਣ ਵਾਲਿਆਂ ਦੀਆਂ ਸਾਜਸ਼ਾਂ ਧਰੀਆਂ-ਧਰਾਈਆਂ ਰਹਿ ਗਈਆਂ।*

*ਸੰਨ ੧੯੯੯ ਈ: ਨੂੰ ਖਾਲਸਾ ਪੰਥ ਦਾ ੩੦੦ ਸਾਲਾ ਸਿਰਜਣਾ ਦਿਹਾੜਾ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਵੈਸਾਖੀ ਵਾਲੇ ਦਿਨ ਮਨਾਇਆ ਗਿਆ। ਇਸ ਮੌਕੇ 'ਤੇ ਸਿੱਖ ਵਿਰਾਸਤੀ ਅਜਾਇਬ ਘਰ ਬਣਾਉਣ ਦੀ ਯੋਜਨਾ ਉਲੀਕੀ ਗਈ। ਇਹ ਅਜੂਬਾ ਪਿਛਲੇ ਸਾਲ ੨੦੧੧ ਈ: ਵਿਚ ਤਿਆਰ ਹੋ ਕੇ ਸੰਗਤਾਂ ਨੂੰ ਸਮਰਪਿਤ ਹੋ ਚੁੱਕਾ ਹੈ। ਜੋ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਖਾਲਸਾ ਪੰਥ ਦੀ ਚੜ੍ਹਦੀ ਕਲਾ ਦਰਸਾਉਂਦਾ ਰਹੇਗਾ।*

*ਅੱਜ ਸਾਨੂੰ ਵੈਸਾਖੀ ਦੇ ਦਿਹਾੜੇ 'ਤੇ ਅੰਦਰ ਝਾਤ ਮਾਰਨ ਦੀ ਲੋੜ ਹੈ। ਨਵੀਆਂ ਯੋਜਨਾਵਾਂ ਉਲੀਕਣ ਦੀ ਲੋੜ ਹੈ। ਅਸੀਂ ਆਪਣੀ ਵਿਚਾਰਧਾਰਾ ਨੂੰ ਵਿਸ਼ਵ ਪੱਧਰ 'ਤੇ ਪ੍ਰਚਾਰਨਾ ਹੈ। ਪੰਥ ਵਿਰੋਧੀਆਂ ਵੱਲੋਂ ਨਿਤ ਪ੍ਰਤੀ ਉਲੀਕੀਆਂ ਜਾ ਰਹੀਆਂ ਸਾਜ਼ਸ਼ਾਂ ਦਾ ਮੁਕਾਬਲਾ ਕਰਨਾ ਹੈ। ਆਪਣੇ ਵੱਖਰੇ ਸਰੂਪ ਦੀ ਹੋਂਦ-ਹਸਤੀ ਨੂੰ ਕਾਇਮ ਰੱਖਣਾ ਹੈ। ਸਾਡਾ ਉੱਚ ਪੱਧਰਾ ਫ਼ਲਸਫ਼ਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਸਾਂਭ-ਸੰਭਾਲ ਪ੍ਰਤੀ ਹੋ ਰਹੇ ਹਮਲਿਆਂ ਦਾ ਮੁਕਾਬਲਾ ਕਰਨਾ ਹੈ। ਗੁਰਬਾਣੀ ਦੇ ਮਨ-ਮਰਜ਼ੀ ਦੇ ਅਰਥ ਕਰਕੇ ਦੇਹਧਾਰੀ ਗੁਰੂ ਡੰਮ ਦਾ ਪ੍ਰਚਾਰ ਕਰਨ ਵਾਲਿਆਂ ਵਿਰੁੱਧ ਲਾਮਬੰਦ ਹੋਣਾ ਹੈ। ਇਨ੍ਹਾਂ ਸਮੱਸਿਆਵਾਂ ਦੇ ਹੱਲ ਲੱਭਣ ਲਈ ਖਾਲਸਾ ਪੰਥ ਨੂੰ ਸਿਰ ਜੋੜ ਕੇ ਬੈਠਣਾ ਹੀ ਪਵੇਗਾ। ਸਾਨੂੰ ਆਪਣੇ ਅਮੀਰ ਸਭਿਆਚਾਰ ਅਤੇ ਫ਼ਲਸਫ਼ੇ 'ਤੇ ਡੱਟ ਕੇ ਪਹਿਰਾ ਦੇਣ ਲਈ ਅਗਾਊਂ ਯੋਜਨਾਵਾਂ ਉਲੀਕਣੀਆਂ ਹੀ ਪੈਣਗੀਆਂ। ਇਸ ਪ੍ਰਤੀ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈ ਕੇ ਭਵਿੱਖ ਵਿਚ ਨਸ਼ਾ ਵਿਰੋਧੀ, ਮਾਦਾ ਭਰੂਣ ਹੱਤਿਆ, ਪਤਿਤਪੁਣਾ ਅਤੇ ਭ੍ਰਿਸ਼ਟਾਚਾਰ ਆਦਿ ਲਈ ਗੁਰਮਤਿ ਅਨੁਸਾਰ ਲਾਮਬੰਦ ਹੋਣਾ ਪਵੇਗਾ।*

■

# ਵੈਸਾਖੀ ਦੇ ਦਿਨ ਦਾ ਮਹੱਤਵ ਅਤੇ ਪਿਛੋਕੜ

*-ਸ. ਸੁਖਦੇਵ ਸਿੰਘ ਸ਼ਾਂਤ**

੧੬੯੯ ਈ: ਭਾਵ ਸੰਮਤ ੧੭੫੬ ਬਿਕ੍ਰਮੀ ਤੋਂ ਪਹਿਲਾਂ ਪੁਰਾਣੇ ਸਮਿਆਂ ਤੋਂ ਹੀ ਵੈਸਾਖੀ ਦੇ ਦਿਨ ਨੂੰ ਮਨਾਉਣ ਅਤੇ ਮੰਨਣ ਦੀ ਪਰੰਪਰਾ ਚਲੀ ਆ ਰਹੀ ਸੀ। ਇਹ ਦਿਨ ਸੂਰਜ ਮਹੀਨੇ ਦਾ ਪਹਿਲਾ ਦਿਨ ਸੰਗਰਾਂਦ ਦਾ ਦਿਨ ਹੋਣ ਕਰਕੇ ਲੋਕ ਇਸ ਨੂੰ ਪਵਿੱਤਰ ਦਿਨ ਮੰਨਦੇ ਆ ਰਹੇ ਸਨ। ਇਸ ਤੋਂ ਇਲਾਵਾ ਵੈਸਾਖ ਮਹੀਨੇ ਵਿਚ ਫਸਲ ਪੱਕਣ ਅਤੇ ਨਵੇਂ ਅਨਾਜ ਦੀ ਆਮਦ ਦੀ ਖੁਸ਼ੀ ਵਿਚ ਵੈਸਾਖੀ ਦਾ ਦਿਨ ਧੂਮ-ਧਾਮ ਨਾਲ ਮਨਾਇਆ ਜਾਂਦਾ ਸੀ। ਮੇਲੇ ਦੇ ਰੂਪ ਵਿਚ ਲੋਕ ਥਾਂ-ਥਾਂ ਇਕੱਠੇ ਹੁੰਦੇ ਸਨ। ਤੀਰਥਾਂ 'ਤੇ ਇਸ ਦਿਨ ਭਾਰੀ ਰੌਣਕਾਂ ਹੁੰਦੀਆਂ ਸਨ।

ਇਸ ਦਿਨ ਦੇ ਮਹੱਤਵ ਨੂੰ ਦੇਖਦੇ ਹੋਏ 'ਗੁਰਦਰਸ਼ਨ ਲਈ ਵੈਸਾਖੀ ਦੇ ਦਿਨ ਦੇਸ਼-ਦੇਸ਼ਾਂਤਰਾਂ ਦੀ ਸੰਗਤਿ ਦਾ ਏਕਤ੍ਰ ਹੋਣਾ, ਅਰਥਾਤ ਵੈਸਾਖੀ ਦਾ ਮੇਲਾ, ਸਭ ਤੋਂ ਪਹਿਲਾਂ ਡੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਗੁਰੂ ਅਮਰ ਦੇਵ (ਸ੍ਰੀ ਗੁਰੂ ਅਮਰਦਾਸ ਜੀ) ਦੀ ਆਗਯਾ ਨਾਲ ਕਾਇਮ ਕੀਤਾ ਸੀ।' (ਮਹਾਨ ਕੋਸ਼ ਰਚਿਤ ਭਾਈ ਕਾਨ੍ਹ ਸਿੰਘ ਨਾਭਾ)

ਭਾਈ ਗੁਰਦਾਸ ਜੀ ਦੀ ਰਚਨਾ ਵਿਚ ਵੀ ਵੈਸਾਖੀ ਦਾ ਜ਼ਿਕਰ ਮਿਲਦਾ ਹੈ। ਆਪ ਲਿਖਦੇ ਹਨ:

*ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।* *(ਵਾਰ ੧:੨੭)*

'ਵਿਸੋਆ' ਤੋਂ ਭਾਵ ਵੈਸਾਖੀ ਹੈ। ਇਸੇ ਆਧਾਰ 'ਤੇ ਬਹੁਤ ਸਾਰੇ ਵਿਦਵਾਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਦਿਵਸ ਵੈਸਾਖੀ ਨੂੰ ਹੀ ਮੰਨਦੇ ਹਨ। ਸ਼ਾਇਦ ਇਸ ਕਰਕੇ ਵੀ ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਦਿਹਾੜੇ ਨੂੰ ਮਨਾਉਣ ਦੀ ਪਰੰਪਰਾ ਸ਼ੁਰੂ ਕਰਵਾਈ ਹੋਵੇ ਅਤੇ ਖਾਲਸਾ ਪੰਥ ਦੀ ਸਾਜਨਾ ਲਈ ਇਸੇ ਕਰਕੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਦੀ ਚੋਣ ਕੀਤੀ ਹੋਵੇ।

ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਵੈਸਾਖੀ ਦਾ ਦਿਨ ਧਾਰਮਿਕ ਅਤੇ ਆਰਥਿਕ ਤੌਰ 'ਤੇ ਭਾਰਤ-ਵਰਸ਼ ਲਈ ਆਮ ਕਰਕੇ ਅਤੇ ਪੰਜਾਬ ਲਈ ਖਾਸ ਕਰਕੇ ਪਹਿਲਾਂ ਤੋਂ ਹੀ ਪਵਿੱਤਰ ਅਤੇ ਮਹੱਤਵਪੂਰਨ ਸੀ। ਇਸੇ ਕਰਕੇ ਹੀ ਸੰਮਤ ੧੭੫੬ ਦੀ ਵੈਸਾਖੀ ਵਾਲੇ ਦਿਨ ਭਾਵ ੧੬੯੯ ਈ: ਵਿਚ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸੰਗਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਲਈ ਦੂਰੋਂ-ਦੂਰੋਂ ਪਹੁੰਚੀਆਂ ਹੋਈਆਂ ਸਨ ਅਤੇ ਇਸੇ ਦਿਨ ਹੀ ਗੁਰੂ ਜੀ ਨੇ ਖਾਲਸਾ-ਪੰਥ ਦੀ ਸਾਜਨਾ ਕਰਨ ਦੇ

** # ੩੬-ਬੀ, ਰਤਨ ਨਗਰ, ਪਟਿਆਲਾ। ਮੋ: ੯੮੫੫੧-੭੦੨੫੪*

ਪਵਿੱਤਰ ਕਾਰਜ ਨੂੰ ਕਰਨਾ ਯੋਗ ਸਮਝਿਆ।

**੧੭੫੬ ਬਿਕ੍ਰਮੀ, ੧੬੯੯ ਈ: ਦੀ ਵੈਸਾਖੀ ਦੇ ਚਮਤਕਾਰ ਦਾ ਪਿਛੋਕੜ:**

੧੬੯੯ ਈ: ਦੀ ਵੈਸਾਖੀ ਵਾਲੇ ਦਿਨ ਦਸਮੇਸ਼ ਪਿਤਾ ਜੀ ਨੇ ਇਕ ਅਨੋਖਾ ਚਮਤਕਾਰ ਵਰਤਾਇਆ ਜਿਸ ਦੇ ਰਹੱਸ ਨੂੰ ਸਦਾ ਲਈ ਆਪ ਜੀ ਨੇ ਰਹੱਸ ਹੀ ਰਹਿਣ ਦਿੱਤਾ। ਜੋ ਸੰਗਤਾਂ ਦੇ ਸਾਹਮਣੇ ਆਇਆ ਉਹ ਇਹ ਸੀ ਕਿ ਗੁਰੂ ਜੀ ਨੇ ਪੰਜ ਵਾਰ ਇੱਕ-ਇੱਕ ਸਿਰ ਦੀ ਮੰਗ ਕੀਤੀ। ਨੰਗੀ ਕਿਰਪਾਨ ਆਪ ਜੀ ਦੇ ਹੱਥਾਂ ਵਿਚ ਸੀ। ਪੰਜ ਸਿੱਖ ਵਾਰੀ-ਵਾਰੀ ਸੀਸ ਭੇਟ ਕਰਨ ਲਈ ਉੱਠੇ। ਦ੍ਰਿੜ੍ਹਤਾ, ਵਿਸ਼ਵਾਸ ਅਤੇ ਬੀਰਤਾ ਦੇ ਅਨੋਖੇ ਇਮਤਿਹਾਨ ਵਿੱਚੋਂ ਪਾਸ ਹੋ ਕੇ ਉਹ ਪੰਜ ਪਿਆਰੇ ਅਖਵਾਏ। ਇਹ ਪੰਜ ਪਿਆਰੇ ਸਨ— ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ ਅਤੇ ਭਾਈ ਸਾਹਿਬ ਸਿੰਘ ਜੀ। ਇਨ੍ਹਾਂ ਪੰਜਾਂ ਸਿੰਘਾਂ ਨੂੰ ਗੁਰੂ ਜੀ ਨੇ ਖੰਡੇ-ਬਾਟੇ ਦੀ ਪਾਹੁਲ ਦਿੱਤੀ। ਇਸ ਤੋਂ ਅਗਲਾ ਚਮਤਕਾਰ ਇਹ ਸੀ ਕਿ ਗੁਰੂ ਜੀ ਨੇ ਖੁਦ ਇਨ੍ਹਾਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਮੰਗੀ। ਪੰਜ ਪਿਆਰਿਆਂ ਦੇ ਰੂਪ ਵਿਚ ਸਾਜੇ ਗਏ ਪੰਥ ਨੂੰ ਗੁਰੂ ਦਾ ਦਰਜਾ ਦੇ ਕੇ ਆਪ ਚੇਲੇ ਬਣੇ। ਇਸ ਤਰ੍ਹਾਂ ਇੱਕੋ ਸਮੇਂ ਆਪ ਨੇ ਗੁਰੂ ਅਤੇ ਚੇਲਾ ਦੋਵੇਂ ਅਵਸਥਾਵਾਂ ਗ੍ਰਹਿਣ ਕੀਤੀਆਂ। ਭਾਈ ਗੁਰਦਾਸ ਦੂਜੇ ਨੇ ਆਪ ਜੀ ਬਾਰੇ ਲਿਖਿਆ:

*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥* *(ਵਾਰ ੪੧:੧)*

ਖਾਲਸਾ ਪੰਥ ਸਾਜ ਕੇ ਖਾਲਸੇ ਦੀ ਰਹਿਤ ਸਬੰਧੀ ਵੀ ਫ਼ਰਮਾਨ ਜਾਰੀ ਕੀਤੇ।

ਪਿੱਛੇ ਅਸੀਂ ਦੇਖਿਆ ਹੈ ਕਿ ਦਸਮੇਸ਼ ਪਿਤਾ ਜੀ ਵੱਲੋਂ ਵੈਸਾਖੀ ਦੇ ਦਿਨ ਦੀ ਚੋਣ ਇਕ ਸੋਚੀ-ਸਮਝੀ ਚੋਣ ਸੀ ਅਤੇ ਗੁਰ-ਇਤਿਹਾਸ ਵਿਚ ਇਸ ਦਿਨ ਦਾ ਬਾਕਾਇਦਾ ਪਿਛੋਕੜ ਅਤੇ ਮਹੱਤਵ ਸੀ। ਇਸੇ ਤਰ੍ਹਾਂ ਗੁਰੂ ਜੀ ਦੁਆਰਾ ਸੀਸ ਮੰਗਣਾ, ਪੰਜ ਪਿਆਰੇ ਚੁਣਨਾ, ਖੰਡੇ ਦੀ ਪਾਹੁਲ ਦੇਣਾ, ਆਪੇ ਗੁਰ ਚੇਲਾ ਬਣਨਾ, ਰਹਿਤ ਮਰਯਾਦਾ ਦਾ ਐਲਾਨ ਕਰਨਾ ਆਦਿ ਕਿਰਿਆਵਾਂ ਦਾ ਬਾਕਾਇਦਾ ਪਿਛੋਕੜ ਮੌਜੂਦ ਸੀ। ਇਨ੍ਹਾਂ ਸਾਰੀਆਂ ਕਿਰਿਆਵਾਂ ਦੀ ਜੜ੍ਹ ਪਹਿਲਾਂ ਤੋਂ ਹੀ ਲੱਗੀ ਹੋਈ ਸੀ। ਖਾਲਸਾ-ਪੰਥ ਰੂਪੀ ਬੂਟੇ ਦਾ ਬੀਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੱਥੀਂ ਬੀਜਿਆ ਗਿਆ ਸੀ। ਦਸਮੇਸ਼ ਪਿਤਾ ਜੀ ਦੇ ਹੱਥ ਵਿਚ ਫੜੀ ਤੇਗ ਦਾ ਲੋਹਾ ਸ੍ਰੀ ਗੁਰੂ ਨਾਨਕ ਦੇਵ ਜੀ ਖੁਦ ਤਿਆਰ ਕਰ ਗਏ ਸਨ। ਜੇਕਰ ਪ੍ਰਸਿੱਧ ਇਤਿਹਾਸਕਾਰ ਗੋਕਲ ਚੰਦ ਨਾਰੰਗ ਖਾਲਸਾ ਪੰਥ ਸਾਜਣ ਦੀ ਕਿਰਿਆ ਨੂੰ ਪਰਿਵਰਤਨ ਜਾਂ ਰੂਪਾਂਤਰਣ (Transformation) ਅਤੇ ਇੰਦੂ-ਭੂਸ਼ਨ ਬੈਨਰਜੀ ਇਸ ਕਿਰਿਆ ਨੂੰ ਵਿਕਾਸ (Evolution) ਆਖਦੇ ਹਨ ਤਾਂ ਉਹ ਇਹ ਗੱਲ ਐਵੇਂ ਨਹੀਂ ਆਖਦੇ। ਇਨ੍ਹਾਂ ਵਿਦਵਾਨਾਂ ਦੇ ਇਨ੍ਹਾਂ ਦੋ ਸ਼ਬਦਾਂ ਵਿਚ ਡੂੰਘੀ ਫ਼ਿਲਾਸਫ਼ੀ ਛੁਪੀ ਹੋਈ ਹੈ। ਪਰਿਵਰਤਨ ਜਾਂ ਰੂਪਾਂਤਰਣ ਤੋਂ ਭਾਵ ਇਹੀ ਹੈ ਕਿ ਇਸ ਕਿਰਿਆ ਦਾ ਬੀਜ ਅਤੇ ਪਿਛੋਕੜ ਮੌਜੂਦ ਹੈ, ਇਸ ਨੂੰ ਲੱਗੇ ਫਲਾਂ ਅਤੇ ਫੁੱਲਾਂ ਨੇ ਆਪਣੀ ਰੰਗਤ

ਬਦਲੀ ਹੈ। ਇਸੇ ਤਰ੍ਹਾਂ 'ਵਿਕਾਸ' ਸ਼ਬਦ ਵੀ ਪਰੰਪਰਾ, ਇਤਿਹਾਸ ਅਤੇ ਜੜ੍ਹ ਨੂੰ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ।

ਹੁਣ ਅਸੀਂ ਵਾਰੀ-ਵਾਰੀ ਉਪਰੋਕਤ ਕਿਰਿਆਵਾਂ ਦੀ ਜੜ੍ਹ ਨੂੰ ਸਮਝਣ ਅਤੇ ਜਾਣਨ ਦਾ ਯਤਨ ਕਰਾਂਗੇ।

**(ੳ) ਸੀਸ-ਮੰਗਣਾ**: ਸੀਸ ਮੰਗਣ ਦੀ ਕਿਰਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਸ਼ੁਰੂ ਕਰ ਦਿੱਤੀ ਸੀ ਆਪ ਨੇ ਫੁਰਮਾਇਆ :

*ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥* *(ਪੰਨਾ ੧੪੧੨)*

ਸਿਰ ਮਾਨ, ਸਨਮਾਨ ਅਤੇ ਗਿਆਨ ਦਾ ਸੂਚਕ ਹੈ। ਸਿਰ ਝੁਕਾਉਣਾ ਜਾਂ ਸਿਰ ਦੇਣਾ ਕੋਈ ਮਾੜੀ-ਮੋਟੀ ਗੱਲ ਨਹੀਂ ਹੈ। ਸਿਰ ਜਾਂ ਤਾਂ ਕੁਰਬਾਨੀ ਲਈ ਦਿੱਤਾ ਜਾਂਦਾ ਹੈ ਜਾਂ ਸਮਰਪਣ ਲਈ। ਸਿਰ ਨੂੰ ਸੀਸ ਵੀ ਆਖਿਆ ਜਾਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਿਰ ਭਾਵ ਸਿਰੜ ਦੇ ਬਦਲੇ ਸੀਸ ਭੇਟ ਕੀਤਾ। ਆਪ ਜੀ ਦੀ ਇਹ ਕਿਰਿਆ ਕੁਰਬਾਨੀ ਦੀ ਕਿਰਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਉਪਦੇਸ਼ ਕਰਦੇ ਹਨ ਕਿ ਜੇਕਰ ਗੁਰਸਿੱਖੀ ਦੇ ਰਸਤੇ 'ਤੇ ਪੈਰ ਰੱਖਣਾ ਹੈ ਤਾਂ ਸਿਰ ਦੇਣ ਤੋਂ ਢਿੱਲ ਨਹੀਂ ਕਰਨੀ। ਜੇਕਰ ਗੁਰਸਿੱਖੀ ਦੇ ਪ੍ਰੇਮ ਦੀ ਖੇਡ-ਖੇਡਣੀ ਹੈ ਤਾਂ ਸਿਰ ਤਲੀ 'ਤੇ ਰੱਖ ਕੇ ਇਸ ਪ੍ਰੇਮ ਦੀ ਗਲੀ ਆਉਣਾ ਪਵੇਗਾ।

ਦਸਮੇਸ਼ ਪਿਤਾ ਜੀ ਨੇ ਇਸੇ ਪਵਿੱਤਰ ਫੁਰਮਾਨ ਨੂੰ ਅਮਲੀ ਰੂਪ ਦਿੰਦੇ ਹੋਏ ਪੰਜ ਸਿਰਾਂ ਦੀ ਮੰਗ ਕੀਤੀ। ਆਪ ਜੀ ਇਸ ਮੰਗ ਰਾਹੀਂ ਆਪਣੇ ਸਿੱਖਾਂ ਦੇ ਪ੍ਰੇਮ, ਵਿਸ਼ਵਾਸ, ਦ੍ਰਿੜ੍ਹਤਾ ਅਤੇ ਬੀਰਤਾ ਦੀ ਪਰਖ ਕਰਨੀ ਚਾਹੁੰਦੇ ਸਨ। ਇਹ ਇਤਿਹਾਸ ਦਾ ਸੁਭਾਗ ਸੀ ਕਿ ਪੰਜ ਸਿੱਖ ਇਸ ਪ੍ਰੀਖਿਆ ਵਿੱਚੋਂ ਪੂਰੇ ਉੱਤਰੇ ਅਤੇ ਪੰਜ ਪਿਆਰੇ ਅਖਵਾਏ।

**(ਅ) ਪੰਜ ਪਿਆਰੇ ਚੁਣਨਾ :** ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਵਿਚ ਲਿਖਦੇ ਹਨ, "ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜ ਪਯਾਰੇ ਚੁਣੇ ਜਾਂਦੇ ਹਨ, ਪਰ ਇਤਿਹਾਸ ਵਿਚ ਸਾਰਿਆਂ ਦੇ ਨਾਮ ਨਹੀਂ ਲਿਖੇ, ਕੇਵਲ ਥੋੜੇ ਨਾਮ ਦਿੱਤੇ ਹਨ, ਜੇਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੰਜ ਪਯਾਰੇ-ਭਾਈ ਬਿਧੀ ਚੰਦ ਜੀ, ਭਾਈ ਜੇਠਾ ਜੀ, ਭਾਈ ਲੰਗਾਹ ਜੀ, ਭਾਈ ਪਿਰਾਣਾ ਜੀ ਅਤੇ ਭਾਈ ਪੈੜਾ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਆਤਮ ਗਯਾਨੀ ਪੰਜ ਪਯਾਰੇ-ਦੀਵਾਨ ਮਤੀਦਾਸ, ਭਾਈ ਗੁਰਦਿੱਤਾ, ਭਾਈ ਦਿਆਲਾ, ਭਾਈ ਊਦਾ ਅਤੇ ਭਾਈ ਜੈਤਾ।" ਭਾਈ ਸਾਹਿਬ ਨੇ ਜੋ ਤੱਥ ਲਿਖੇ ਹਨ ਉਸ ਤੋਂ ਜ਼ਾਹਰ ਹੈ ਕਿ ਪੰਜ ਪਿਆਰੇ ਚੁਣਨ ਦੀ ਪ੍ਰਥਾ ਦਸਮੇਸ਼ ਪਿਤਾ ਜੀ ਨੂੰ ਵਿਰਾਸਤ ਵਿੱਚੋਂ ਮਿਲੀ ਸੀ ਅਤੇ ਜੜ੍ਹ ਪਹਿਲਾਂ ਤੋਂ ਹੀ ਮੌਜੂਦ ਸੀ।

ਪੰਜ ਸਿੱਖਾਂ ਦੀ ਮਹੱਤਤਾ ਭਾਈ ਗੁਰਦਾਸ ਜੀ ਦੇ ਇਸ ਕਥਨ ਤੋਂ ਵੀ ਪ੍ਰਗਟ ਹੁੰਦੀ

ਹੈ :

*ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪ੍ਰਮੇਸਰੁ॥*

*(ਵਾਰ ੧੩:੧੯)*

ਪੰਜ ਗੁਰਮੁਖਾਂ ਦਾ ਦਰਜਾ ਸ਼ੁਰੂ ਤੋਂ ਹੀ ਗੁਰੂ-ਘਰ ਵਿਚ ਉੱਚਾ ਰਿਹਾ ਹੈ। 'ਪੰਜਾਂ ਵਿਚ ਪ੍ਰਮੇਸ਼ਵਰ' ਅਖਾਣ ਦੇ ਰੂਪ ਵਿਚ ਵੀ ਪੰਜਾਬੀ ਸਭਿਆਚਾਰ ਦਾ ਅੰਗ ਬਣ ਚੁੱਕਾ ਹੈ। 'ਪੰਚਾਇਤ ਸ਼ਬਦ ਵੀ ਪੰਚ ਜਾਂ ਪੰਜ ਸ਼ਬਦਾਂ ਨਾਲ ਸੰਬੰਧ ਰੱਖਦਾ ਹੈ। 'ਪੰਚਾਇਤ ਦੀ ਅਵਾਜ਼ ਨੂੰ ਰੱਬ ਦੀ ਅਵਾਜ਼ ਮੰਨਿਆ ਜਾਂਦਾ ਹੈ। 'ਜਪੁ' ਬਾਣੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ 'ਪੰਚ' ਸ਼ਬਦ ਦੀ ਮਹਿਮਾ ਕਰਦੇ ਹੋਏ ਫੁਰਮਾਉਂਦੇ ਹਨ :

*ਪੰਚ ਪਰਵਾਣ ਪੰਚ ਪਰਧਾਨੁ॥* *(ਪੰਨਾ ੩)*

ਮਾਰੂ ਸੋਲਹੇ ਵਿਚ ਆਪ ਜੀ ਦਾ ਫੁਰਮਾਨ ਹੈ :

*ਗੁਰਮਤਿ ਪੰਚ ਸਖੇ ਗੁਰ ਭਾਈ॥* *(ਪੰਨਾ ੧੦੪੧)*

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਸਾਜਿਆ ਸੀ ਤਾਂ ਉਨ੍ਹਾਂ ਨੂੰ ਆਪਸ ਵਿਚ ਗੁਰੂ ਭਾਈ ਹੋਣ ਦਾ ਵੀ ਦਰਜਾ ਦਿੱਤਾ ਸੀ। ਗੁਰੂ ਜੀ ਵੱਲੋਂ ਪੰਜ ਪਿਆਰੇ ਚੁਣਨ ਦੀ ਪ੍ਰਕਿਰਿਆ ਗੁਰੂ-ਘਰ ਦੀ ਚਲੀ ਆ ਰਹੀ ਮਰਯਾਦਾ ਦੇ ਅਨੁਕੂਲ ਸੀ ਅਤੇ ਆਪ ਗੁਰੂ-ਘਰ ਦੀ ਮਰਯਾਦਾ ਨੂੰ ਹੀ ਅੱਗੇ ਤੋਰ ਰਹੇ ਸਨ।

**(ੲ) ਅੰਮ੍ਰਿਤ ਛਕਾਉਣਾ :** 'ਅੰਮ੍ਰਿਤ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਇਸ ਦਾ ਅਰਥ ਉਸ ਪੀਣ ਵਾਲੇ ਪਦਾਰਥ ਤੋਂ ਹੈ ਜਿਸ ਦੇ ਪ੍ਰਭਾਵ ਨਾਲ ਮੌਤ ਨਹੀਂ ਹੁੰਦੀ। ਸੰਸਾਰ ਦੇ ਇਤਿਹਾਸ ਵਿਚ 'ਅੰਮ੍ਰਿਤ' ਦੀ ਇਕ ਪ੍ਰਪੱਕ ਪਰੰਪਰਾ ਹੈ। ਯੂਨਾਨ ਦੇ ਮਿਥਿਹਾਸ ਵਿਚ 'ਨੈਕਟਰ', ਈਸਾਈ ਧਰਮ ਵਿਚ ਜੀਵਨ ਜਲ ਜਾਂ ਬਪਤਿਸਮਾ, ਇਸਲਾਮ ਵਿਚ ਆਬਿ-ਹਯਾਤ, ਹਿੰਦੂ ਧਰਮ ਵਿਚ ਸੋਮ-ਰਸ ਜਾਂ ਮਿਊਖ ਆਦਿ ਦੀਆਂ ਮਿਸਾਲਾਂ ਇਸ ਪਰੰਪਰਾ ਦਾ ਹਿੱਸਾ ਹਨ।

ਉਪਰੋਕਤ ਪਰੰਪਰਾ ਧਰਮ ਜਾਂ ਗੁਰੂ ਧਾਰਨ ਲਈ ਜ਼ਰੂਰੀ ਮੰਨੀ ਜਾਂਦੀ ਹੈ। ਇਸ ਨੂੰ ਗੁਰ-ਦੀਖਿਆ ਵੀ ਆਖਿਆ ਜਾਂਦਾ ਹੈ। ਗੁਰ-ਇਤਿਹਾਸ ਵਿਚ ਦਸਮੇਸ਼ ਜੀ ਤੋਂ ਪਹਿਲਾਂ 'ਚਰਨ-ਪਾਹੁਲ' ਦੇਣ ਦੀ ਪ੍ਰਥਾ ਮੌਜੂਦ ਸੀ। ਭਾਈ ਗੁਰਦਾਸ ਜੀ ਇਸ ਪਰੰਪਰਾ ਦਾ ਵਰਣਨ ਕਰਦੇ ਹੋਏ ਲਿਖਦੇ ਹਨ :

*ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।*

*(ਵਾਰ ੧:੨੩)*

'ਅੰਮ੍ਰਿਤ' ਸ਼ਬਦ ਦੀ ਵਰਤੋਂ ਭਗਤ ਸਾਹਿਬਾਨ ਦੀ ਬਾਣੀ ਵਿਚ ਪ੍ਰਭੂ ਦੇ ਨਾਮ ਲਈ ਕੀਤੀ ਗਈ ਹੈ। ਗੁਰੂ ਸਾਹਿਬਾਨ ਵੱਲੋਂ ਰਚਿਤ ਬਾਣੀ ਵਿਚ ਵੀ 'ਅੰਮ੍ਰਿਤ' ਸ਼ਬਦ ਬਹੁਤ ਵਾਰ ਆਇਆ ਹੈ। ਹਰੀ ਦੇ ਨਾਮ ਨੂੰ ਹੀ ਅੰਮ੍ਰਿਤ ਆਖਿਆ ਗਿਆ ਹੈ। ਅੰਮ੍ਰਿਤ ਪੀਣ ਦਾ ਵੀ ਜ਼ਿਕਰ ਹੈ ਅਤੇ ਅੰਮ੍ਰਿਤ ਦੇ ਕੇਵਲ ਇਕ ਹੋਣ ਦਾ ਵੀ ਸਪਸ਼ਟ ਉਲੇਖ ਹੈ।

ਗੁਰਬਾਣੀ ਵਿਚ ਇਹ ਕਥਨ ਦਰਜ ਹਨ :

– *ਅੰਮ੍ਰਿਤੁ ਪੀਵੈ ਅਮਰੁ ਸੋ ਹੋਇ॥* *(ਪੰਨਾ ੨੮੭)*

– *ਅੰਮ੍ਰਿਤੁ ਹਰਿ ਹਰਿ ਨਾਮੁ ਹੈ॥* *(ਪੰਨਾ ੫੩੮)*

– *ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥* *(ਪੰਨਾ ੧੨੩੮)*

ਸ੍ਰੀ ਗੁਰੂ ਅਰਜਨ ਦੇਵ ਜੀ ਗੁਰ-ਦੀਖਿਆ ਦੀ ਮਹੱਤਤਾ ਦੱਸਦੇ ਹੋਏ ਫੁਰਮਾਉਂਦੇ ਹਨ :

*ਬਿਨੁ ਗੁਰ ਦੀਖਿਆ ਕੈਸੇ ਗਿਆਨੁ॥* *(ਪੰਨਾ ੧੧੪੦)*

ਗੁਰ-ਦੀਖਿਆ ਪ੍ਰਾਪਤ ਕਰ ਕੇ ਹੀ ਮਨੁੱਖ ਗੁਰੂ ਵਾਲਾ ਬਣਦਾ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਖੰਡੇ ਦੀ ਪਾਹੁਲ' ਦੇਣ ਦਾ ਜੋ ਫੈਸਲਾ ਕੀਤਾ ਉਹ ਅਸਲ ਵਿਚ ਗੁਰਬਾਣੀ ਵਿਚ ਦਰਸਾਏ 'ਅੰਮ੍ਰਿਤ' ਸ਼ਬਦ ਦੀ ਪਾਲਣਾ ਹੀ ਸੀ ਅਤੇ ਇਹ 'ਚਰਨ ਪਾਹੁਲ' ਤੋਂ ਵਿਕਸਿਤ ਹੋਇਆ ਰੂਪ ਸੀ। ਗੁਰ-ਦੀਖਿਆ ਦੇਣ ਦਾ ਨਿਵੇਕਲਾ ਵਿਚਾਰ ਸੰਸਾਰ ਸਾਹਮਣੇ ਪੇਸ਼ ਕੀਤਾ।

'ਖੰਡੇ ਦੀ ਪਾਹੁਲ' ਸਰਬ-ਲੋਹ ਦੇ ਬਾਟੇ ਵਿਚ ਨਿਰਮਲ ਜਲ ਪਾ ਕੇ ਅਤੇ ਉਸ ਵਿਚ ਪਤਾਸੇ ਪਾ ਕੇ ਤਿਆਰ ਕੀਤੀ ਜਾਂਦੀ ਹੈ। ਪੰਜ ਪਿਆਰੇ ਬੀਰ-ਆਸਣ ਲਗਾ ਕੇ ਬਾਣੀ ਪੜ੍ਹਦੇ ਹੋਏ ਇਹ ਪਾਹੁਲ ਤਿਆਰ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਇਹ ਪਾਹੁਲ ਤਿਆਰ ਹੁੰਦੀ ਹੈ।

ਦਸਮੇਸ਼ ਜੀ ਵੱਲੋਂ ਅੰਮ੍ਰਿਤ ਛਕਾਉਣ ਦੀ ਰਵਾਇਤ ਨਿਰਸੰਦੇਹ ਗੁਰਬਾਣੀ-ਪ੍ਰਧਾਨ ਹੈ। ਨਿਰਮਲ ਜਲ ਗੁਰਬਾਣੀ ਦੇ ਪ੍ਰਭਾਵ ਸਦਕਾ ਖੰਡੇ ਅਤੇ ਪਤਾਸਿਆਂ ਦੀ ਛੁਹ ਪਾ ਕੇ ਅੰਮ੍ਰਿਤ ਬਣ ਜਾਂਦਾ ਹੈ।

**(ਸ) ਆਪੇ ਗੁਰ ਚੇਲਾ ਬਣਨਾ :** ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਉਨ੍ਹਾਂ ਪਾਸੋਂ ਅੰਮ੍ਰਿਤ ਦੀ ਦਾਤ ਮੰਗੀ। ਇਸ ਤਰ੍ਹਾਂ ਆਪ ਆਪੇ ਹੀ ਗੁਰੂ ਅਤੇ ਆਪੇ ਹੀ ਚੇਲਾ ਬਣ ਗਏ।

'ਆਪੇ ਗੁਰ ਚੇਲਾ' ਬਣਨ ਦੀ ਪਵਿੱਤਰ ਘਟਨਾ ਦਾ ਆਧਾਰ ਪਹਿਲਾਂ ਤੋਂ ਹੀ ਗੁਰ-ਇਤਿਹਾਸ ਵਿਚ ਮੌਜੂਦ ਸੀ। ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਇਸ ਤੱਥ ਦੀ ਭਲੀ-ਭਾਂਤ ਪੁਸ਼ਟੀ ਹੁੰਦੀ ਹੈ। ਆਪ ਜੀ ਦਾ ਕਥਨ ਹੈ :

*ਗੁਰ ਚੇਲਾ ਚੇਲਾ ਗੁਰੂ ਬੇਧਿ ਹੀਰੈ ਹੀਰਾ॥* *(ਵਾਰ ੯:੮)*

ਗੁਰੂ ਚੇਲਾ ਹੋ ਜਾਵੇ ਅਤੇ ਚੇਲਾ ਗੁਰੂ ਹੋ ਜਾਵੇ; ਇਹ ਹੈ ਗੁਰੂ-ਚੇਲੇ ਦੀ ਮੁਹੱਬਤ ਦਾ ਚੋਜ ਪੀਰ-ਮੁਰੀਦ ਅਤੇ ਗੁਰੂ-ਚੇਲੇ ਦੇ ਸੰਬੰਧਾਂ ਵਿਚ ਕੋਈ ਅੰਤਰ ਹੀ ਨਾ ਰਹੇ, ਇਹ ਹੈ ਗੁਰੂ ਚੇਲੇ ਦੀ ਇਕਮਿਕਤਾ। ਹੀਰਾ ਜਦੋਂ ਹੀਰੇ ਨੂੰ ਵਿੰਨ੍ਹਦਾ ਹੈ ਤਾਂ ਉਸ ਦੀ ਕਣੀ ਦੀ ਅਣੀ ਹੀਰੇ ਵਿਚ ਜਾਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ-ਕਾਲ ਦੌਰਾਨ ਹੀ ਭਾਈ ਲਹਿਣਾ

ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਗੁਰ-ਗੱਦੀ 'ਤੇ ਬਿਰਾਜਮਾਨ ਕੀਤਾ। ਇਸ ਤਰ੍ਹਾਂ ਗੁਰੂ ਜੀ ਨੇ ਇੱਕੋ ਸਮੇਂ ਚੇਲੇ ਨੂੰ ਗੁਰੂ ਵਿਚ ਤਬਦੀਲ ਕਰ ਦਿੱਤਾ ਸੀ। ਉਸ ਸਮੇਂ ਗੁਰੂ ਅਤੇ ਚੇਲੇ ਵਿਚ ਕੋਈ ਭੇਦ ਨਹੀਂ ਸੀ ਰਿਹਾ। ਗੁਰੂ ਸਮੁੰਦਰ ਸੀ, ਚੇਲਾ ਨਦੀ ਸੀ। ਨਦੀ ਸਮੁੰਦਰ ਵਿਚ ਜਾ ਮਿਲੀ ਸੀ। ਨਦੀ ਸਮੁੰਦਰ ਦਾ ਹੀ ਰੂਪ ਹੋ ਗਈ ਸੀ।

ਸੋ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫੈਸਲਾ ਕਰਨ ਦੀ ਸ਼ਕਤੀ ਪੰਜ ਪਿਆਰਿਆਂ ਦੇ ਹੱਥ ਵਿਚ ਦਿੱਤੀ, ਸੰਗਤ ਨੂੰ 'ਇੱਕੀ ਵਿਸਵੇ' ਆਖਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਦੀ ਪਦਵੀ ਦਿੱਤੀ ਤਾਂ ਆਪ ਉਸੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾ ਰਹੇ ਸਨ, ਜਿਹੜਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਚਾਰਿਆ ਸੀ ਅਤੇ ਜਿਸ ਦੀ ਵਿਆਖਿਆ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਕੀਤੀ ਸੀ।

ਗੁਰੂ ਅਤੇ ਸਿੱਖ ਭਾਵ ਗੁਰੂ ਅਤੇ ਚੇਲੇ ਦੀ ਇਕਮਿਕਤਾ ਦੀ ਪੁਸ਼ਟੀ ਗੁਰਬਾਣੀ ਵਿੱਚੋਂ ਵੀ ਹੁੰਦੀ ਹੈ। ਡਾ. ਭਾਈ ਜੋਧ ਸਿੰਘ ਜੀ ਤਾਂ 'ਗੁਰਮਤਿ ਨਿਰਣਯ' ਵਿਚ ਇੱਥੋਂ ਤਕ ਲਿਖਦੇ ਹਨ ਕਿ: 'ਜਦੋਂ ਸਿੱਖ ਪੂਰਨ ਤੌਰ 'ਤੇ ਹਉਮੈ ਦਾ ਨਾਸ ਕਰ ਕੇ ਨਾਮ ਵਿਚ ਲੀਨ ਹੁੰਦਾ ਹੈ ਫਿਰ ਉਹ ਗੁਰੂ ਰੂਪ ਹੋ ਜਾਂਦਾ ਹੈ। ਪਵਿੱਤਰ ਫੁਰਮਾਨ ਹਨ:

– *ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥*
*ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ॥* *(ਪੰਨਾ ੪੯੦-੯੧)*

– *ਗੁਰੁ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥*
*ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ॥* *(ਪੰਨਾ ੪੪੪)*

ਕਹਿਣ ਦਾ ਭਾਵ ਇਹ ਹੈ ਕਿ ਦਸਮੇਸ਼ ਪਿਤਾ ਜੀ ਵੱਲੋਂ 'ਆਪੇ ਗੁਰ ਚੇਲਾ' ਦੀ ਜੋ ਮਹਾਨ ਪਰੰਪਰਾ ਅਮਲ ਵਿਚ ਲਿਆਂਦੀ ਗਈ ਉਸ ਪਿਛੋਕੜ ਅਤੇ ਉਸ ਜੜ੍ਹ ਪਹਿਲਾਂ ਤੋਂ ਹੀ ਗੁਰਬਾਣੀ ਅਤੇ ਗੁਰ-ਇਤਿਹਾਸ ਵਿਚ ਮੌਜੂਦ ਸੀ।

**(ਹ) ਰਹਿਤ ਮਰਯਾਦਾ ਦਾ ਐਲਾਨ ਕਰਨਾ :**'ਖੰਡੇ ਦੀ ਪਾਹੁਲ' ਭਾਵ ਅੰਮ੍ਰਿਤ ਛਕਾ ਕੇ ਪੰਜ ਪਿਆਰੇ ਸਾਜਣ ਤੋਂ ਬਾਅਦ ਉਨ੍ਹਾਂ ਪਾਸੋਂ ਖ਼ੁਦ ਅੰਮ੍ਰਿਤ ਛਕ ਕੇ ਗੁਰੂ ਜੀ ਨੇ ਖਾਲਸਾ ਪੰਥ ਲਈ ਇਕ ਨਿਸ਼ਚਿਤ ਰਹਿਤ ਮਰਯਾਦਾ ਦਾ ਐਲਾਨ ਵੀ ਕੀਤਾ। ਇਹ ਦੋ ਤਰ੍ਹਾਂ ਦੀ ਰਹਿਤ ਸੀ ਇਕ ਬਾਹਰੀ ਅਤੇ ਦੂਜੀ ਅੰਤਰੀਵੀ।

ਬਾਹਰੀ ਰਹਿਤ ਲਈ ਗੁਰੂ ਜੀ ਨੇ ਪੰਜ ਕਕਾਰ ਕੇਸ, ਕੰਘਾ, ਕੜਾ, ਕਛਹਿਰਾ ਅਤੇ ਕਿਰਪਾਨ ਧਾਰਨ ਦਾ ਹੁਕਮ ਦਿਤਾ। ਕੇਸਾਂ ਨੂੰ ਸਭ ਤੋਂ ਵੱਧ ਮਹਾਨਤਾ ਦਿੱਤੀ ਗਈ। ਕੇਸ ਕਤਲ ਕਰਵਾਉਣ ਵਾਲੇ ਨੂੰ ਪਤਿਤ ਮੰਨਿਆ ਗਿਆ ਜਦੋਂ ਕਿ ਬਾਕੀ ਚਾਰ ਕਕਾਰ ਨਾ ਰੱਖਣ ਵਾਲੇ ਨੂੰ ਕੇਵਲ ਤਨਖਾਹੀਆ ਕਰਾਰ ਦੇਣ ਦਾ ਹੁਕਮ ਕੀਤਾ ਗਿਆ। ਕੇਸਾਂ ਦੀ ਹੋਂਦ ਨੂੰ 'ਸਾਬਤ ਸੂਰਤ' ਮੰਨਿਆ ਗਿਆ। ਸਾਬਤ ਸੂਰਤ ਰੱਖ ਕੇ ਦਸਤਾਰ ਸਜਾਉਣ ਦੀ ਗੱਲ ਗੁਰਬਾਣੀ ਵਿਚ ਦਰਜ ਹੋਣ ਕਰਕੇ ਗੁਰੂ ਜੀ ਦਾ ਇਹ ਹੁਕਮ ਕੋਈ ਨਵੀਨ ਗੱਲ ਨਹੀ ਸੀ। ਪਹਿਲੇ ਨੌ ਗੁਰੂ ਸਾਹਿਬਾਨ ਦੇ ਅਤੇ ਪੁਰਾਤਨ ਸਿੱਖਾਂ ਦੇ ਸਰੂਪ

ਸਬੰਧੀ ਮਿਲਦੇ ਪੁਰਾਤਨ ਚਿੱਤਰ ਵੀ ਇਸ ਗੱਲ ਦੀ ਸ਼ਾਹਦੀ ਭਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਦੀ ਉਦਾਸੀ ਸੰਪਰਦਾ ਨਾਲ ਸੰਬੰਧਿਤ ਰਹਿਤਨਾਮਿਆਂ ਵਿਚ ਕੇਸਾਂਧਾਰੀ ਹੋਣ ਦਾ ਹੁਕਮ ਦਿੱਤਾ ਹੋਇਆ ਹੈ। ਗੁਰਬਾਣੀ ਦਾ ਇਹ ਫੁਰਮਾਨ ਵੀ ਇਸ ਸਬੰਧੀ ਸਪਸ਼ਟ ਆਦੇਸ਼ ਦਿੰਦਾ ਹੈ :

*ਨਾਪਾਕ ਪਾਕੁ ਕਰਿ ਹਦੂਰਿ ਹਦੀਸਾ*
*ਸਾਬਤ ਸੂਰਤਿ ਦਸਤਾਰ ਸਿਰਾ॥* *(ਪੰਨਾ ੧੦੮੪)*

ਭਗਤ ਨਾਮਦੇਵ ਜੀ ਪਰਮਾਤਮਾ ਦੇ ਰੂਪ ਨੂੰ ਬੜੇ ਸੁੰਦਰ ਸ਼ਬਦਾਂ ਵਿਚ ਇਉਂ ਬਿਆਨ ਕਰਦੇ ਹਨ :

*ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ॥* *(ਪੰਨਾ ੭੨੭)*

ਇਸ ਤਰ੍ਹਾਂ ਪਗੜੀ ਜਾਂ ਦਸਤਾਰ ਵਾਲੀ ਸੂਰਤ ਨੂੰ ਉੱਤਮ ਸੂਰਤ ਮੰਨਿਆ ਗਿਆ ਹੈ। ਭਗਤ ਸਾਹਿਬਾਨ, ਸੰਸਾਰ ਭਰ ਦੇ ਧਾਰਮਿਕ ਮਹਾਂਪੁਰਸ਼ਾਂ, ਫ਼ਿਲਾਸਫ਼ਰਾਂ, ਰਿਸ਼ੀਆਂ-ਮੁਨੀਆਂ, ਕਵੀਆਂ ਆਦਿ ਦੀਆਂ ਤਸਵੀਰਾਂ ਦੇਖਿਆਂ ਪਤਾ ਲੱਗਦਾ ਹੈ ਕਿ ਇਨ੍ਹਾਂ ਦੀ ਬਹੁ-ਗਿਣਤੀ ਕੇਸਾਂਧਾਰੀ ਅਤੇ ਪੱਗੜੀ ਵਾਲੀ ਹੈ। ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਬਾਹਰੀ ਸਰੂਪ ਖਾਲਸਾ ਪੰਥ ਲਈ ਜ਼ਰੂਰੀ ਦਰਸਾਇਆ, ਉਹ ਇਤਿਹਾਸ-ਮਿਥਿਹਾਸ ਵਿੱਚੋਂ ਚੁਣ ਕੇ ਲਈ ਹੋਈ ਵਧੀਆ ਚੀਜ਼ ਸੀ।

ਕੰਘੇ ਦਾ ਸੰਬੰਧ ਜ਼ਾਹਰਾ ਤੌਰ ਤੇ ਕੇਸਾਂ ਦੀ ਸੰਭਾਲ ਅਤੇ ਸਫਾਈ ਨਾਲ ਹੈ। ਇਸ ਨੂੰ ਨਾਲ ਰੱਖਿਆਂ ਸਫਾਈ ਵਿਚ ਅਣਗਹਿਲੀ ਨਹੀਂ ਹੁੰਦੀ। ਕੜਾ ਵੀ ਕੋਈ ਨਵੀਂ ਚੀਜ਼ ਨਹੀ ਸੀ। ਪਹਿਲਾਂ ਤੋਂ ਬਾਹਾਂ ਵਿਚ ਸੋਨੇ-ਚਾਂਦੀ ਦੇ ਕੜੇ ਪਾਉਣ ਦਾ ਰਿਵਾਜ਼ ਸੀ। ਗੁਰੂ ਜੀ ਨੇ ਲੋਹੇ ਦਾ ਕੜਾ ਪਹਿਨਣ ਦਾ ਹੁਕਮ ਦਿੱਤਾ। ਕੜਾ ਜਾਂ ਵੰਗ ਪ੍ਰਤੀਕ ਰੂਪ ਵਿਚ ਮਨੁੱਖੀ ਜੀਵਨ ਨੂੰ ਕਿਸੇ ਰਿਸ਼ਤੇ ਜਾਂ ਬੰਧਨ ਵਿਚ ਜੋੜਨ ਲਈ ਹਨ। ਕੜਾ ਅਨੁਸ਼ਾਸਨ ਦਾ ਸੂਚਕ ਹੈ ਅਤੇ ਜੀਵਨ ਦੇ ਕਾਰਜ ਕਰਦਿਆਂ ਇਹ ਗੁਰੂ ਦੀ ਯਾਦ ਦਿਵਾਉਂਦਾ ਰਹਿੰਦਾ ਹੈ। ਕੜਾ ਵਹਿਮਾਂ-ਭਰਮਾਂ ਨੂੰ ਨਾ ਮੰਨਣ ਦੀ ਨਿਸ਼ਾਨੀ ਵੀ ਹੈ।

ਕਛਹਿਰਾ ਵਰਦੀ ਦਾ ਹਿੱਸਾ ਬਣਇਆ ਗਿਆ ਹੈ। ਨੰਗੇਜ਼ ਨੂੰ ਢੱਕਣ ਲਈ ਇਹ ਇਕ ਉੱਤਮ ਵਸਤਰ ਹੋਣ ਕਰਕੇ ਗੁਰੂ ਜੀ ਨੇ ਇਸ ਨੂੰ ਕਕਾਰਾਂ ਵਿਚ ਸ਼ਾਮਲ ਕੀਤਾ। ਇਹ ਵਸਤਰ ਵੀ ਕੋਈ ਨਵੀਂ ਚੀਜ਼ ਨਹੀਂ ਸੀ ਸਗੋਂ ਪਹਿਲਾਂ ਤੋਂ ਹੀ ਇਸ ਦੀ ਕਿਸੇ ਨਾ ਕਿਸੇ ਰੂਪ ਵਿਚ ਵਰਤੋਂ ਕੀਤੀ ਜਾਂਦੀ ਰਹੀ ਸੀ।

ਕਿਰਪਾਨ ਨੂੰ ਪੰਜ ਕਕਾਰਾਂ ਵਿਚ ਸ਼ਾਮਲ ਕਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਸਲ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਾਲੀ ਮੀਰੀ-ਪੀਰੀ ਪਰੰਪਰਾ ਨੂੰ ਅੱਗੇ ਤੋਰਿਆ ਸੀ। ਕਿਰਪਾਨ ਦਲੇਰੀ ਅਤੇ ਸ਼ਕਤੀ ਦੇ ਗੁਣਾਂ ਦੀ ਮਾਲਕ ਹੋਣ ਕਰਕੇ 'ਸੰਤ-ਸਿਪਾਹੀ' ਬਣਾਉਣ ਲਈ ਜ਼ਰੂਰੀ ਸੀ। ਚਿੰਨ੍ਹ ਵਜੋਂ ਵੀ ਕਿਰਪਾਨ ਅਣਖ, ਬਹਾਦਰੀ ਅਤੇ ਦ੍ਰਿੜ੍ਹਤਾ ਦੀ ਸੂਚਕ ਹੋਣ ਕਰਕੇ ਗੁਰੂ ਜੀ ਨੇ ਇਸ ਨੂੰ ਰਹਿਤ ਦਾ ਅੰਗ

ਬਣਾਇਆ। ਪੰਜ ਕਕਾਰਾਂ ਤੋਂ ਇਲਾਵਾ, ਸਿੱਖਾਂ ਲਈ ਇਹ ਵੀ ਜ਼ਰੂਰੀ ਕੀਤਾ ਗਿਆ ਕਿ ਉਹ ਲੜਕੇ ਦੇ ਨਾਂਅ ਨਾਲ 'ਸਿੰਘ' ਅਤੇ ਲੜਕੀ ਦੇ ਨਾਂਅ ਨਾਲ 'ਕੌਰ' ਸ਼ਬਦਾਂ ਦੀ ਵਰਤੋਂ ਜ਼ਰੂਰ ਕਰਨ।

ਉਪਰੋਕਤ ਵਿਚਾਰ ਇਹ ਸਪਸ਼ਟ ਕਰਦੀ ਹੈ ਕਿ ਪੰਜ ਕਕਾਰਾਂ ਦਾ ਹੁਕਮ ਗੁਰੂ ਜੀ ਨੇ ਅਚਨਚੇਤ ਨਹੀਂ ਕਰ ਦਿੱਤਾ। ਅਸਲ ਵਿਚ ਇਹ ਕਕਾਰ ਪਹਿਲਾਂ ਹੀ ਸਿੱਖਾਂ ਪਾਸ ਮੌਜੂਦ ਸਨ। ਪਰ ਇਨ੍ਹਾਂ ਨੂੰ ਧਾਰਨ ਕਰਨ ਦੇ ਸਬੰਧ ਵਿਚ ਪਕਿਆਈ ਨਹੀਂ ਸੀ। ਗੁਰੂ ਜੀ ਨੇ ਅਨੁਸ਼ਾਸਨ ਅਤੇ ਪਕਿਆਈ ਨੂੰ ਯਕੀਨੀ ਬਣਾਉਣ ਲਈ ਇਹ ਕਕਾਰ ਸਿੱਖਾਂ ਲਈ ਜ਼ਰੂਰੀ ਕਰ ਦਿੱਤੇ।

ਪੰਜ-ਕਕਾਰੀ ਜੀਵਨ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਮ, ਦਾਨ, ਇਸ਼ਨਾਨ ਨਾਲ ਜੋੜਿਆ। ਕੇਵਲ ਅਕਾਲ ਪੁਰਖ ਨੂੰ ਮੰਨਣ ਦਾ ਹੁਕਮ ਦਿੱਤਾ। ਸਵੇਰੇ ਉੱਠ ਕੇ ਇਸ਼ਨਾਨ ਕਰਨਾ, ਨਾਮ ਜਪਣਾ, ਗੁਰਬਾਣੀ ਦਾ ਨਿਤਨੇਮ ਕਰਨਾ, ਸਤਿਸੰਗਤ ਵਿਚ ਜਾਣਾ, ਸੇਵਾ ਕਰਨਾ, ਕਿਰਤ ਕਰਕੇ ਵੰਡ ਕੇ ਛਕਣਾ ਅਤੇ ਵਾਹਿਗੁਰੂ ਦੀ ਰਜ਼ਾ ਵਿਚ ਰਹਿਣਾ ਇਹ ਸਨ ਕੁਝ ਆਦੇਸ਼ ਜੋ ਗੁਰੂ ਜੀ ਨੇ ਸਿੱਖਾਂ ਦੀ ਰਹਿਣੀ-ਬਹਿਣੀ ਲਈ ਜਾਰੀ ਕੀਤੇ। ਕੁਝ ਗੱਲਾਂ ਤੋਂ ਮਨਾਹੀ ਵੀ ਕੀਤੀ। ਚਾਰ ਕੁਰਹਿਤਾਂ ਵੀ ਦੱਸੀਆਂ। ਇਹ ਕੁਰਹਿਤਾਂ ਹਨ : ਕੇਸਾਂ ਦੀ ਬੇਅਦਬੀ, ਕੁੱਠਾ ਖਾਣਾ, ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ ਅਤੇ ਤਮਾਕੂ ਦਾ ਵਰਤਣਾ। ਇਸ ਤੋਂ ਇਲਾਵਾ ਗੁਰੂ ਜੀ ਨੇ ਮੂਰਤੀ-ਪੂਜਾ, ਵਹਿਮਾਂ-ਭਰਮਾਂ, ਜੰਤਰ-ਤੰਤਰ, ਛੂਤ-ਛਾਤ, ਸੂਤਕ-ਪਾਤਕ ਆਦਿ ਤੋਂ ਵਰਜਿਆ।

ਜੇਕਰ ਉਪਰੋਕਤ ਸਾਰੀਆਂ ਗੱਲਾਂ ਨੂੰ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਲੱਭਣ ਦਾ ਯਤਨ ਕਰੀਏ ਤਾਂ ਇਹ ਕੋਈ ਔਖਾ ਕੰਮ ਨਹੀਂ। ਕਿਉਂਕਿ ਇਨ੍ਹਾਂ ਗੱਲਾਂ ਸਬੰਧੀ ਆਦੇਸ਼ ਵਾਰ-ਵਾਰ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਦਿੱਤੇ ਹੋਏ ਹਨ। ਹੇਠਾਂ ਕੁਝ ਪਵਿੱਤਰ ਕਥਨ ਦਰਜ ਕੀਤੇ ਜਾਂਦੇ ਹਨ ਜਿਨ੍ਹਾਂ ਤੋਂ ਇਹ ਪਤਾ ਲੱਗਦਾ ਹੈ ਕਿ ਦਸਮੇਸ਼ ਪਿਤਾ ਜੀ ਨੇ ਜੋ ਰਹਿਤ ਸਾਨੂੰ ੧੭੫੬ ਬਿਕ੍ਰਮੀ ਦੀ ਵੈਸਾਖੀ ਮੌਕੇ ਦੱਸੀ, ਉਸ ਦੀ ਸਿੱਖਿਆ ਤਾਂ ਸਿੱਖਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਹੀ ਮਿਲਦੀ ਆ ਰਹੀ ਸੀ।

*- ਗੁਰੂ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*(ਪੰਨਾ ੩੦੫)*

*- ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥*
*ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥ (ਪੰਨਾ ੬੩੭)*

*– ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥ (ਪੰਨਾ ੧੨੪੫)*
*– ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ (ਪੰਨਾ ੧੪੧)*
*– ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ॥ (ਪੰਨਾ ੪੦੩)*
*– ਪਰ ਧਨ ਪਰ ਦਾਰਾ ਪਰਹਰੀ॥*
*ਤਾ ਕੈ ਨਿਕਟਿ ਬਸੈ ਨਰਹਰੀ॥ (ਪੰਨਾ ੧੧੬੩)*
*– ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥*
*ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤ॥ (ਪੰਨਾ ੧੪੦)*
*– ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥ (ਪੰਨਾ ੫੫੪)*
*– ਪਰ ਤਨ ਪਰ ਧਨ ਪਰ ਨਿੰਦ ਮੇਟਿ ਨਾਮੁ ਦਾਨੁ ਇਸਨਾਨੁ ਦਿੜਾਇਆ॥*
*(ਵਾਰ ੨੯:੨)*
*– ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥ (ਪੰਨਾ ੧੩੮੩)*
*– ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ॥ (ਵਾਰ ੪੦:੧੧)*

## ਸ੍ਰੋਤ ਪੁਸਤਕਾਂ :


*੧) ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੧੯੭੮.*

*੨) ਇਤਿਹਾਸਕਾਰ ਗੋਲਕ ਚੰਦ ਨਾਰੰਗ ਨੇ ਸਿੱਖ ਇਤਿਹਾਸ ਸਬੰਧੀ ਲਿਖੀ ਪੁਸਤਕ ਦਾ ਨਾਂ 'Transformation of Sikhism' ਰੱਖਿਆ ਹੈ ਜੋ ਕਿ ਨਿਊ ਬੁੱਕ ਸੁਸਾਇਟੀ ਨਵੀਂ ਦਿੱਲੀ ਵੱਲੋਂ ਛਾਪੀ ਗਈ ਸੀ। ਇਹ ਪੁਸਤਕ ਪੰਜਾਬੀ ਵਿਚ ਸਿੱਖ ਮਤ ਦਾ ਪਰਿਵਰਤਨ (ਅਨੁਵਾਦਕ ਸ. ਗੁਰਚਰਨ ਸਿੰਘ) ਵੱਲੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ੧੯੭੩ ਵਿਚ ਛਾਪੀ ਗਈ ਹੈ।*

*੩) ਡਾ. ਇੰਦੂ ਭੂਸ਼ਨ ਬੈਨਰਜੀ ਨੇ ਸਿੱਖ-ਇਤਿਹਾਸ ਬਾਰੇ ਲਿਖੀ ਆਪਣੀ ਕਿਤਾਬ ਦਾ ਨਾਂ 'Evolution of Khalsa' ਰੱਖਿਆ ਜੋ ਕਿ ਏ ਮੁਖਰਜੀ ਐਂਡ ਕੰਪਨੀ ਕਲਕੱਤਾ ਵੱਲੋਂ ਛਾਪੀ ਗਈ।*

*੪) ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ ੧੯੭੪.*

*੫) ਭਾਈ ਕਾਨ੍ਹ ਸਿੰਘ ਨਾਭਾ, ਗੁਰਮਤਿ ਮਾਰਤੰਡ ਭਾਗ ਦੂਜਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੧੯੯੩.*

*੬) ਡਾ. ਭਾਈ ਜੋਧ ਸਿੰਘ ਜੀ 'ਗੁਰਮਤਿ ਨਿਰਣਯ', ਪ੍ਰਕਾਸ਼ਕ ਲੇਖਕ ਖੁਦ, ਮਾਡਲ ਟਾਊਨ, ਲੁਧਿਆਣਾ, ਨੌਵੀਂ ਵਾਰ, ਸਫ਼ਾ ੧੪੯ ਇਹ ਪੁਸਤਕ ਲਾਹੌਰ ਬੁੱਕ ਸ਼ਾਪ, ਲੁਧਿਆਣਾ ਵੱਲੋਂ ਵੀ ਛਾਪੀ ਗਈ ਹੈ।*

*੭) ਸਿੱਖ ਰਹਿਤ ਮਰਯਾਦਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਮਤਿ ਪ੍ਰਕਾਸ਼, ਅੰਕ ਮਈ ੧੯੮੫.*


■

# ਖਾਲਸੇ ਦੀ ਮਹਾਨਤਾ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਖਾਲਸਾ ਪੰਥ ਦੀ ਸਾਜਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੫੬ (੧੬੯੯ ਈ:) ਵਿਚ ਵੈਸਾਖੀ ਵਾਲੇ ਦਿਨ ਕੀਤੀ। ਵੈਸਾਖੀ ਦਾ ਤਿਉਹਾਰ ਭਾਰਤ ਦਾ ਇਕ ਸਮਾਜਿਕ ਤਿਉਹਾਰ ਹੈ ਜੋ ਪੁਰਾਤਨ ਸਮੇਂ ਤੋਂ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਰਿਹਾ ਹੈ। ਇਸ ਵੇਲੇ ਤਕ ਹਾੜੀ ਦੀ ਫ਼ਸਲ ਪੱਕ ਕੇ ਤਿਆਰ ਹੋ ਗਈ ਹੁੰਦੀ ਹੈ। ਇਸ ਦਿਨ ਸਾਰੇ ਲੋਕ ਬਿਨਾਂ ਕਿਸੇ ਭੇਦ ਭਾਵ ਦੇ ਨਵੀਆਂ ਆਸਾਂ ਤੇ ਉਮੀਦਾਂ ਲੈ ਕੇ ਮੇਲਿਆਂ ਵਿਚ ਖੁਸ਼ੀ ਨਾਲ ਸ਼ਰੀਕ ਹੁੰਦੇ ਹਨ। ਮਨੁੱਖਤਾ ਨੂੰ ਖਾਲਸੇ ਦੀ ਵਡਮੁੱਲੀ ਦਾਤ ਦੇਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਨੂੰ ਚੁਣਿਆ ਕਿਉਂਕਿ ਖਾਲਸੇ ਦਾ ਸੰਕਲਪ ਮਨੁੱਖਤਾ ਨੂੰ ਦੁੱਖਾਂ ਤੋਂ ਨਜਾਤ ਦਿਵਾਉਣ ਲਈ ਅਤੇ ਉਸ ਦੇ ਸਰਬ ਪੱਖੀ ਵਿਕਾਸ ਲਈ ਇਕ ਅਗੰਮੀ ਵਰਦਾਨ ਸੀ। ਇਕ ਨਵੇਂ ਸਜਰੇ ਜੀਵਨ ਦੀ ਸ਼ੁਰੂਆਤ ਸੀ। ਵੈਸਾਖ ਮਹੀਨੇ ਨੂੰ ਗੁਰਬਾਣੀ ਵਿਚ 'ਭਲਾ' ਕਿਹਾ ਗਿਆ ਹੈ।

*ਵੈਸਾਖੁ ਭਲਾ ਸਾਖਾ ਵੇਸ ਕਰੇ॥* *(ਪੰਨਾ ੧੧੦੮)*

ਖਾਲਸੇ ਦੀ ਸਾਜਨਾ ਦੀ ਪ੍ਰਕਿਰਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਅਰੰਭ ਹੋ ਗਈ ਸੀ। ਲਗਾਤਾਰ ਸੈਂਕੜੇ ਸਾਲ ੧੦ ਗੁਰੂ ਸਾਹਿਬਾਨ ਦੀ ਸਰਪ੍ਰਸਤੀ ਵਿਚ ਇਸ ਦਾ ਵਿਕਾਸ ਹੁੰਦਾ ਰਿਹਾ। ਦਸ ਗੁਰੂ ਸਾਹਿਬਾਨ ਵਿਚ ਇੱਕੋ ਹੀ ਗੁਰੂ ਜੋਤ ਵਰਤਦੀ ਸੀ। ਉਨਾਂ ਦੀ ਬਾਣੀ ਦਾ ਭਾਵ, ਉਦੇਸ਼ ਤੇ ਵਿਚਾਰਧਾਰਾ ਇੱਕ ਹੀ ਸੀ।

- *ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥*
  *ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥* *(ਪੰਨਾ ੯੬੬)*
- *ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥*
  *ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥* *(ਪੰਨਾ ੬੪੬)*

ਇਸ ਅਨਮੋਲ ਗੁਰਮਤਿ ਵਿਚਾਰਧਾਰਾ ਦੀ ਸਿਖਰ ਸੀ— ਖਾਲਸੇ ਦੀ ਸਾਜਨਾ। ਖਾਲਸਾ ਇੱਕ ਆਦਰਸ਼ ਪੁਰਖ ਹੈ। ਇਸ ਨੂੰ ਗੁਰਬਾਣੀ ਵਿਚ ਸਚਿਆਰ, ਗੁਰਮੁਖ, ਬ੍ਰਹਮ ਗਿਆਨੀ ਕਿਹਾ ਗਿਆ ਹੈ। ਖਾਲਸਾ ਇਕ ਸਰਵ ਪੱਖੀ, ਸਰਬ ਪ੍ਰਕਾਰ ਦੇ ਸਦ ਗੁਣਾਂ ਨਾਲ ਭਰਪੂਰ, ਆਤਮ ਵਿਸ਼ਵਾਸ, ਸਵੈ ਨਿਰਭਰ ਤੇ ਸੰਪੂਰਨ ਮਨੁੱਖ ਹੈ। ਖਾਲਸਾ ਸੰਤ ਵੀ ਹੈ ਸਿਪਾਹੀ ਵੀ, ਖਾਲਸਾ ਗੁਰੂ ਵੀ ਹੈ ਤੇ ਸਿੱਖ ਵੀ, ਖਾਲਸਾ ਗ੍ਰਿਹਸਤੀ ਵੀ ਹੈ ਤੇ ਯੋਗੀ ਵੀ, ਖਾਲਸਾ ਭਗਤ ਵੀ ਹੈ, ਸੂਰਬੀਰ ਵੀ ਹੈ ਤੇ ਦਾਤਾਰ ਵੀ ਹੈ। ਖਾਲਸਾ

---

** ਸਾਬਕਾ ਪ੍ਰਧਾਨ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੯੧੫੮-੦੫੧੦੦*

ਦ੍ਰਿੜ੍ਹ ਵੀ ਹੈ ਤੇ ਨਿਮਰ ਵੀ ਹੈ। ਖਾਲਸਾ ਨਿਰਭੈ ਵੀ ਹੈ ਤੇ ਨਿਰਵੈਰ ਵੀ ਹੈ। ਖਾਲਸਾ ਹਰ ਪ੍ਰਕਾਰ ਦੇ ਗਿਆਨ ਦਾ, ਸ਼ਕਤੀਆਂ ਦਾ ਭੰਡਾਰ ਹੈ ਇਸ ਲਈ ਨਿਰੰਜਨ ਰੂਪ ਹੈ। ਇਹ ਇਕ ਅਜਿਹੀ ਸ਼ਖ਼ਸੀਅਤ ਹੈ ਜਿਸ ਬਾਰੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ ਹੈ:

*ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥*
*ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥* *(ਪੰਨਾ ੪੬੯)*

ਖਾਲਸਾ ਸਿੱਧਾ ਪਰਮਾਤਮਾ ਨਾਲ ਸੰਬੰਧਿਤ ਹੈ। ਹਰਿ ਤੋਂ ਬਿਨਾਂ ਉਹ ਕਿਸੇ ਦੇ ਅਧੀਨ ਨਹੀਂ ਕਿਸੇ ਦਾ ਮੁਹਤਾਜ ਨਹੀਂ। ਉਹ ਸ਼ਬਦ ਦੀ ਨਿਰੰਜਨੀ ਜੋਤ ਦਾ ਪੂਜਕ ਹੈ। ਖਾਲਸਾ ਅਕਾਲ ਪੁਰਖ ਦੇ ਹੁਕਮ ਵਿਚ ਹੈ ਇਸ ਲਈ ਇਸ ਨੂੰ ਧੁਰੋਂ ਸਰਦਾਰੀ ਪ੍ਰਾਪਤ ਹੈ। ਇਸ ਬਾਰੇ ਗੁਰਬਾਣੀ ਵਿਚ ਫੁਰਮਾਨ ਹੈ:

*ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥*
*ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥* *(ਪੰਨਾ ੧੪੨)*

ਖਾਲਸਾ ਕਿਸੇ ਪ੍ਰਕਾਰ ਦੇ ਕਰਮ ਕਾਂਡ ਵਹਿਮ ਭਰਮ ਨੂੰ ਨਹੀਂ ਮੰਨਦਾ। ਜਿਸ ਦੇ ਹਿਰਦੇ ਅੰਦਰ ਪਰਮਾਤਮਾ ਦਾ ਪ੍ਰਤੱਖ ਗਿਆਨ ਜਗਮਗਾਉਂਦਾ ਹੈ ਅਤੇ ਜਿਸ ਦੇ ਮਨ ਵਿੱਚੋਂ ਅਗਿਆਨਤਾ ਦਾ ਭਰਮ ਮਿਟ ਜਾਂਦਾ ਹੈ, ਉਹ ਹੀ ਅਸਲ ਵਿਚ ਖਾਲਸਾ ਹੈ। ਗੁਰੂ ਜੀ ਨੇ ਖਾਲਸੇ ਦਾ ਸਿਰਫ ਆਦਰਸ਼ ਹੀ ਨਹੀਂ ਪੇਸ਼ ਕੀਤਾ ਸਗੋਂ ਅਮਲੀ ਰੂਪ ਵਿਚ ਖਾਲਸਾ ਬਣ ਕੇ ਵੀ ਮਿਸਾਲ ਪੇਸ਼ ਕੀਤੀ ਹੈ।

*- ਖਾਲਸ ਖਾਸ ਕਹਾਵੈ ਸੋਈ, ਜਾ ਕੈ ਹਿਰਦੈ ਭਰਮ ਨ ਹੋਈ।*
*ਭਰਮ ਭੇਖ ਤੇ ਰਹੈ ਨਿਆਰਾ, ਸੋ ਖਾਲਸ ਸਤਿਗੁਰੂ ਹਮਾਰਾ।* *(ਸ੍ਰੀ ਗੁਰ ਸੋਭਾ)*
*- ਜਾਗਤਿ ਜੋਤਿ ਜਪੈ ਨਿਸਿ ਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ।*
*ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ ਗੋਰ ਮੜ੍ਹੀ ਮਠ ਭੂਲ ਨਾ ਮਾਨੈ।*
*ਤੀਰਥ ਦਾਨ ਦਯਾ ਤਪ ਸੰਜਮ ਏਕੁ ਬਿਨਾਂ ਨਹਿ ਏਕ ਪਛਾਨੈ।*
*ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿੰ ਨਖਾਲਿਸ ਜਾਨੈ।* *(ਤੇਤੀ ਸਵੱਯੇ)*

ਵੈਸਾਖੀ ਦੇ ਦਿਹਾੜੇ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਾਜਨਾ ਕੀਤੀ। ਇਸੇ ਪਵਿੱਤਰ ਅਸਥਾਨ ਤੇ ਅੱਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਸੁਸ਼ੋਭਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਤਰ੍ਹਾਂ ਸਿੱਖੀ ਧਾਰਨ ਲਈ ਸਿਰ ਦੇਣ ਦੀ ਸ਼ਰਤ ਰੱਖੀ ਸੀ, ਉਸੇ "ਸਿਰੁ ਧਰਿ ਤਲੀ ਗਲੀ ਮੇਰੀ ਆਉ" ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਗੁਰੂ ਜੀ ਨੇ ਭਰੇ ਦੀਵਾਨ ਵਿਚ ਸਿੱਖਾਂ ਕੋਲੋਂ ਸੀਸ ਦੀ ਮੰਗ ਕੀਤੀ। ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਦੀਵਾਨ ਵਿੱਚੋਂ ਪੰਜ ਸਿੰਘ ਆਪਣਾ ਸੀਸ ਗੁਰੂ ਚਰਨਾਂ ਵਿਚ ਭੇਟ ਕਰਨ ਲਈ ਉੱਠੇ। ਇਹ ਸਿੱਖ ਸਨ, ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਚੰਦ, ਭਾਈ ਮੁਹਕਮ ਚੰਦ ਤੇ ਭਾਈ ਸਾਹਿਬ ਚੰਦ। ਗੁਰੂ ਜੀ ਨੇ ਇਨ੍ਹਾਂ ਪੰਜਾਂ ਨੂੰ ਨਵੇਂ ਬਸਤਰ ਤੇ ਸ਼ਸਤਰ

ਪਹਿਨਾਏ। ਖੰਡੇ ਬਾਟੇ ਦੀ ਪਾਹੁਲ ਹੱਥੀਂ ਤਿਆਰ ਕਰ ਕੇ ਉਨ੍ਹਾਂ ਨੂੰ ਛਕਾਈ ਅਤੇ ਆਪਣੇ ਪਿਆਰਿਆਂ ਦੀ ਪਦਵੀ ਦਿੱਤੀ। ਇਨ੍ਹਾਂ ਸਭਨਾਂ ਦੇ ਨਾਵਾਂ ਨਾਲ ਸਿੰਘ ਪਦ ਲਾਇਆ ਗਿਆ। ਇਨ੍ਹਾਂ ਦੇ ਨਵੇਂ ਨਾਂ ਰੱਖੇ ਗਏ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੁਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ। ਇਨ੍ਹਾਂ ਦਾ ਪੁਰਾਣਾ ਕੁਲ ਵਰਣ ਨਾਸ ਕਰ ਕੇ ਖਾਲਸੇ ਦਾ ਰੂਪ ਬਖ਼ਸ਼ਿਆ। ਫਿਰ ਇਨ੍ਹਾਂ ਤੋਂ ਆਪ ਖੰਡੇ ਦੀ ਪਾਹੁਲ ਛਕ ਕੇ ਗੁਰੂ ਚੇਲੇ ਦਾ ਫਰਕ ਮਿਟਾ ਦਿਤਾ। ਭਾਈ ਗੁਰਦਾਸ ਜੀ ਨੇ ਲਿਖਿਆ:

*ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।* *(ਵਾਰ ੪੧:੧)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਸਿੰਘਾਂ ਨੂੰ ਗੁਰੂ ਦੀ ਇਕ ਸੰਸਥਾ ਦਾ ਰੂਪ ਦੇ ਦਿੱਤਾ ਤਾਂ ਜੋ ਗੁਰਮਤਿ ਦਾ ਪ੍ਰਚਾਰ ਨਿਰੰਤਰ, ਸਰਵਕਾਲ ਤੇ ਸਰਵ ਵਿਆਪਕ ਕੀਤਾ ਜਾ ਸਕੇ।

ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਪੰਜ ਰਹਿਤਵਾਨ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿ ਕੇ ਅੰਮ੍ਰਿਤ ਸੰਚਾਰ ਕਰਨ ਦਾ ਅਧਿਕਾਰ ਦੇ ਦਿੱਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਵਿਚ ਪੰਚਾਂ ਭਾਵ ਗੁਰਮੁਖਾਂ ਨੂੰ ਸ੍ਰੇਸ਼ਟ ਤੇ ਆਦਰਯੋਗ ਆਖਿਆ ਗਿਆ ਹੈ। ਗੁਰਬਾਣੀ ਵਿਚ ਸਿੱਖ ਤੇ ਗੁਰੂ ਨੂੰ ਇਕ ਹੀ ਸਮਝਿਆ ਗਿਆ ਹੈ ਕਿਉਂਕਿ ਦੋਵਾਂ ਦਾ ਆਧਾਰ ਇੱਕੋ ਗੁਰਮਤਿ ਸਿਧਾਂਤ ਹੁੰਦਾ ਹੈ:

– *ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥* *(ਪੰਨਾ ੪੪੪)*
– *ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥*
*ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥* *(ਪੰਨਾ ੩)*

ਇਹ ਪੰਚ ਜਾਂ ਬ੍ਰਹਮ ਗਿਆਨੀ ਸਿੱਖ ਖਾਲਸੇ ਦੀ ਰਹਿਣੀ ਬਹਿਣੀ ਵਿਚ ਪੂਰਨ ਹੋਣੇ ਚਾਹੀਦੇ ਹਨ। ਇਨ੍ਹਾਂ ਦੀ ਰਹਿਤ ਮਰਯਾਦਾ ਨਿਸ਼ਚਿਤ ਹੈ ਜੋ ਕਿਸੇ ਵੀ ਸੂਰਤ ਵਿਚ ਭੰਗ ਨਹੀਂ ਹੋਣੀ ਚਾਹੀਦੀ। ਖਾਲਸਾ 'ਸਾਬਤ ਸੂਰਤ ਦਸਤਾਰ ਸਿਰਾ' ਦੇ ਆਦਰਸ਼ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਪੰਜ ਕਕਾਰ-ਕਛਹਿਰਾ, ਕੇਸ, ਕਿਰਪਾਨ, ਕੰਘਾ ਤੇ ਕੜਾ ਦਾ ਧਾਰਨ ਕਰਨਾ ਜ਼ਰੂਰੀ ਹੈ ਅਤੇ ਚਾਰ ਕੁਰਹਿਤਾਂ ਇਸ ਲਈ ਮਨ੍ਹਾਂ ਹਨ-ਤਮਾਕੂ, ਕੁੱਠਾ, ਪਰ ਇਸਤਰੀ ਦਾ ਗਮਨ ਤੇ ਰੋਮਾਂ ਦੀ ਬੇਅਦਬੀ। ਇਸ ਤੋਂ ਇਲਾਵਾ ਖਾਲਸੇ ਲਈ ਬਾਣੀ ਤੇ ਬਾਣਾ ਦੋਵੇਂ ਇੱਕੋ ਜਿਹੇ ਜ਼ਰੂਰੀ ਹਨ। ਇਸ ਨੇ ਗੁਰਬਾਣੀ ਨੂੰ ਗੁਰੂ ਮੰਨਣਾ ਹੈ ਤੇ ਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਵਸਾ ਕੇ ਨਾਮ ਦੇ ਅੰਮ੍ਰਿਤ ਵਿਚ ਆਪਣੇ ਮਨ ਨੂੰ ਰੰਗਣਾ ਹੈ। ਖਾਲਸੇ ਨੂੰ ਸ਼ਸਤਰ ਬਸਤਰ ਸਜਾ ਕੇ ਰੱਖਣੇ ਚਾਹੀਦੇ ਹਨ। ਖਾਲਸੇ ਦਾ ਉਦੇਸ਼ ਸਿਰਫ ਆਪਣੇ ਲਈ ਜਿਊਂਣਾ ਨਹੀਂ ਹੈ। ਇਹ ਇਕ ਮਹਾਨ ਪਰਉਪਕਾਰੀ ਯੋਧਾ ਵੀ ਹੈ। ਇਸ ਨੇ ਧਰਤੀ 'ਤੇ ਮਜ਼ਲੂਮਾਂ ਦੀ ਸਹਾਇਤਾ ਕਰਨੀ ਹੈ। ਜ਼ਾਲਮਾਂ ਦਾ ਵਿਰੋਧ ਕਰਨਾ ਹੈ। ਇਸ ਨੇ ਆਪਣਾ ਤਨ-ਮਨ-

ਧਨ ਗੁਰੂ ਨੂੰ ਸੌਂਪ ਦਿੱਤਾ ਹੁੰਦਾ ਹੈ। ਖਾਲਸੇ ਲਈ ਇਹ ਸ਼ਰਤ ਰੱਖ ਦਿੱਤੀ ਸੀ:

*ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁੱਧੁ ਬਿਚਾਰੈ।*
*ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜ੍ਹੈ ਭਵਸਾਗਰ ਤਾਰੈ।*
*ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉਂ ਉਜੀਆਰੈ॥*
*ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥*

ਇਹ ਹੈ ਖਾਲਸੇ ਦਾ ਅੰਦਰਲਾ ਰੂਪ ਕਿ ਗਿਆਨ ਰਾਹੀਂ ਮਨ ਦੀ ਕਾਇਰਤਾ ਨੂੰ ਹੂੰਝ ਕੇ ਬਾਹਰ ਕੱਢ ਦੇਵੇ। ਖਾਲਸੇ ਨੇ ਅਜਿਹਾ ਹੀ ਕੀਤਾ। ਚੱਪੜ ਚਿੜੀ ਦੇ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਾਥੀ ਸਿੱਖ ਯੋਧਿਆਂ ਨੇ ਹਾਥੀ ਘੋੜਿਆਂ ਦੀ ਸੈਨਾ ਨੂੰ ਮਿੱਟੀ ਵਿਚ ਰੋਲ ਦਿੱਤਾ ਅਤੇ ੧੨ ਮਈ ੧੭੧੦ ਈ: ਨੂੰ ਸਰਹਿੰਦ ਦੀ ਧਰਤੀ 'ਤੇ ਸਿੱਖ ਰਾਜ ਦਾ ਖਾਲਸਾਈ ਪਰਚਮ ਲਹਿਰਾ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਅਤੇ ਅਕਾਲੀ ਫੂਲਾ ਸਿੰਘ ਵਰਗੇ ਯੋਧੇ ਖਾਲਸਾ ਪੰਥ ਵਿਚ ਪੈਦਾ ਹੋਏ ਜਿਨ੍ਹਾਂ ਨੇ ਬਦੇਸ਼ੀ ਜਰਵਾਣਿਆਂ ਨੂੰ ਬਾਹਰ ਧਕੇਲ ਦਿੱਤਾ। ਸਰਦਾਰ ਹਰੀ ਸਿੰਘ ਨਲੂਆ ਵਰਗੇ ਜਰਨੈਲ ਹੋਏ ਜਿਨ੍ਹਾਂ ਤੋਂ ਖੂੰਖਾਰ ਪਠਾਣ ਵੀ ਭੈਅ ਖਾਂਦੇ ਸਨ। ਉਸ ਇਲਾਕੇ ਦੀਆਂ ਇਸਤਰੀਆਂ ਅਜੇ ਵੀ ਆਪਣੇ ਬੱਚਿਆਂ ਨੂੰ 'ਹਰੀਆ ਰਾਗਲੇ' ਕਹਿ ਕੇ ਰੋਣ ਤੋਂ ਚੁੱਪ ਕਰਾਉਂਦੀਆਂ ਹਨ। ਉਨ੍ਹਾਂ ਅੰਦਰ ਇਹ ਗੁਰਮਤਿ ਦੀ ਹੀ ਤਾਕਤ ਸੀ। ਖਾਲਸੇ ਨੇ ਅਨੇਕਾਂ ਬੇਮਿਸਾਲ ਜੰਗਾਂ ਲੜੀਆਂ ਪਰ ਉਨ੍ਹਾਂ ਨੂੰ ਸਿੱਖ ਇਤਿਹਾਸ ਦਾ ਅੰਗ ਹੋਣ ਕਰਕੇ ਦੂਜੀਆਂ ਕੌਮਾਂ ਨੇ ਪੂਰੀ ਤਰ੍ਹਾਂ ਨਹੀਂ ਜਾਣਿਆ। ਇਸ ਦੇ ਮੁਕਾਬਲੇ ਤੇ ਅੰਗਰੇਜ਼ ਰਾਜ ਸਮੇਂ ਸਾਰਾਗੜ੍ਹੀ ਦੇ ਸਾਕੇ ਨੂੰ ਅੰਗਰੇਜ਼ ਅਫ਼ਸਰਾਂ ਨੇ ਅੱਖੀਂ ਵੇਖਿਆ ਅਤੇ ਵਾਇਰਲੈੱਸ ਤੇ ਕੰਨੀਂ ਸੁਣਿਆ ਸੀ। ਬਰਤਾਨੀਆਂ ਦੀ ਸਰਕਾਰ ਨੇ ਖਾਲਸੇ ਦੀ ਇਸ ਬੀਰਤਾ, ਕੁਰਬਾਨੀ ਤੇ ਨਿਰਭੈਤਾ ਦੀ ਆਪਣੀ ਪਾਰਲੀਮੈਂਟ ਵਿਚ ਸ਼ਲਾਘਾ ਕੀਤੀ।

ਖਾਲਸੇ ਦੀ ਉਪਮਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬਹੁਤ ਕੁਝ ਕਿਹਾ ਹੈ। ਖਾਲਸੇ ਨੂੰ ਆਪਣਾ ਰੂਪ, ਆਪਣਾ ਇਸ਼ਟ, ਆਪਣਾ ਪਿੰਡ ਪਰਾਨ ਤੇ ਸਤਿਗੁਰੂ ਪੂਰਾ ਆਖ ਕੇ ਖਾਲਸੇ ਦੀ ਉਪਮਾ ਵਰਣਨ ਤੋਂ ਬਾਹਰ ਦੱਸੀ ਹੈ। ਅਖੀਰ ਵਿਚ ਇਹ ਵੀ ਕਿਹਾ ਹੈ ਕਿ ਇਸ ਦੇ ਵਿਚ ਕੋਈ ਅਤਿਕਥਨੀ ਨਹੀਂ ਹੈ ਕਿ ਮੈਂ ਇਹ ਪਾਰਬ੍ਰਹਮ ਤੇ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਸਾਖੀ ਰੱਖ ਕੇ ਕਹਿ ਰਿਹਾ ਹਾਂ:

*ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹੌ ਕਰੌ ਨਿਵਾਸ।*
*ਖਾਲਸਾ ਮੇਰੋ ਇਸ਼ਟ ਸੁਹਿਰਦ। ਖਾਲਸਾ ਮੇਰੋ ਕਹੀਅਤਿ ਬਿਰਦ।*
*ਖਾਲਸਾ ਮੇਰੋ ਪਿੰਡ ਪਰਾਨ। ਖਾਲਸਾ ਮੇਰੀ ਜਾਨ ਕੀ ਜਾਨ।*
*ਖਾਲਸਾ ਮੇਰੋ ਸਤਿਗੁਰ ਪੂਰਾ। ਖਾਲਸਾ ਮੇਰੋ ਸਜਨ ਸੂਰਾ।*
*ਸੇਸ ਰਸਨ ਸਾਰਦ ਸੀ ਬੁਧ। ਤਦਪ ਨ ਉਪਮਾ ਬਰਨਤ ਸੁਧ।*
*ਯਾ ਮੈ ਰੰਚ ਨ ਮਿਥਿਆ ਭਾਖੀ। ਪਾਰਬ੍ਰਹਮ ਗੁਰ ਨਾਨਕ ਸਾਖੀ। (ਸਰਬ ਲੋਹ ਗ੍ਰੰਥ)*

ਖਾਲਸਾ ਗੁਰੂ ਦਾ ਪੈਰੋਕਾਰ ਹੀ ਨਹੀਂ ਸਗੋਂ ਗੁਰੂ ਘਰ ਦਾ ਅਸਲੀ ਵਾਰਿਸ ਵੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਨ ਵਿਚ ਖਾਲਸੇ ਦਾ ਦਰਜਾ ਬਹੁਤ ਉੱਚਾ ਸੀ। ਇਸ ਦੇ ਉਦੇਸ਼ ਬਾਰੇ ਗੁਰੂ ਸਾਹਿਬ ਨੇ ਫੁਰਮਾਇਆ ਹੈ:

*ਯਾਹੀ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ।*
*ਧਰਮ ਚਲਾਵਨ ਸੰਤ ਉਬਾਰਨ। ਦੁਸਟ ਸਭਨੁ ਕੋ ਮੂਲ ਉਪਾਰਿਨ।*

*(ਬਚਿੱਤ੍ਰ ਨਾਟਕ)*

ਆਮ ਤੌਰ ਤੇ ਸਿੱਖ ਗੁਰੂ ਦੀ ਕਿਰਪਾ ਦਾ ਪਾਤਰ ਹੁੰਦਾ ਹੈ ਪਰ ਗੁਰੂ ਸਾਹਿਬ ਨੇ ਆਪਣੇ ਆਪ ਉੱਤੇ ਖਾਲਸੇ ਦੀ ਕਿਰਪਾ ਦਾ ਸ਼ੁਕਰਾਨਾ ਕੀਤਾ ਹੈ। ਜਿਵੇਂ ਸਿੱਖ ਗੁਰੂ ਨੂੰ ਆਪਣਾ ਤਨ ਮਨ ਧਨ ਸੌਂਪ ਦਿੰਦਾ ਹੈ, ਇਸ ਤਰ੍ਹਾਂ ਗੁਰੂ ਜੀ ਨੇ ਆਪਣਾ ਸਭ ਕੁਝ ਖਾਲਸੇ ਨੂੰ ਅਰਪਨ ਕੀਤਾ ਹੈ। ਇਸ ਤੋਂ ਵੱਧ ਖਾਲਸੇ ਦੀ ਹੋਰ ਕੀ ਵਡਿਆਈ ਹੋ ਸਕਦੀ ਹੈ:

*ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥*
*ਅਘ ਅਉਘ ਟਰੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ॥*
*ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨ ਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥*
*ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ॥੨॥*
*ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ॥*
*ਦਾਨ ਦਯੋ ਇਨਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ॥*
*ਆਗੈ ਫਲੈ ਇਨਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ॥*
*ਮੋ ਗ੍ਰਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨਹੀ ਕੋ॥*

*(ਗਿਆਨ ਪ੍ਰਬੋਧ)*

ਵੱਖਰੀ ਪਛਾਣ ਕਿਸੇ ਵੀ ਧਰਮ ਦੀ ਹੋਂਦ ਲਈ ਬਹੁਤ ਜ਼ਰੂਰੀ ਪੱਖ ਹੁੰਦਾ ਹੈ। ਖਾਲਸੇ ਦੇ ਮਹਾਨ ਉਦੇਸ਼ ਨੂੰ ਮੁੱਖ ਰੱਖ ਕੇ ਇਸ ਨੂੰ ਸਾਰੇ ਜਗਤ ਤੋਂ ਨਿਰਾਲਾ ਰੂਪ ਦਿੱਤਾ ਗਿਆ ਹੈ। ਖਾਲਸੇ ਦਾ ਸਰੂਪ, ਸਿਧਾਂਤ, ਕਾਰਜ, ਨਿਸ਼ਾਨਾ ਵਿਲੱਖਣ, ਵਿਸ਼ੇਸ਼ ਅਤੇ ਨਿਆਰਾ ਹੈ। ਇਸ ਦੇ ਨਿਆਰੇ ਰਹਿਣ ਵਿਚ ਹੀ ਪਰਮਾਤਮਾ ਦੀਆਂ ਸਭ ਬਰਕਤਾਂ ਤੇ ਸ਼ਕਤੀਆਂ ਹਨ। ਨਿਰਾਲੇ ਰੂਪ ਕਾਰਨ ਖਾਲਸੇ ਨੂੰ ਕੁਝ ਮੁਸ਼ਕਿਲਾਂ ਤੇ ਚੁਣੌਤੀਆਂ ਵੀ ਪੇਸ਼ ਆ ਰਹੀਆਂ ਹਨ। ਇਨ੍ਹਾਂ ਦਾ ਟਾਕਰਾ ਦ੍ਰਿੜ੍ਹਤਾ ਨਾਲ ਕਰਨ ਦੀ ਲੋੜ ਹੈ। ਤਾਂ ਜੋ ਖਾਲਸੇ ਦੇ ਨਿਰਾਲੇ ਰੂਪ ਨੂੰ ਕਾਇਮ ਰੱਖਿਆ ਜਾ ਸਕੇ।

*– ਖਾਲਸਾ ਅਕਾਲ ਪੁਰਖ ਕੀ ਫੌਜ। ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।*
*ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਉ ਮੈਂ ਸਾਰਾ।*

*(ਸਰਬ ਲੋਹ)*

*– ਪਾਂਚ ਕੀ ਕੁਸੰਗਤ ਤਜਿ ਸੰਗਤਿ ਸੌ ਪ੍ਰੀਤਿ ਕਰੇ।*
*ਦਯਾ ਔਰ ਧਰਮ ਧਾਰਿ ਤਿਆਗੇ ਸਬ ਲਾਲਸਾ।*

*ਹੁੱਕਾ ਨਾ ਪੀਵੈ ਸੀਸ ਦਾੜ੍ਹੀ ਨ ਮੁੰਡਾਵੈ।*
*ਸੋ ਤੋ ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖਾਲਸਾ॥* *(ਗੁਰੂ ਸੋਭਾ)*

ਚੜ੍ਹਦੀ ਕਲਾ ਦਾ ਗੁਣ ਖਾਲਸੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਇਤਿਹਾਸ ਗਵਾਹ ਹੈ ਕਿ ਬਹੁਤ ਸੰਕਟ ਦੇ ਸਮੇਂ ਵੀ ਸਿੱਖਾਂ ਨੇ ਕਦੀ ਹੌਂਸਲਾ ਨਹੀਂ ਛੱਡਿਆ। ਚਮਕੌਰ ਦੀ ਗੜ੍ਹੀ, ਖਿਦਰਾਣੇ ਦੀ ਢਾਬ ਤੇ ਬਹੁਤ ਅਸਾਵੀਂਆਂ ਲੜਾਈਆਂ ਵਿਚ ਘੱਟ ਗਿਣਤੀ ਵਿਚ ਹੁੰਦਿਆਂ ਵੀ ਬੀਰਤਾ ਨਾਲ ਕਈ ਗੁਣਾਂ ਵੱਧ ਦੁਸ਼ਮਣ ਦਾ ਮੁਕਾਬਲਾ ਕੀਤਾ। ਛੋਟੇ ਘੱਲੂਘਾਰੇ ਅਤੇ ਵੱਡੇ ਘੱਲੂਘਾਰੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਇਸ ਦੇ ਬਾਵਜੂਦ ਉਨ੍ਹਾਂ ਦੇ ਸੰਘਰਸ਼ ਵਿਚ ਕੋਈ ਢਿੱਲ ਨਹੀਂ ਆਈ। ਉਨ੍ਹਾਂ ਨੇ ਅੱਗੇ ਤੋਂ ਵੀ ਵੱਧ ਸ਼ਕਤੀ ਨਾਲ ਦੁਸ਼ਮਣ ਦਾ ਮੁਕਾਬਲਾ ਕੀਤਾ ਤੇ ਫਤਿਹ ਹਾਸਿਲ ਕੀਤੀ। ਇਸ ਤਰ੍ਹਾਂ ਅਤੀ ਔਖੇ ਹਾਲਾਤ ਵਿਚ ਵੀ ਚੜ੍ਹਦੀ ਕਲਾ ਵਿਚ ਰਹਿੰਦਿਆਂ ਸਾਹਮਣਾ ਕਰਨ ਦੀ ਦਾਤ ਸਿਰਫ ਤੇ ਸਿਰਫ ਖਾਲਸੇ ਨੂੰ ਹੀ ਪ੍ਰਾਪਤ ਹੈ।

ਖਾਲਸਾ ਆਚਾਰ, ਵਿਹਾਰ, ਸਦਾਚਾਰ, ਸੀਲ-ਸੰਜਮ, ਤਿਆਗ, ਕੁਰਬਾਨੀ, ਭਗਤੀ, ਸ਼ਕਤੀ, ਚੜ੍ਹਦੀ ਕਲਾ ਦੇ ਸਦਗੁਣਾਂ ਨਾਲ ਭਰਪੂਰ ਹੈ। ਖਾਲਸੇ ਦੀ ਉਤਪਤੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰੂ ਸਾਹਿਬਾਨ ਤੇ ਹੋਰ ਭਗਤਾਂ ਦੀ ਬਾਣੀ, ਗੁਰੂ ਸਾਹਿਬਾਂ ਦੇ ਉੱਚੇ ਸੁੱਚੇ ਕਰਨੀ ਵਾਲੇ ਜੀਵਨ, ਉਨ੍ਹਾਂ ਦੀ ਲੰਮੀ ਘਾਲਣਾ ਅਗੰਮੀ ਸੋਚ, ਕ੍ਰਾਂਤੀਕਾਰੀ ਦਾਰਸ਼ਨਿਕ ਸਿਧਾਂਤ ਤ੍ਰੈ ਕਾਲੀ ਦ੍ਰਿਸ਼ਟੀ ਅਤੇ ਬੇਮਿਸਾਲ ਕੁਰਬਾਨੀਆਂ ਵਿੱਚੋਂ ਹੋਈ ਹੈ। ਇਸ ਤਰ੍ਹਾਂ ਖਾਲਸੇ ਦੀ ਉਤਪਤੀ ਵਿਚ ਬਹੁਤ ਵਿਸ਼ਾਲ ਪੱਧਰ ਤੇ ਸੰਸਾਰਿਕ ਅਤੇ ਆਤਮਿਕ ਯਤਨ ਲੱਗੇ ਹੋਏ ਹਨ। ਕਿਸੇ ਵੀ ਵਕਤੀ ਜਥੇਬੰਦੀ ਨੂੰ ਕਾਇਮ ਕਰਨ ਲਈ ਏਨਾਂ ਲੰਮਾ ਚੌੜਾ ਪਿਛੋਕੜ, ਇਤਿਹਾਸ ਅਤੇ ਪਰੰਪਰਾਵਾਂ ਕਾਇਮ ਕਰਨ ਦੀ ਲੋੜ ਨਹੀਂ ਹੁੰਦੀ। ਖਾਲਸਾ ਮਨੁੱਖਤਾ ਦੀ ਸਰਬ ਸਮੇਂ ਲਈ ਅਤੇ ਸਰਬ ਸਥਾਨ ਲਈ ਕੀਮਤੀ ਵਿਰਾਸਤ ਹੈ। ਮਨੁੱਖ ਦੀਆਂ ਬਣਾਈਆਂ ਜਥੇਬੰਦੀਆਂ ਅਤੇ ਸਭਾ ਸੁਸਾਇਟੀਆਂ ਵਕਤੀ ਹੋ ਸਕਦੀਆਂ ਹਨ ਪਰ ਖਾਲਸਾ ਅਕਾਲ ਪੁਰਖ ਦੀ ਸਾਜਨਾ ਹੈ, ਇਹ ਵਕਤੀ ਨਹੀ ਹੋ ਸਕਦਾ ਕਿਉਂਕਿ ਅਕਾਲ ਪੁਰਖ ਆਪ ਕਾਲ ਤੋ ਰਹਿਤ ਹੈ ਤੇ ਉਸ ਦੀ ਰਚਨਾ ਵੀ ਸਦੀਵ ਕਾਲ ਲਈ ਹੁੰਦੀ ਹੈ। ਜੋ ਲੋਕ ਇਸ ਨੂੰ ਵਕਤੀ ਜ਼ਰੂਰਤ ਦੀ ਚੀਜ਼ ਦੱਸ ਕੇ ਇਸ ਦੀ ਵੱਖਰੀ ਪਛਾਣ ਨੂੰ ਬੇਲੋੜੀ ਆਖ ਰਹੇ ਹਨ। ਉਨ੍ਹਾਂ ਦੀ ਇਹ ਬਹੁਤ ਵੱਡੀ ਭੁੱਲ ਹੈ। ਉਨ੍ਹਾਂ ਦੀ ਇਹ ਸੋਚ ਅਗਿਆਨਤਾ ਜਾਂ ਈਰਖਾ ਦੀ ਉਪਜ ਹੈ।

ਅੱਜ ਲੋੜ ਹੈ ਪੰਥਕ ਸੰਸਥਾਵਾਂ, ਸਿੱਖ ਸੰਪਰਦਾਵਾਂ, ਸਭਾ ਸੁਸਾਇਟੀਆਂ, ਸਿਆਸੀ ਅਤੇ ਧਾਰਮਿਕ ਆਗੂਆਂ ਨੂੰ ਇੱਕ ਜੁੱਟ ਹੋ ਕੇ ਹੰਭਲਾ ਮਾਰਨ ਦੀ ਤਾਂ ਜੋ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸੰਭਾਲ ਸਕੀਏ ਅਤੇ ਸਿੱਖੀ ਸਰੂਪ ਅਤੇ ਚੰਗੇ ਕਿਰਦਾਰ ਵਾਲੇ ਬਣਾ ਸਕੀਏ।

■

# ਪੰਜ ਪਿਆਰਿਆਂ ਦਾ ਅਦੁੱਤੀ ਸੰਕਲਪ

*-ਡਾ. ਜਸਪਾਲ ਸਿੰਘ**

੧੬੯੯ ਈ: ਦੀ ਵੈਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਇਕ ਅਜਿਹੀ ਘਟਨਾ ਵਾਪਰੀ, ਜਿਸ ਨੇ ਸਦੀਆਂ ਤੋਂ ਵਹਿਣ ਵਿਚ ਵਹਿ ਰਹੇ ਭਾਰਤੀ ਇਤਿਹਾਸ ਦਾ ਰੁਖ ਮੋੜ ਦਿੱਤਾ। ਇਤਿਹਾਸ ਦੇ ਪੰਨਿਆਂ ਵਿਚ ਇਸ ਦਿਨ ਤੋਂ ਪਹਿਲਾਂ ਅਤੇ ਬਾਅਦ ਦੇ ਭਾਰਤ ਵਿਚ ਜ਼ਮੀਨ-ਅਸਮਾਨ ਦਾ ਅੰਤਰ ਸਪਸ਼ਟ ਨਜ਼ਰ ਆਉਂਦਾ ਹੈ। ਘਟਨਾਕ੍ਰਮ ਦੀ ਤਫਸੀਲ ਦੁਹਰਾਉਣ ਦੀ ਲੋੜ ਨਹੀਂ। ਸਾਰਾ ਵਿਸ਼ਵ ਜਾਣਦਾ ਹੈ ਇਸ ਇਤਿਹਾਸਿਕ ਵੈਸਾਖੀ ਵਾਲੇ ਦਿਨ ਹਜ਼ਾਰਾਂ ਸੰਗਤਾਂ ਦੇ ਇਕੱਠ ਸਾਹਮਣੇ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਏ ਤਾਂ ਉਨ੍ਹਾਂ ਦੇ ਚਿਹਰੇ 'ਤੇ ਅਦੁੱਤੀ ਜਲਾਲ ਸੀ ਅਤੇ ਹੱਥ ਵਿਚ ਨੰਗੀ ਤੇਗ। ਆਪਣੇ ਮਨ-ਮੰਦਰ ਵਿਚ ਪਹਿਲਾਂ ਤੋਂ ਉਲੀਕੇ ਪ੍ਰੋਗਰਾਮ ਅਨੁਸਾਰ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਪਾਸੋਂ ਇਕ ਸਿਰ ਦੀ ਮੰਗ ਕੀਤੀ। ਸਾਰਾ ਇਕੱਠ ਇਸ ਵਚਿੱਤਰ ਮੰਗ ਨੂੰ ਸੁਣ ਕੇ ਇਕ ਵਾਰ ਤ੍ਰਭਕ ਗਿਆ, ਸਨਸਨੀ ਛਾ ਗਈ ਪਰ ਇਕ ਸਿੱਖ ਉੱਠਿਆ ਤੇ ਉਸ ਨੇ ਆਪਣਾ-ਆਪ ਗੁਰੂ ਜੀ ਦੀ ਭੇਟ ਕਰ ਦਿੱਤਾ। ਗੁਰੂ ਸਾਹਿਬ ਉਸ ਨੂੰ ਨਾਲ ਲੱਗੇ ਤੰਬੂ ਵਿਚ ਲੈ ਗਏ। ਥੋੜ੍ਹੀ ਦੇਰ ਬਾਅਦ ਨੰਗੀ ਕ੍ਰਿਪਾਨ ਲੈ ਕੇ ਤੰਬੂ ਤੋਂ ਬਾਹਰ ਆਏ ਅਤੇ ਇਕ ਹੋਰ ਸਿਰ ਦੀ ਮੰਗ ਕੀਤੀ। ਦੂਜੀ ਵਾਰ ਫਿਰ ਸੰਗਤ ਵਿਚ ਸਨਸਨੀ ਛਾ ਗਈ ਪਰ ਇਸ ਵਾਰ ਵੀ ਇਕ ਗੁਰੂ ਦਾ ਸਿੱਖ ਤੁਰ ਪਿਆ ਆਪਣਾ ਸੀਸ ਭੇਟ ਕਰਨ ਲਈ। ਇਸ ਤਰ੍ਹਾਂ ਪੰਜ ਵਾਰ ਗੁਰੂ ਸਾਹਿਬ ਨੇ ਸੰਗਤਾਂ ਦੇ ਇਕੱਠ ਵਿਚ ਕੁਰਬਾਨੀ ਦੀ ਮੰਗ ਕੀਤੀ ਅਤੇ ਪੰਜੇ ਵਾਰ ਗੁਰੂ ਦੀ ਸੰਗਤ ਪ੍ਰੀਖਿਆ 'ਚੋਂ ਪਾਸ ਹੋਈ। ਆਖਰ ਗੁਰੂ ਜੀ ਆਪਣੇ ਪੰਜਾਂ ਸਿੱਖਾਂ—ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਨਾਲ ਤੰਬੂ ਵਿੱਚੋਂ ਬਾਹਰ ਨਿਕਲੇ। ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਅਤੇ ਇਨ੍ਹਾਂ ਪੰਜ ਮਰਜੀਵੜਿਆਂ ਨੂੰ ਅੰਮ੍ਰਿਤ ਪਾਨ ਕਰਾ ਕੇ 'ਪੰਜਾਂ ਪਿਆਰਿਆਂ' ਦਾ ਖ਼ਿਤਾਬ ਦਿੱਤਾ।

ਜਦੋਂ ਪੰਜਾਂ ਪਿਆਰਿਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਇਕ ਹੋਰ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਲਈ ਕਿਹਾ। ਅੰਮ੍ਰਿਤ ਤਿਆਰ ਹੋ ਜਾਣ 'ਤੇ ਗੁਰੂ ਸਾਹਿਬ ਆਪਣੇ ਹੀ ਸਿੱਖਾਂ ਅੱਗੇ ਹੱਥ ਬੰਨ੍ਹ ਕੇ ਖੜ੍ਹੇ ਹੋ ਗਏ ਅਤੇ ਬੇਨਤੀ ਕੀਤੀ ਕਿ ਅੰਮ੍ਰਿਤ ਦੀ ਦਾਤ ਮੈਨੂੰ ਵੀ ਬਖ਼ਸ਼ੋ। ਬੜੀ ਹੈਰਾਨੀ ਨਾਲ ਪੰਜਾਂ ਪਿਆਰਿਆਂ ਨੇ ਅੰਮ੍ਰਿਤ-ਦਾਤੇ ਗੁਰੂ ਵੱਲ ਸੁਆਲੀਆ

** ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*

ਨਿਗਾਹਾਂ ਨਾਲ ਤੱਕਿਆ। ਗੁਰੂ ਸਾਹਿਬ ਨੇ ਉਨ੍ਹਾਂ ਦੀਆਂ ਸ਼ੰਕਾਵਾਂ ਨਿਵਿਰਤੀ ਕਰਦਿਆਂ ਫੁਰਮਾਇਆ ਕਿ ਖਾਲਸਾ ਅਕਾਲ ਪੁਰਖ ਦੇ ਹੁਕਮ ਅਨੁਸਾਰ ਪ੍ਰਗਟ ਹੋਇਆ ਹੈ ਅਤੇ ਉਨ੍ਹਾਂ ਦਾ ਵੀ ਇਸ ਵਿਚ ਸ਼ਾਮਲ ਹੋਣਾ ਲਾਜ਼ਮੀ ਹੈ। ਖਾਲਸਾ ਉਨ੍ਹਾਂ ਦੀ ਜ਼ਾਤੀ ਜਮਾਤ ਨਹੀਂ, ਸਗੋਂ ਅਕਾਲ ਪੁਰਖ ਦੀ ਫੌਜ ਹੈ ਅਤੇ ਉਹ ਆਪ ਇਸ ਫੌਜ ਦਾ ਹਿੱਸਾ ਬਣਨਾ ਚਾਹੁੰਦੇ ਹਨ। ਇਸ ਤਰ੍ਹਾਂ 'ਆਪੇ ਗੁਰ ਚੇਲਾ' ਕਹਾਉਣ ਵਾਲੇ ਗੁਰੂ ਨੇ 'ਪੰਜਾਂ ਪਿਆਰਿਆਂ' ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਆਪਣੇ-ਆਪ ਨੂੰ ਖਾਲਸੇ ਵਿਚ ਅਭੇਦ ਕਰ ਲਿਆ।

ਇਸ ਤੋਂ ਬਾਅਦ ਪੰਜ ਹੋਰ ਮਰਜੀਵੜਿਆਂ ਨੇ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਹੋ ਕੇ ਅੰਮ੍ਰਿਤ ਹਾਸਲ ਕਰਨ ਲਈ ਆਪਣੇ-ਆਪ ਨੂੰ ਪੇਸ਼ ਕੀਤਾ। ਇਨ੍ਹਾਂ ਪੰਜਾਂ ਸਿੱਖਾਂ ਦੇ ਨਾਂ ਕੁਝ ਇਤਿਹਾਸਕਾਰਾਂ ਨੇ ਇਸ ਤਰ੍ਹਾਂ ਦਰਜ ਕੀਤੇ ਹਨ—ਭਾਈ ਰਾਮ ਸਿੰਘ, ਭਾਈ ਦੇਸਾ ਸਿੰਘ, ਭਾਈ ਟਹਿਲ ਸਿੰਘ, ਭਾਈ ਈਸ਼ਰ ਸਿੰਘ ਤੇ ਭਾਈ ਫਤਹਿ ਸਿੰਘ। ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਇਨ੍ਹਾਂ ਪੰਜਾਂ ਨੂੰ 'ਪੰਜ ਮੁਕਤੇ' ਦਾ ਖ਼ਿਤਾਬ ਦਿੱਤਾ ਸੀ। ਇਤਿਹਾਸ ਸਾਖੀ ਹੈ ਕਿ ਇਸ ਸਾਰੇ ਵਰਤਾਰੇ ਤੋਂ ਬਾਅਦ ਹਜ਼ਾਰਾਂ ਸਿੱਖ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਖਾਲਸਾ ਜਥੇਬੰਦੀ ਵਿਚ ਸ਼ਾਮਲ ਹੋ ਗਏ। ਸਰ ਮੁਹੰਮਦ ਲਤੀਫ ਦੀ 'ਹਿਸਟਰੀ ਆਫ਼ ਪੰਜਾਬ' ਅਨੁਸਾਰ ਪਹਿਲੇ ਪੰਦਰਾਂ ਦਿਨਾਂ ਵਿਚ ਹੀ ੮੦ ਹਜ਼ਾਰ ਤੋਂ ਵੱਧ ਲੋਕੀਂ ਸ੍ਰੀ ਅਨੰਦਪੁਰ ਸਾਹਿਬ ਪੁੱਜ ਚੁੱਕੇ ਸਨ ਅਤੇ ਗੁਰੂ ਸਾਹਿਬ ਦਾ ਮਾਰਗ ਅਪਣਾਉਣ ਲਈ ਤਤਪਰਤਾ ਨਾਲ ਆਪਣਾ-ਆਪ ਪੇਸ਼ ਕਰ ਰਹੇ ਸਨ।

ਇਤਿਹਾਸ ਦੀ ਜੇ ਬਰੀਕੀ ਨਾਲ ਘੋਖ ਕਰੀਏ ਤਾਂ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ 'ਪੰਜਾਂ ਪਿਆਰਿਆਂ' ਦਾ ਸੰਕਲਪ ਸਿੱਖ ਪਰੰਪਰਾ ਦਾ ਇਕ ਅਦੁੱਤੀ ਕਿਸਮ ਦਾ ਸੰਕਲਪ ਹੈ ਅਤੇ ਕੋਈ ਅਤਿਕਥਨੀ ਨਹੀਂ ਕਿ ਇਹੋ ਜਿਹੇ ਇਨਕਲਾਬੀ ਸੰਕਲਪ ਦੀ ਹੋਰ ਮਿਸਾਲ ਸਾਨੂੰ ਦੁਨੀਆਂ ਦੇ ਇਤਿਹਾਸ 'ਚੋਂ ਨਹੀਂ ਮਿਲਦੀ। ਕੁਝ ਐਸੇ ਸਿਧਾਂਤਕ ਨੁਕਤੇ ਹਨ, ਜਿਨ੍ਹਾਂ ਦਾ ਤਫਸੀਲ ਨਾਲ ਮੈਂ ਇੱਥੇ ਜ਼ਿਕਰ ਕਰ ਰਿਹਾ ਹਾਂ।

ਇਸ ਮਹਾਨ ਕ੍ਰਿਸ਼ਮੇ ਬਾਰੇ ਜਿਹੜੀ ਸਭ ਤੋਂ ਪਹਿਲੀ ਗੱਲ ਮੇਰੇ ਜ਼ਿਹਨ ਵਿਚ ਆਉਂਦੀ ਹੈ, ਉਹ ਇਹ ਹੈ ਕਿ ਜੋ ਇਤਿਹਾਸਿਕ ਚਮਤਕਾਰ ੧੬੯੯ ਈ: ਦੀ ਵੈਸਾਖੀ ਨੂੰ ਵਾਪਰਿਆ, ਉਸ ਦੇ ਪਿਛੋਕੜ ਵਿਚ ਸਮੁੱਚੀ ਗੁਰੂ ਪਰੰਪਰਾ ਖੜ੍ਹੀ ਹੈ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਨਿਰੰਤਰਤਾ ਨਾਲ ਖਾਲਸਾ ਪੰਥ ਦੀ ਸਿਰਜਣਾ ਦਾ ਕਾਰਜ ਚੱਲ ਰਿਹਾ ਸੀ, ਜਿਸ ਨੂੰ ਅੰਤਿਮ ਛੋਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤੀ। ਅਮਲੀ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਰਗ ਨੂੰ ਹੀ 'ਪੰਜ ਪਿਆਰੇ' ਸਿਰਜ ਕੇ ਪ੍ਰਤੱਖ ਰੂਪ ਵਿਚ ਪ੍ਰਗਟ ਕੀਤਾ ਗਿਆ ਸੀ।

ਦੋ ਗਵਾਹੀਆਂ ਕਾਫੀ ਹਨ ਇਸ ਤੱਥ ਦੀ ਪ੍ਰੋੜ੍ਹਤਾ ਕਰਨ ਲਈ। ਪਹਿਲੀ ਗੱਲ ਕਿ ਹਿੰਦੁਸਤਾਨ ਦੇ ਕੋਨੇ-ਕੋਨੇ ਤੋਂ ਚੱਲ ਕੇ ਤਕਰੀਬਨ ੮੦ ਹਜ਼ਾਰ ਦੀ ਗਿਣਤੀ ਵਿਚ ਲੋਕਾਂ ਦਾ ਇਸ ਮੌਕੇ 'ਤੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਾ ਇਸ ਗੱਲ ਦਾ ਸਪਸ਼ਟ ਪ੍ਰਮਾਣ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਤੋਂ ਬਾਅਦ ਸਮੁੱਚੀ ਗੁਰੂ ਪਰੰਪਰਾ ਦੇ ਯਤਨਾਂ ਦੁਆਰਾ ਸਿੱਖੀ ਦਾ ਪ੍ਰਸਾਰ ਪੂਰੇ ਹਿੰਦੁਸਤਾਨ ਵਿਚ ਹੋ ਚੁੱਕਾ ਸੀ। ਕੋਈ ਸ਼ੱਕ ਨਹੀਂ ਕਿ ਇਹ ਇਕੱਠ ਉਸੇ ਸਿੱਖੀ ਦਾ ਸੀ, ਜਿਹੜੀ ਸਿੱਖੀ ਗੁਰੂ ਪਰੰਪਰਾ ਦੇ ਨਿਰੰਤਰ ਦੋ ਸਦੀਆਂ ਦੇ ਪ੍ਰਚਾਰ ਨਾਲ ਫੈਲੀ ਸੀ। ਫਿਰ ਜਿਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿਰਾਂ ਦੀ ਮੰਗ ਸੰਗਤਾਂ ਦੇ ਇਕੱਠ ਵਿੱਚੋਂ ਪੂਰੀ ਹੋਈ, ਇਸ ਤੱਥ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਉਦੋਂ ਤਕ ਸਿੱਖ ਸਮਾਜ ਕੁਰਬਾਨੀ ਦਾ ਪਾਠ ਪੜ੍ਹ ਚੁੱਕਾ ਸੀ। ਸਪਸ਼ਟ ਹੈ ਕਿ ਜੋ ਕੁਝ ਵਚਿੱਤਰ ਵਿਹਾਰਕ ਰੂਪ ਵਿਚ ੧੬੯੯ ਈ: ਦੀ ਵੈਸਾਖੀ ਨੂੰ ਵਾਪਰਿਆ, ਉਹ ਬੀਜ ਰੂਪ ਵਿਚ, ਇਕ ਸਿਧਾਂਤ ਦੀ ਤਰ੍ਹਾਂ ਪਹਿਲਾਂ ਤੋਂ ਮੌਜੂਦ ਸੀ। ਮੇਰੀ ਤਾਂ ਮਾਨਤਾ ਹੈ ਕਿ ਜਿਹੜੀ ਪੰਜਾਂ ਪਿਆਰਿਆਂ ਦੀ ਸੰਸਥਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਦੁੱਤੀ ਵਿਧੀ ਰਾਹੀਂ ਲੋਕਾਂ ਦੇ ਸਨਮੁਖ ਪ੍ਰਗਟ ਕੀਤਾ ਸੀ, ਦਾ ਵਿਚਾਰਧਾਰਕ ਮੁੱਢ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਬੰਨ੍ਹਿਆ ਗਿਆ ਸੀ।

ਦੂਜੀ ਗੱਲ ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੀ ਉਸ ਵਿਚਾਰਧਾਰਾ ਅਤੇ ਦ੍ਰਿੜ੍ਹ ਇਰਾਦੇ ਦੇ ਪ੍ਰਤੀਬੱਧਤਾ ਦੀ ਕਰ ਰਿਹਾ ਹਾਂ, ਜਿਹੜੀ ਪੰਜ ਪਿਆਰਿਆਂ ਦੀ ਸਿਰਜਣਾ ਪਿੱਛੇ ਕਾਰਜਸ਼ੀਲ ਸੀ। ਇਤਿਹਾਸਿਕ ਪ੍ਰਵਾਹ ਸਾਨੂੰ ਦੱਸਦਾ ਹੈ ਕਿ ਇਸ ਵਿਚਾਰਧਾਰਾ ਦਾ ਕੇਂਦਰੀ ਧੁਰਾ ਸੀ—ਸਦੀਆਂ ਤੋਂ ਸ਼ੋਸ਼ਣ ਤੇ ਵਿਤਕਰਿਆਂ ਦੀ ਸ਼ਿਕਾਰ ਆਮ ਜਨਤਾ, ਜਿਸ ਨੂੰ ਭਾਰਤੀ ਸਮਾਜੀ ਵਿਵਸਥਾ ਨੇ ਪੈਰਾਂ ਥੱਲੇ ਰੋਂਦਿਆ ਸੀ, ਨੂੰ ਸੱਤਾ ਦੇ ਸਿੰਘਾਸਨ 'ਤੇ ਪਹੁੰਚਾਉਣਾ। ਉਨ੍ਹਾਂ ਦੀ ਪਾਤਸ਼ਾਹੀ ਸਥਾਪਤੀ ਕਰਨੀ, ਜਿਨ੍ਹਾਂ ਨੇ ਰਾਜਨੀਤਿਕ ਸੱਤਾ ਵਿਚ ਭਾਗੀਦਾਰੀ ਦਾ ਸੁਖ ਤਾਂ ਕੀ ਭੋਗਣਾ ਸੀ, ਕਦੇ ਸਮਾਜ ਵਿਚ ਸਮਾਨਤਾ ਦੇ ਅਹਿਸਾਸ ਦਾ ਸੁਖ ਵੀ ਨਹੀਂ ਸੀ ਭੋਗਿਆ। ਤਿਰਸਕਾਰ ਤੇ ਬੇਪਤੀ ਜਿਨ੍ਹਾਂ ਦੇ ਜੀਵਨ ਦੀ ਜ਼ਰੂਰੀ ਸ਼ਰਤ ਬਣ ਚੁੱਕੀ ਸੀ। ਆਪਣੇ ਨਾਲ ਹੋ ਰਹੇ ਅਨਿਆਂ ਨੂੰ ਜਿਨ੍ਹਾਂ ਅਪਣੀ ਕਿਸਮਤ ਤੇ ਰੱਬੀ ਇੱਛਾ ਮੰਨ ਲਿਆ ਸੀ। ਭਾਈ ਕੁਇਰ ਸਿੰਘ ਦੇ ਗੁਰ ਬਿਲਾਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਦ੍ਰਿੜ੍ਹ ਇਰਾਦੇ ਦਾ ਜ਼ਿਕਰ ਮਿਲਦਾ ਹੈ। ਜੇ ਬਾਜ ਚਿੜੀ ਨੂੰ ਮਾਰੇ ਤਾਂ ਇਹ ਕੋਈ ਪ੍ਰਭੁਤਾ ਵਾਲੀ ਗੱਲ ਨਹੀਂ, ਮੇਰਾ ਇਰਾਦਾ ਤਾਂ ਚਿੜੀਆਂ ਪਾਸੋਂ ਬਾਜ ਤੁੜਾਉਣ ਦਾ ਹੈ:

*ਮੈ ਅਸਿਪਾਨਿਜ ਤਬ ਲਖੌ ਕਰੌ ਐਸ ਯੋ ਕਾਮ।*
*ਚਿੜੀਅਨ ਬਾਜ ਤੁਰਾਯ ਹੋ ਸਸੇ ਕਰੋਂ ਸਿੰਘ ਸਾਮ॥*
*ਬਾਜ ਚਿੜੀ ਕਹੁ ਮਾਰ ਹੈ ਏ ਪ੍ਰਭੁਤਾ ਕਛੁ ਨਾਹ।*
*ਤਾਤੈ ਕਾਲ ਕੀਓ ਇਹੈ ਬਾਜ ਹਨੈ ਚਿੜੀਆਹ॥੩੯॥*

**(ਬਾਕੀ ਸਫ਼ਾ ੪੧ 'ਤੇ)**

# ਬਿਖੜੇ ਸਮੇਂ ਵਿਚ ਵੀ ਖਾਲਸਾ ਚੜ੍ਹਦੀ ਕਲਾ 'ਚ ਰਿਹੈ

*-ਸ. ਜਸਵੰਤ ਸਿੰਘ 'ਅਜੀਤ'**

ਇਹ ਗੱਲ ਸਾਰੇ ਸੰਸਾਰ ਦੇ ਇਤਿਹਾਸਕਾਰਾਂ ਲਈ ਹੈਰਾਨੀ ਭਰੀ ਹੈ ਕਿ, ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਸ਼ਹੀਦੀਆਂ ਤੋਂ ਬਾਅਦ, ਜਿਸ ਸਮੇਂ ਸਿੱਖਾਂ 'ਪੁਰ ਅੱਤ ਦੇ ਜ਼ੁਲਮ ਢਾਹੇ ਜਾ ਰਹੇ ਸਨ, ਉਨ੍ਹਾਂ ਦਾ ਖੁਰਾ-ਖੋਜ ਮਿਟਾ ਦੇਣ ਲਈ, ਸ਼ਿਕਾਰ ਮੁਹਿੰਮਾਂ ਛੇੜ ਦਿੱਤੀਆਂ ਗਈਆਂ ਹੋਈਆਂ ਸਨ ਅਤੇ ਉਨ੍ਹਾਂ ਦੇ ਸਿਰਾਂ ਦੇ ਮੁੱਲ ਨਿਸ਼ਚਿਤ ਕਰ ਦਿੱਤੇ ਗਏ ਸਨ, ਉਨ੍ਹਾਂ ਹਾਲਾਤਾਂ ਵਿਚ ਵੀ ਸਿੱਖ ਜੰਗਲਾਂ-ਬੇਲਿਆਂ ਵਿਚ ਸਿਰ ਛੁਪਾਈ ਫਿਰਦੇ ਚੜ੍ਹਦੀ ਕਲਾ ਵਿਚ ਹੀ ਵਿਚਰਦੇ ਦਿਖਾਈ ਦਿੰਦੇ ਸਨ। ਨਾ ਤਾਂ ਉਨ੍ਹਾਂ ਵਿਚ ਨਿਰਾਸ਼ਾ ਨਜ਼ਰ ਆਉਂਦੀ ਸੀ ਤੇ ਨਾ ਹੀ ਚਿਹਰਿਆਂ 'ਪੁਰ ਉਦਾਸੀਨਤਾ ਜਾਂ ਥਕਾਵਟ ਦੇ ਚਿੰਨ੍ਹ। ਪੰਥ ਪ੍ਰਕਾਸ਼ ਦੇ ਕਰਤਾ ਦੇ ਸ਼ਬਦਾਂ ਵਿਚ: 'ਨਾਹਿੰ ਜ਼ਖੀਰੋ ਸਿੰਘਨ ਪਾਸ। ਸਸਤ੍ਰ ਬਸਤਰ ਹੀਨ ਸੁ ਖਾਸ। ਨਾਂਗੇ ਖਰੇ, ਔ ਭੁਖੇ ਪਯਾਸੇ। ਦਾਰੂ ਸਿੱਕਾ ਨਹਿ ਕਛੁ ਪਾਸੇ। ਹਾਟ ਪਟਨ ਬਾਜਾਰ ਸੁ ਨਾਹੀਂ। ਰੋਗੀ ਔਖਧ ਬਿਨ ਮਰ ਜਾਹੀਂ। ਵਰਗੇ ਹਾਲਾਤ ਵੀ ਉਨ੍ਹਾਂ ਦੇ ਦਿਲਾਂ ਵਿਚ ਢਹਿੰਦੀ ਕਲਾ ਜਾਂ ਉਨ੍ਹਾਂ ਦੇ ਕਦਮਾਂ ਵਿਚ ਡਗਮਗਾਹਟ ਨਾ ਲਿਆ ਸਕੇ। ਇਸ ਦਾ ਕਾਰਨ ਇਹ ਸੀ ਕਿ 'ਗੁਰਬਚਨਨ ਕੀ ਉਨਕੋ ਆਸ। ਯਹੀ ਖ਼ਜ਼ਾਨੋ ਸਿੰਘਨ ਪਾਸ'।

ਸ੍ਰੀ ਗੁਰੂ ਰਾਮਦਾਸ ਜੀ ਦੇ ਸ਼ਬਦ: 'ਦੁਖ ਵਿਚਿ ਸੂਖ ਮਨਾਈ', ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਾਈਂ ਮੀਆਂ ਮੀਰ ਨੂੰ ਕਹੇ ਬਚਨ ਕਿ 'ਤਸੀਹੇ ਇਸ ਕਾਰਨ ਝਲ ਰਹੇ ਹਾਂ ਕਿ ਕਸ਼ਟ ਸਹਾਰਦਿਆਂ ਵੀ ਸਬਰ ਦਾ ਪੱਲਾ ਨਾ ਛਡਿਆ ਜਾਏ ਅਤੇ ਵਾਹਿਗੁਰੂ ਨੂੰ ਕੋਸਣ ਦੀ ਬਜਾਏ, ਉਸ ਦੇ ਭਾਣੇ ਨੂੰ ਮਿੱਠਾ ਕਰ ਮੰਨਿਆ ਜਾਏ', ਉਨ੍ਹਾਂ ਦਾ ਮਾਰਗ ਦਰਸ਼ਨ ਕਰ ਰਹੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ 'ਜੁ ਗੁਰ ਕਰਹੈ ਸੋਈ ਹੋਹੈਂ। ਇਸ ਕਾਰਨ 'ਦੁਖ ਸੁਖ ਵਾਰ ਨਫੇ ਨੁਕਸਾਨੈ, ਭਾਣਾ ਗੁਰ ਕਾ ਖੁਸ਼ ਹੋ ਮਾਨੈ'। ਇਸੇ ਵਿਸ਼ਵਾਸ ਕਾਰਨ ਹੀ ਮੌਤ ਨੂੰ ਮਖੌਲਾਂ ਕਰਨਾ ਸਿੱਖਾਂ ਦਾ ਸੁਭਾਅ ਬਣ ਗਿਆ ਸੀ। ਉਨ੍ਹਾਂ ਆਪਣੇ ਵਿਸ਼ਵਾਸ ਨੂੰ ਦ੍ਰਿੜ੍ਹ ਕਰੀ ਰੱਖਣ ਲਈ ਆਪਣੇ ਬੋਲ੍ਹੇ ਵੀ ਚੜ੍ਹਦੀ ਕਲਾ ਵਾਲੇ ਬਣਾ ਲਏ ਸਨ। ਜਿਵੇਂ 'ਛੋਲਿਆਂ' ਨੂੰ 'ਬਦਾਮ', 'ਭੁੱਖੇ ਰਹਿਣ' ਨੂੰ 'ਕੜਾਕੇ ਕੱਢਣਾ', 'ਘਾਹ' ਨੂੰ 'ਹਰਾ ਪਲਾਓ', ਲੰਗਰ ਵਿਚ ਅੰਨ ਪਾਣੀ ਨਾ ਹੋਣ ਤੇ 'ਲੰਗਰ ਮਸਤਾਨਾ' ਕਹਿਣਾ ਆਦਿ ਅਜਿਹੇ ਬੋਲ ਸਨ, ਜੋ ਉਨ੍ਹਾਂ ਦੇ ਦਿਲ ਵਿਚਲੀਆਂ ਭਾਵਨਾਵਾਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਸਹਾਇਕ ਹੁੰਦੇ ਰਹਿੰਦੇ ਸਨ।

ਚੜ੍ਹਦੀ ਕਲਾ ਵਿਚ ਵਿਚਰਨ ਦਾ ਇਕ ਕਾਰਨ ਇਹ ਵੀ ਸੀ ਕਿ ਮੁਸੀਬਤਾਂ ਨੇ

*# 64-C, U&V/B, Shalimar Bagh, DELHI-110088. Mob:+91 98 68 91 77 31*

ਸਾਰਿਆਂ ਨੂੰ ਇਕੱਠਿਆਂ ਕਰ ਦਿੱਤਾ ਹੋਇਆ ਸੀ। ਉਹ ਇਕ ਦੂਜੇ 'ਪੁਰ ਜਾਨ ਵਾਰਨ ਲਈ ਸਦਾ ਤਤਪਰ ਰਹਿੰਦੇ ਸਨ: ਸਿੱਖ ਸਿੱਖ ਪੈ ਵਾਰਤ ਪਰਾਨ' । ਹਾਲਤ ਇਹ ਬਣ ਗਈ: 'ਕੋਈ ਨਾ ਕਰੈ ਸ਼ਰੀਕਾ। ਕੋਈ ਨਾ ਸੁਣਾਵੈ ਦੁੱਖ ਆਪਣੇ ਜੀਅ ਕਾ'। ਕਾਜ਼ੀ ਨੂਰ ਮੁਹੰਮਦ, ਜੋ ਨਫਰਤ ਵਿਚ ਗ੍ਰਸਿਆ ਸਿੱਖਾਂ ਨੂੰ 'ਸੱਗ' (ਕੁੱਤੇ) ਤਕ ਦੇ ਨਾਂ ਨਾਲ ਸੰਬੋਧਨ ਕਰਨੋਂ ਸੰਕੋਚ ਨਹੀਂ ਸੀ ਕਰਦਾ, ਦੇ ਕਥਨ ਅਨੁਸਾਰ 'ਸਿੱਖ ਆਗੂਆਂ ਵਿਚ ਭਰਾਵਾਂ ਵਾਲਾ ਪਿਆਰ ਸੀ'। ਤਸੀਹੇ ਸਹਿੰਦਿਆਂ ਅਤੇ ਦੁਖਾਂ ਵਿਚ ਰਹਿੰਦਿਆਂ, ਉਹ ਇਨ੍ਹਾਂ ਦੇ ਇਤਨੇ ਅਭਿਆਸੀ ਹੋ ਗਏ ਸਨ ਕਿ ਜੰਗਲਾਂ-ਬੇਲਿਆਂ ਵਿਚ ਛੁਪਦੇ-ਫਿਰਦਿਆਂ ਵੀ ਚੜ੍ਹਦੀ ਕਲਾ ਵਿਚ ਬਣੇ ਰਹਿਣਾ, ਉਨ੍ਹਾਂ ਦਾ ਸੁਭਾਅ ਬਣ ਗਿਆ ਹੋਇਆ ਸੀ। ਘੋੜਿਆਂ ਦੀਆਂ ਕਾਠੀਆਂ ਉਨ੍ਹਾਂ ਦੇ ਘਰ ਬਣ ਗਏ ਸਨ।

ਪੰਜਾਬ ਦੇ ਚੱਪੇ-ਚੱਪੇ ਤੋਂ ਵਾਕਿਫ ਹੋਣ ਕਾਰਨ, ਉਹ ਆਪਣੇ ਨੁਕਸਾਨ ਦੇ ਮੁਕਾਬਲੇ ਦੁਸ਼ਮਣ ਦਾ ਬਹੁਤਾ ਨੁਕਸਾਨ ਕਰਨ ਦੇ ਸਮਰੱਥ ਹੋ ਗਏ ਹੋਏ ਸਨ। ਉਨ੍ਹਾਂ ਦੀ ਜੰਗੀ-ਰਣਨੀਤੀ ਦੇ ਬਾਰੇ ਕਾਜ਼ੀ ਨੂਰ ਮੁਹੰਮਦ ਲਿਖਦਾ ਹੈ ਕਿ 'ਜਦੋਂ ਉਹ ਮੈਦਾਨ ਵਿੱਚੋਂ ਭੱਜਦੇ ਜਾ ਰਹੇ ਹੋਣ ਤਾਂ ਇਹ ਨਾ ਸਮਝ ਲੈਣਾ ਕਿ ਉਹ ਹਾਰ ਮੰਨ, ਮੈਦਾਨ ਛੱਡ ਭੱਜ ਗਏ ਹਨ, ਸਗੋਂ ਇਹ ਤਾਂ ਉਨ੍ਹਾਂ ਦਾ ਜੰਗੀ ਪੈਂਤੜਾ ਹੁੰਦਾ ਹੈ'। ਉਨ੍ਹਾਂ ਦੇ ਪਿਛਾਂਹ ਵੱਲ ਨੂੰ ਸਰਪਟ ਦੌੜਦੇ ਜਾਂਦੇ ਘੋੜ ਸਵਾਰ ਇਕ-ਦਮ ਰੁਕ ਕੇ, ਅਜਿਹਾ ਭਰਵਾਂ ਵਾਰ ਕਰ ਬੈਠਦੇ ਹਨ, ਕਿ ਦੁਸ਼ਮਣ ਉਨ੍ਹਾਂ ਦੇ ਅਚਾਨਕ ਹੋਏ, ਇਸ ਹਮਲੇ ਕਾਰਨ ਇਤਨਾ ਹੱਕਾ-ਬੱਕਾ ਹੋ ਜਾਂਦਾ ਹੈ ਕਿ ਉਸ ਨੂੰ ਸਮਝ ਹੀ ਨਹੀਂ ਆਉਂਦੀ ਕਿ ਉਹ ਕੀ ਕਰੇ, ਜਦੋਂ ਤਕ ਉਹ ਆਪਣੇ-ਆਪ ਨੂੰ ਸੰਭਾਲਦਾ ਹੈ, ਸਿੱਖ ਆਪਣਾ ਵਾਰ ਕਰ, ਹਰਨ ਹੋ ਗਏ ਹੁੰਦੇ ਹਨ।

ਕਾਜ਼ੀ ਨੂਰ ਮੁਹੰਮਦ ਉਨ੍ਹਾਂ ਦੇ ਲੜਾਈ ਦੇ ਹੁਨਰ ਦੀ ਪ੍ਰਸੰਸਾ ਕਰਦਿਆਂ, ਉਸ ਨੂੰ ਸਿੱਖਣ ਦੀ ਸਲਾਹ ਦਿੰਦਿਆਂ ਆਪਣੇ ਦੇਸ਼ ਦੇ ਫੌਜੀਆਂ ਨੂੰ ਕਹਿੰਦਾ ਹੈ ਕਿ 'ਜੇ ਤੁਹਾਨੂੰ ਲੜਾਈ ਦੇ ਕਸਬ ਸਿੱਖਣ ਦਾ ਚਾਅ ਹੈ ਤਾਂ ਤੁਸੀਂ ਰਣ-ਭੂਮੀ ਵਿਚ ਇਨ੍ਹਾਂ (ਸਿੱਖਾਂ) ਦੇ ਸਾਹਮਣੇ ਹੋਵੋ। ਉਹ ਤੁਹਾਨੂੰ ਜੰਗ ਦੇ ਅਜਿਹੇ ਢੰਗ ਸਿਖਾਉਣਗੇ ਕਿ ਸਾਰੇ ਹੀ ਅਸ਼-ਅਸ਼ ਕਰ ਉੱਠਣਗੇ'। ਉਹ ਆਪਣੇ ਤਲਵਾਰਬਾਜ਼ਾਂ ਨੂੰ ਆਖਦਾ ਹੈ ਕਿ 'ਜੇ ਤੁਹਾਨੂੰ ਜੰਗੀ ਹੁਨਰ ਸਿੱਖਣ ਦਾ ਚਾਅ ਹੈ, ਤਾਂ ਤੁਸੀਂ ਇਨ੍ਹਾਂ ਪਾਸੋਂ ਸਿੱਖੋ ਕਿ ਕਿਵੇਂ ਲੜਾਈ ਦੇ ਮੈਦਾਨ ਵਿੱਚੋਂ ਆਪਣੇ-ਆਪ ਨੂੰ ਸਾਫ ਬਚਾ ਕੇ ਨਿਕਲਿਆ ਜਾ ਸਕਦਾ ਹੈ'। ਇਸੇ ਤਰ੍ਹਾਂ ਇਕ ਹੋਰ ਇਤਿਹਾਸਕਾਰ ਡਾ. ਸਿਨਹਾ ਲਿਖਦਾ ਹੈ ਕਿ 'ਸਿੱਖਾਂ ਦੀ ਲੜਾਈ ਦਾ ਢੰਗ-ਤਰੀਕਾ ਬਹੁਤ ਹੀ ਨਿਰਾਲਾ ਅਤੇ ਅੱਡਰੀ ਕਿਸਮ ਦਾ ਸੀ। ਉਹ ਦੁਸ਼ਮਣ ਦਾ ਵਧੇਰੇ ਅਤੇ ਆਪਣਾ ਘੱਟ ਨੁਕਸਾਨ ਕਰਵਾਉਣ ਦੇ ਢੰਗ ਨੂੰ ਜਾਣਦੇ ਸਨ'।

ਜਿਨ੍ਹਾਂ ਦਾ ਰਣ-ਭੂਮੀ ਵਿਚ ਸਿੱਖਾਂ ਨਾਲ ਆਹਮੋਂ-ਸਾਹਮਣਾ ਹੋਇਆ ਹੈ, ਉਨ੍ਹਾਂ ਫੌਜੀ ਕਮਾਂਡਰਾਂ ਦਾ ਮੰਨਣਾ ਹੈ ਕਿ ਪੰਜਾਬ ਵਿਚ ਸਿੱਖਾਂ ਨੂੰ ਹਰਾਇਆ ਜਾਣਾ ਕਿਸੇ ਵੀ

ਤਰ੍ਹਾਂ ਸੰਭਵ ਨਹੀਂ, ਉਹ ਅਛੋਪਲੇ ਜਿਹੇ ਆਉਂਦੇ ਹਨ ਅਤੇ ਸ਼ੇਰਾਂ ਵਾਂਗ ਟੁੱਟ ਪੈਂਦੇ ਹਨ, ਜਦੋਂ ਤਕ ਅਸੀਂ ਸੰਭਲਦੇ ਹਾਂ, ਉਹ ਆਪਣਾ ਕੰਮ ਕਰ ਹਰਨ ਹੋ ਗਏ ਹੁੰਦੇ ਹਨ।

**ਸ਼ਹੀਦਾਂ ਦੀ ਪ੍ਰੇਰਨਾ:** ਜਿਵੇਂ ਕਿ ਅਰੰਭ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਕੋਈ ਵੀ ਅਜਿਹਾ ਜ਼ੁਲਮ ਬਾਕੀ ਨਹੀਂ ਸੀ ਰਹਿ ਗਿਆ ਹੋਇਆ, ਜੋ ਸਿੱਖਾਂ 'ਪੁਰ ਢਾਹਿਆ ਨਾ ਗਿਆ ਹੋਵੇ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅੰਤਾਂ ਦੇ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਣਾ, ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਧੜ ਤੋਂ ਵੱਖ ਕੀਤਾ ਜਾਣਾ, ਉਨ੍ਹਾਂ ਤੋਂ ਪਹਿਲਾਂ ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਅਤੇ ਭਾਈ ਸਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਜਾਣਾ, ਉਬਲਦੀ ਦੇਗ਼ ਵਿਚ ਉਬਾਲਿਆ ਜਾਣਾ ਅਤੇ ਰੂੰ ਵਿਚ ਲਪੇਟ ਕੇ ਸਾੜਿਆ ਜਾਣਾ, ਸਾਹਿਬਜ਼ਾਦਿਆਂ ਦਾ ਨੀਹਾਂ ਵਿਚ ਚਿਣਿਆ ਜਾਣਾ, ਬਾਬਾ ਬੰਦਾ ਸਿੰਘ ਬਹਾਦਰ ਨੂੰ ਜੰਬੂਰਿਆਂ ਨਾਲ ਨੋਚ-ਨੋਚ ਕੇ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਤਸੀਹੇ ਦੇ-ਦੇ ਕੇ ਸ਼ਹੀਦ ਕਰ ਦਿੱਤਾ ਜਾਣਾ ਆਦਿ ਅਨੇਕਾਂ ਅਜਿਹੀਆਂ ਸ਼ਹੀਦੀਆਂ ਸਨ, ਜਿਨ੍ਹਾਂ ਦੀ ਪ੍ਰੇਰਨਾ ਸਦਕਾ ਸਿੱਖ ਸ਼ਹੀਦਾਂ ਦੀ ਝੜੀ ਲੱਗ ਗਈ ਸੀ।

ਇਨ੍ਹਾਂ ਸ਼ਹੀਦੀਆਂ ਦੇ ਪਿੱਛੇ ਗੁਰੂ ਸਾਹਿਬਾਨ ਵੱਲੋਂ ਸਥਾਪਿਤ ਉਹ ਆਦਰਸ਼ ਅਤੇ ਅਸੂਲ ਵੀ ਕੰਮ ਕਰ ਰਹੇ ਸਨ, ਜਿਨ੍ਹਾਂ ਅਨੁਸਾਰ ਗਰੀਬ-ਮਜ਼ਲੂਮ ਦੀ ਜਬਰ-ਜ਼ੁਲਮ ਤੇ ਅਨਿਆਇ ਤੋਂ ਰੱਖਿਆ ਨਿਸ਼ਚਿਤ ਕੀਤੀ ਗਈ ਹੋਈ ਸੀ। ਇਕ ਗੱਲ ਇਹ ਵੀ ਧਿਆਨ ਮੰਗਦੀ ਹੈ ਕਿ ਇਨ੍ਹਾਂ ਸ਼ਹੀਦੀਆਂ ਦੇ ਪਿੱਛੇ ਨਾ ਤਾਂ ਕੋਈ ਸੁਆਰਥ ਸੀ ਤੇ ਨਾ ਹੀ ਕਿਸੇ ਤਰ੍ਹਾਂ ਦੇ ਨਿੱਜੀ ਹਿੱਤ ਸੰਬੰਧਿਤ ਸਨ। ਜੇ ਕੁਝ ਸੀ ਤਾਂ ਗੁਰੂ ਸਾਹਿਬ ਵੱਲੋਂ ਬਖ਼ਸ਼ਿਆ ਜਬਰ ਤੇ ਜ਼ੁਲਮ ਦਾ ਨਾਸ ਕਰਨ ਦਾ ਦ੍ਰਿੜ੍ਹ ਇਰਾਦਾ।

ਇਸ ਸਮੇਂ ਦੌਰਾਨ ਸਿੱਖਾਂ ਦਾ ਆਚਰਣ ਵੀ ਸਿਖਰਾਂ 'ਪੁਰ ਸੀ। ਜਿਸ ਦੀ ਮਿਸਾਲ ਉਸ ਸਮੇਂ ਪ੍ਰਚਲਿਤ ਰਹੇ ਇਸ ਕਥਨ ਤੋਂ ਮਿਲਦੀ ਹੈ : 'ਆਏ ਨੀਂ ਨਿਹੰਗ ਬੂਹੇ ਖੋਲ੍ਹ ਦੇ ਨਿਸੰਗ'। ਕਾਜ਼ੀ ਨੂਰ ਮੁਹੰਮਦ ਵੱਲੋਂ ਬਿਆਨੀ ਇਕ ਘਟਨਾ, ਇਸ ਗੱਲ ਦੀ ਸਾਖੀ ਇੰਜ ਭਰਦੀ ਹੈ। ਉਹ ਲਿਖਦਾ ਹੈ ਕਿ ਇਕ ਵਾਰ ਸਿੱਖਾਂ ਨੂੰ ਸੂਹ ਲੱਗੀ ਕਿ ਨੇੜੇ ਹੀ ਮੁਗ਼ਲਾਂ ਦਾ ਇਕ ਕੈਂਪ ਲੱਗਾ ਹੋਇਆ ਹੈ। ਉਹ ਝੱਟ ਹੀ ਤੇਗਾਂ ਸੂਤ ਕੇ ਘੋੜਿਆਂ ਤੇ ਸਵਾਰ ਹੋ ਵਾਹੋ ਦਾਹੀ ਭੱਜ ਪਏ। ਜਦੋਂ ਉਹ ਕੈਂਪ ਦੇ ਨੇੜੇ ਪੁੱਜੇ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਕੈਂਪ ਮੁਗ਼ਲ ਸਿਪਾਹੀਆਂ ਦਾ ਨਹੀਂ, ਸਗੋਂ ਉਨ੍ਹਾਂ ਦੀਆਂ ਬੇਗ਼ਮਾਂ ਦਾ ਹੈ, ਤਾਂ ਉਨ੍ਹਾਂ ਝੱਟ ਹੀ ਤੇਗਾਂ ਮਿਆਨ ਵਿਚ ਪਾ, ਘੋੜਿਆਂ ਦੇ ਮੂੰਹ ਮੋੜ ਲਏ। ਉਹ (ਕਾਜ਼ੀ ਨੂਰ ਮੁਹੰਮਦ) ਲਿਖਦਾ ਹੈ ਕਿ 'ਸ਼ਾਬਾਸ਼ ਸੱਗਾਂ ਦੀ ਕੌਮ, ਜੋ ਦੁਸ਼ਮਣ ਦੀ ਮਾਂ-ਬੇਟੀ ਨੂੰ ਆਪਣੀ ਮਾਂ-ਬੇਟੀ ਸਵੀਕਾਰਦੀ ਅਤੇ ਉਸ ਦਾ ਸਨਮਾਨ ਕਰਦੀ ਹੈ'। ਇਹੀ (ਕਾਜ਼ੀ ਨੂਰ ਮਹੰਮਦ) ਹੋਰ ਲਿਖਦਾ ਹੈ ਕਿ ਜੇ ਲੜਾਈ ਲੜਦਿਆਂ ਕਿਸੇ ਦੁਸ਼ਮਣ ਦੀ ਪੱਗੜੀ ਉਤਰ ਜਾਏ ਤਾਂ ਇਹ ਝੱਟ ਆਪਣਾ ਹੱਥ ਰੋਕ ਉਸ ਨੂੰ ਆਪਣੀ ਪੱਗ ਸੰਭਾਲਣ ਦੀ ਤਾਕੀਦ ਕਰਦਿਆਂ ਆਖਦੇ ਹਨ ਕਿ 'ਆਪਣੀ ਪੱਗ ਸੰਭਾਲ, ਮੈਂ ਤੇਰੀ ਇੱਜ਼ਤ

ਉਛਾਲਣ ਨਹੀਂ ਆਇਆ'। ਭਾਈ ਕੇਸਰ ਸਿੰਘ ਛਿੱਬਰ ਸਿੱਖਾਂ ਦੇ ਆਚਰਣ ਦੀ ਤਸਵੀਰ ਖਿੱਚਦਿਆਂ ਲਿਖਦਾ ਹੈ: 'ਸਿੱਖ ਆਹੇ ਕਿਰਤੀ ਧਰਮ ਦੀਆਂ ਮੂਰਤਾਂ। ਅੰਦਰ ਗਊ ਦਾ, ਬਾਹਰ ਸ਼ੇਰ ਦੀਆਂ ਸੂਰਤਾਂ'।

ਉਸ ਸਮੇਂ ਦੇ ਸਿੱਖਾਂ ਦੇ ਆਚਰਣ ਦੇ ਸਬੰਧ ਵਿਚ ਪੰਥ ਪ੍ਰਕਾਸ਼ ਦੇ ਕਰਤਾ ਨੇ ਇਕ ਥਾਂ ਇਉਂ ਲਿਖਿਆ ਹੈ : ਆਪ ਸਹੈਂ ਵੈ ਨੰਗ ਭੁੱਖ। ਦੇਖ ਸਕੈਂ ਨਹਿ ਸਿੰਘਨ ਦੁੱਖ।

ਇਸ ਪਿੱਛੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉਹ ਆਦਰਸ਼ ਵੀ ਕੰਮ ਕਰ ਰਿਹਾ ਸੀ, ਜੋ ਉਨ੍ਹਾਂ ਨੇ 'ਹਮ ਲੈ ਜਾਨਹੁ ਪੰਥ ਉਚੇਰੇ', ਦੇ ਨਿਸ਼ਾਨੇ ਨੂੰ ਮਿਥ ਕੇ ਕਾਇਮ ਕੀਤਾ ਸੀ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਜੰਗ ਦੇ ਦੌਰਾਨ ਸਿੱਖ ਦੁਸ਼ਮਣ ਦੇ ਮਾਲ-ਅਸਬਾਬ ਦੇ ਨਾਲ ਦੁਸ਼ਮਣ ਦੀ ਇਕ ਲੜਕੀ ਵੀ ਪਕੜ ਲਿਆਏ। ਗੁਰੂ ਸਾਹਿਬ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਤੁਰੰਤ ਹੀ ਉਨ੍ਹਾਂ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਉਹ ਲੁੱਟੇ ਮਾਲ ਦੇ ਨਾਲ ਇਸ ਲੜਕੀ ਨੂੰ ਵੀ ਸਤਿਕਾਰ ਸਹਿਤ ਉਸ ਦੇ ਘਰ ਤਕ ਪਹੁੰਚਾ ਦੇਣ। ਇਹ ਆਦੇਸ਼ ਸੁਣ ਕੁਝ ਸਿੱਖਾਂ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਵੀ ਬਦਲਾ ਲੈਣ ਦੀ ਆਗਿਆ ਹੋਣੀ ਚਾਹੀਦੀ ਹੈ? ਇਹ ਸੁਣ ਗੁਰੂ ਸਾਹਿਬ ਨੇ ਕਿਹਾ ਕਿ 'ਹਮ ਲੈ ਜਾਨਹੁ ਪੰਥ ਉਚੇਰੇ। ਨਾਹਿ ਅਧੋਗਤੀ ਬਿਖ ਪਹੁਚਾਵੇ ਤਾਂ ਤੇ ਰਲ ਮਲ ਕਰਨ ਹਟਾਵੈ'। ਇਸ ਕਾਰਨ ਸਿੱਖਾਂ ਨੂੰ ਅਜਿਹੇ ਕੁਕਰਮਾਂ ਤੋਂ ਬਚਣਾ ਚਾਹੀਦਾ ਹੈ, ਜੋ ਅਧੋਗਤੀ ਵੱਲ ਲਿਜਾਂਦੇ ਹਨ। ਗੁਰੂ ਸਾਹਿਬ ਵੱਲੋਂ ਨਿਸ਼ਚਿਤ ਇਸ ਆਦਰਸ਼ 'ਪੁਰ ਪਹਿਰਾ ਦਿੰਦਿਆਂ ਸਿੱਖਾਂ ਨੇ ਆਪਣੇ ਉੱਚ ਆਚਰਣ ਨੂੰ ਜਿਸ ਤਰ੍ਹਾਂ ਕਾਇਮ ਰੱਖਿਆ, ਉਸ ਦੇ ਫਲਸਰੂਪ ਅਨੇਕਾਂ ਨਵੇਂ ਸਿੱਖ ਬਣੇ ਅਤੇ ਸਿੱਖਾਂ ਪ੍ਰਤੀ ਅਜਿਹੀ ਵਿਸ਼ਵਾਸ ਦੀ ਭਾਵਨਾ ਪੈਦਾ ਹੋਈ ਕਿ ਅੰਗਰੇਜ਼ੀ ਰਾਜ ਦੇ ਅਰੰਭਿਕ ਸਮੇਂ ਦੌਰਾਨ ਜੱਜ ਇਕ ਸਿੱਖ ਦੀ ਗਵਾਹੀ 'ਤੇ ਹੀ ਅੰਤਮ ਫੈਸਲੇ ਦੇ ਦਿਆ ਕਰਦੇ ਸਨ, ਕਿਉਂਕਿ ਉਨ੍ਹਾਂ ਨੂੰ ਵਿਸ਼ਵਾਸ ਹੁੰਦਾ ਸੀ ਕਿ ਸਿੱਖ ਝੂਠ ਨਹੀਂ ਬੋਲ ਸਕਦਾ।

**ਸਿੱਖੀ ਦਾ ਪ੍ਰਚਾਰ:** ਇਸ ਸੰਘਰਸ਼ ਦੇ ਸਮੇਂ ਦੌਰਾਨ ਜਿੱਥੇ ਸਿੱਖ ਆਪਣੀ ਹੋਂਦ ਕਾਇਮ ਰੱਖਣ ਅਤੇ ਗਰੀਬ-ਮਜ਼ਲੂਮ ਦੀ ਰੱਖਿਆ ਦੇ ਉਦੇਸ਼ ਨੂੰ ਮੁੱਖ ਰੱਖਦਿਆਂ ਜਬਰ ਤੇ ਜ਼ੁਲਮ ਨੂੰ ਠਲ੍ਹ ਪਾਉਣ ਲਈ ਜੂਝ ਰਹੇ ਸਨ, ਉਸ ਸਮੇਂ ਨਿਰਮਲਿਆਂ ਅਤੇ ਸੇਵਾ-ਪੰਥੀਆਂ ਵੱਲੋਂ ਸਿੱਖੀ ਦੇ ਪ੍ਰਚਾਰ ਦੀ ਘਾਟ ਨੂੰ ਪੂਰਿਆਂ ਕਰਨਾ ਜਾਰੀ ਰੱਖਿਆ ਗਿਆ। ਭਾਵੇਂ ਇਨ੍ਹਾਂ ਦਾ ਪ੍ਰਚਾਰ ਦਬਿਆ-ਘੁੱਟਿਆ ਸੀ, ਫਿਰ ਵੀ ਇਸ ਨੇ ਸਿੱਖੀ ਦੀ ਜੋਤ ਨੂੰ ਜਗਦਿਆਂ ਰੱਖਿਆ ਹੋਇਆ ਸੀ। ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਨਿਰਮਲੇ ਸਾਧੂਆਂ ਦੇ ਪ੍ਰਚਾਰ ਨੇ ਉਸ ਘਾਟ ਨੂੰ ਪੂਰਿਆਂ ਕਰਦਿਆਂ ਸਿੱਖੀ ਦੀ ਜੋਤ ਨੂੰ ਜਗਦਿਆਂ ਰੱਖਣ ਵਿਚ ਵੱਡਾ ਹਿੱਸਾ ਪਾਇਆ। ਜਦ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਚ ਦੀਵਾ ਤਕ ਜਗਾਉਣ ਦੀ ਮਨਾਹੀ ਸੀ ਤਾਂ ਸੇਵਾ ਪੰਥੀ ਭਾਈ ਪਰਮਾ ਨੰਦ ਪੁਠੀ ਤਾਰੀ ਤਰ ਹਰ ਰੋਜ਼ ਦੀਵਾ ਜਗਾ ਜਾਂਦੇ ਸਨ। ■

# ਕੇਸ ਗੁਰੂ ਦੀ ਮੋਹਰ

*-ਸ. ਗੁਰਚਰਨਜੀਤ ਸਿੰਘ**

ਗੁਰੂ ਨਾਨਕ ਸਾਹਿਬ ਜੀ ਮਹਾਰਾਜ ਨੇ ਪੱਛਮ ਦੀ ਉਦਾਸੀ ਦੌਰਾਨ ਇਸਲਾਮੀ ਮੁਲਕਾਂ ਦਾ ਦੌਰਾ ਕੀਤਾ। ਇਸ ਦੌਰਾਨ ਆਪ ਜੀ ਨੂੰ ਜਗਤ ਜਲੰਦੇ ਨੂੰ ਤਾਰਨ ਲਈ ਜੋ ਧੁਰੋਂ ਹੁਕਮ ਹੋਇਆ ਸੀ ਉਸ ਸੱਚ ਕੀ ਬਾਣੀ ਦੇ ਇਲਾਹੀ ਹੁਕਮ ਦਾ ਪ੍ਰਚਾਰ ਕੀਤਾ। ਮੱਕੇ ਦੇ ਮੁਕਾਮ 'ਤੇ ਮੌਲਵੀ ਬਹਾਵਦੀਨ ਨੇ ਆਪ ਜੀ ਨੂੰ ਕਿਹਾ ਕਿ :

*ਆਖੇ ਪੀਰ ਬਹਾਵਦੀ ਸੁਣਹੋ ਨਾਨਕ ਸਾਹ।...*
*ਲਿਖਿਆ ਵਿਚਿ ਕਤੇਬ ਦੇ ਕਹਿਆ ਰਸੂਲ ਖੁਦਾਇ।*
*ਬਾਝੂ ਰਾਹਿ ਸ਼ਰਾਅ ਦੇ ਬੰਦੇ ਪਾਕਿ ਨ ਹੋਇ।*
*ਬਾਝੂ ਸੁਨਤਿ ਆਦਮੀ ਦਰਗਹਿ ਲਹਨਿ ਨ ਢੋਇ।*

ਇਸਲਾਮ ਦੇ ਗੜ੍ਹ ਅਤੇ ਸ਼ਰ੍ਹਾ ਨੂੰ ਲਾਗੂ ਕਰਵਾਉਣ ਵਾਲਿਆਂ ਦੇ ਵਿਚਕਾਰ ਗੁਰੂ ਸਾਹਿਬ ਨੇ ਜੋ ਜਵਾਬ ਦਿੱਤਾ, ਮੱਕੇ ਦੀ ਗੋਸ਼ਟਿ ਦੇ ਲਿਖਾਰੀ ਨੇ ਦੱਸਿਆ ਹੈ ਕਿ ਸੂਰਮੇ ਗੁਰੂ ਬਾਬਾ ਨਾਨਕ ਨੇ ਜਵਾਬ ਦਿੱਤਾ ਕਿ ਕੇਸ ਅਕਾਲ ਪੁਰਖ ਦੀ ਅਮਾਨਤ ਵਜੋਂ ਇਨਸਾਨ ਜਨਮ ਤੋਂ ਨਾਲ ਲੈ ਕੇ ਆਉਂਦਾ ਹੈ। ਐਸੇ ਪੁਰਖ ਦਾ ਸਤਿਕਾਰ ਕਰੋ ਜੋ ਅੱਲ੍ਹਾ ਪਾਕ ਦੀ ਬਖ਼ਸ਼ਿਸ਼ ਕੀਤੇ ਕੇਸਾਂ ਨੂੰ ਸਦਾ ਆਪਣੇ ਸੀਸ 'ਤੇ ਸਜਾ ਕੇ ਰੱਖਦਾ ਹੈ। ਐਸਾ ਪੁਰਖ ਜੇਕਰ ਹਿੰਦੂ ਹੈ ਤਾਂ ਮਹਾਂਰਿਸ਼ੀ ਅਤੇ ਜੇਕਰ ਮੁਸਲਮਾਨ ਹੈ ਤਾਂ ਸੱਯਦ ਦਾ ਸਤਿਕਾਰਯੋਗ ਰੁਤਬਾ ਪਾਏਗਾ:

*ਜਵਾਬ ਨਾਨਕ ਸਾਹ ਸੂਰਾ*
*ਸਚੀ ਸੁਨਿਤ ਰਬ ਦੀ ਮੋਇਆ ਲੈ ਆਇਆ ਨਾਲ।*
*ਜੋ ਰਖੇ ਮੋਇ ਆਮਾਨਤੀ ਖਾਸਾ ਬੰਦਾ ਭਾਲਿ।*
*ਅਵਲ ਸੁੰਨਤਿ ਮੋਇ ਹੈ ਸਿਰ ਪਰ ਰਖੇ ਕੋਇ।*
*ਪਾਵੇ ਮਹਾਤਬ ਸਯਦੀ ਬਡਾ ਰਿਖੀਸਰੁ ਹੋਇ।...*

ਗੁਰੂ ਜੀ ਨੇ ਅੱਗੇ ਹੋਰ ਫੁਰਮਾਇਆ ਕਿ ਇਹ ਕੇਸ ਦਰਅਸਲ ਖੁਦਾਹ ਦਾ ਸਿਰਪਾਉ ਹੈ ਜੋ ਹਰ ਇਨਸਾਨ ਆਪਣੇ ਨਾਲ ਲੈ ਕੇ ਆਉਂਦਾ ਹੈ। ਇਸ ਲਈ ਹਰ ਇਕ ਦਾ ਫਰਜ਼ ਹੈ ਕਿ ਰੱਬ ਦੀ ਇਸ ਬਖ਼ਸ਼ਿਸ਼ ਕੇਸਾਂ ਰੂਪੀ ਸਿਰਪਾਉ ਨੂੰ ਸੰਭਾਲ ਕੇ ਵਾਪਸ ਰੱਬ ਦੀ ਦਰਗਾਹ ਵਿਚ ਲੈ ਕੇ ਜਾਵੇ ਅਤੇ ਨਾਲ ਹੀ ਗੁਰੂ ਜੀ ਨੇ ਤਾੜਨਾ ਵੀ ਕੀਤੀ ਕਿ ਰੱਬ ਦੀ ਇਸ ਪਾਵਨ ਦੇਣ ਕੇਸਾਂ ਨੂੰ ਭੰਨਣ ਵਾਲੇ ਦਰਅਸਲ ਅਮਾਨਤ ਵਿਚ ਖਿਆਨਤ ਕਰਨ ਕਰ ਕੇ ਬੇਈਮਾਨ ਹਨ:

** #੨੪, ਸ਼ਹੀਦ ਊਧਮ ਸਿੰਘ ਨਗਰ, ਜਲੰਧਰ ਸ਼ਹਿਰ। ਫੋਨ: ੦੯੮੧੫੯-੬੩੦੩੬*

*ਮੋਇ ਸਿਰਪਾਉ ਖੁਦਾਇਦਾ ਲੈ ਆਇਆ ਬੰਦਾ ਨਾਲ।*
*ਨਾਨਕ ਆਖੇ ਪੀਰ ਜੀ ਫਿਰ ਲੈ ਜਾਇ ਨਾਲ।*
*ਫਿਰ ਗਇਆ ਦਰਗਹ ਵਿਚਿ ਅਕੇ ਰਖਿ ਨੀਸਾਨ।...*
*ਸਾਬਤਿ ਸੁੰਨਤਿ ਰਬ ਦੀ ਭੰਨਨ ਬੇਈਮਾਨ।*

*(ਮੱਕੇ ਮਦੀਨੇ ਦੀ ਗੋਸ਼ਟਿ, ਸਫ਼ਾ ੧੪੪)*

ਗੁਰਮਤਿ ਨੇ ਸਾਰੀ ਇਨਸਾਨੀਅਤ ਨੂੰ ਸੁਨੇਹਾ ਦਿੱਤਾ ਹੈ ਕਿ ਨਾਪਾਕ ਨੂੰ ਪਾਕ ਕਰਨ ਦਾ ਇੱਕੋ ਇਕ ਤਰੀਕਾ ਸਾਬਤ ਸੂਰਤ ਅਤੇ ਸਿਰ 'ਤੇ ਦਸਤਾਰ ਹੈ:

*ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ॥*

*(ਪੰਨਾ ੧੦੮੩)*

ਸੋ ਇਸ ਵਾਰਤਾ ਤੋਂ ਸਪਸ਼ਟ ਹੈ ਕਿ ਪੰਜ ਕਕਾਰਾਂ ਵਿਚ ਮੁੱਖ ਕਕਾਰ ਦੀ ਬਖ਼ਸ਼ਿਸ਼ ਅਤੇ ਤਾਕੀਦ ਮੁੱਢ ਤੋਂ ਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰ ਦਿੱਤੀ ਸੀ। 'ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ॥' ਇਸ ਪੰਥ ਨੂੰ ਚਲਾਇਆ ਤਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਸੀ ਪਰ ਕਲਗੀਧਰ ਪਿਤਾ ਨੇ ਬਚਨ ਕੀਤਾ ਕਿ 'ਪੰਥ ਪ੍ਰਚੁਰ ਕਰਬੇ ਕੋ ਸਾਜਾ'। ਯਾਨਿ ਕਿ ਇਸ ਪੰਥ ਦੇ ਪ੍ਰਚਾਰ ਯਾ ਵਾਧੇ ਲਈ ੧੬੯੯ ਈ: ਨੂੰ ਕਲਗੀਧਰ ਪਿਤਾ ਨੇ ਪ੍ਰਪੱਕਤਾ ਪ੍ਰਦਾਨ ਕੀਤੀ। ਆਪ ਜੀ ਨੇ ਕੇਸਾਂ ਨੂੰ ਪੰਜ ਕਕਾਰਾਂ ਵਿਚ ਇਕ ਕਕਾਰ ਨੀਯਤ ਕਰ ਕੇ ਇਸ ਦੀ ਬੇਅਦਬੀ ਕਰਨ ਵਾਲੇ ਨੂੰ ਸਿੱਖੀ ਤੋਂ ਹੀ ਪਤਿਤ ਕਰਾਰ ਦੇਣ ਦਾ ਹੁਕਮ ਜਾਰੀ ਕਰ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਿਰਪਾਨ ਅਤੇ ਕੇਸਾਂ ਦੀ ਦਾਤ ਦੇ ਕੇ ਖਾਲਸੇ ਨੂੰ ਰਾਜ ਯੋਗੀ ਬਣਾਇਆ। ਆਪ ਜਿਸ ਬਾਰੇ ਸ਼ਾਇਰੇ ਮਸ਼ਰਕ ਅਲਾਮਾ ਇਕਬਾਲ ਨੇ ਖਾਲਸੇ ਦੀ ਉਸਤਤ ਕਰਦਿਆਂ ਇਸ ਬਾਰੇ ਕਿਹਾ ਕਿ ਇਹ ਤਾਂ 'ਕਲੰਦਰਾਨਾ ਅਦਾਏਂ ਸਕੰਦਰਾਨਾ ਜਲਾਲ' ਹੈ। ਯਾਨੀ ਕਿ ਖਾਲਸੇ ਦੀਆਂ ਅਦਾਵਾਂ ਲਟ ਬੋਰੂ ਫਕੀਰਾਂ ਵਰਗੀਆਂ ਅਤੇ ਜਲਾਲ ਬਾਦਸ਼ਾਹਾਂ ਵਰਗਾ ਹੈ। ਇਸ ਦੇ ਨਾਲ ਹੀ 'ਸਿੱਖੀ ਕੇਸਾਂ ਸਵਾਸਾਂ ਸੰਗ ਨਿਭਣ', 'ਕੇਸ ਦਾਨ ਰਹਿਤ ਦਾਨ' ਦੀ ਮੰਗ ਹਰ ਸਿੱਖ ਦੀ ਨਿਤਾਪ੍ਰਤਿ ਅਰਦਾਸ ਦਾ ਅੰਗ ਹੋ ਗਿਆ।

ਗੁਰੂ ਦੇ ਵਿਚਾਰਾਂ ਨੂੰ ਮੰਨਣ ਦਾ ਨਾਮ ਹੀ ਸਿੱਖੀ ਹੈ। 'ਸਿਖੀ ਸਿਖਿਆ ਗੁਰ ਵਿਚਾਰਿ॥ ਨਦਰੀ ਕਰਮਿ ਲਘਾਏ ਪਾਰਿ॥' ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਫੁਰਮਾਨ ਹੈ। ਸਿੱਖ ਦੀ ਪਛਾਣ ਦੇ ਤਿੰਨ ਪੜਾਅ ਹਨ— ਦੀਦਾਰ, ਗ਼ੁਫ਼ਤਾਰ ਅਤੇ ਕਿਰਦਾਰ। ਯਾਨੀ ਕਿ ਉਸ ਦਾ ਬਾਹਰਲਾ ਚਿਹਰਾ ਮੋਹਰਾ, ਉਸ ਦੀ ਗੱਲਬਾਤ ਅਤੇ ਉਸ ਦਾ ਅਮਲ। ਸਿੱਖ ਨੂੰ ਹਰ ਪੜਾਅ ਵਿੱਚੋਂ ਸੁਰਖਰੂ ਹੋ ਕੇ ਲੰਘਣਾ ਪੈਣਾ ਹੈ। ਹੁਣ ਜੇਕਰ ਪਹਿਲੀ ਸਟੇਜ ਦੀਦਾਰੀ ਤੌਰ 'ਤੇ ਹੀ ਉਹ ਸਿੱਖੀ ਤੋਂ ਮੁਨਕਰ ਹੈ ਤਾਂ ਫਿਰ ਜਦੋਂ ਅਰਦਾਸ ਵਿਚ ਇਹ ਮੰਗ ਆਵੇਗੀ 'ਸਿੱਖੀ ਕੇਸਾਂ ਸੰਗ ਨਿਭੇ',

'ਸਿੱਖਾਂ ਨੂੰ ਕੇਸ ਦਾਨ, ਰਹਿਤ ਦਾਨ' ਜਾਂ 'ਜਿਨ੍ਹਾਂ ਧਰਮ ਖਾਤਰ ਖੋਪਰੀਆਂ ਉਤਰਵਾਈਆਂ' ਤਾਂ ਫਿਰ ਕੀ ਉਹ ਕੰਨ ਬੰਦ ਕਰ ਲਵੇਗਾ ਜਾਂ ਪਖੰਡ ਕਰ ਕੇ ਖੜ੍ਹਾ ਰਹੇਗਾ?

ਜਿਸ ਤਰ੍ਹਾਂ ਕਿਸੇ ਮੁਲਕ ਦਾ ਝੰਡਾ ਮੁਲਕ ਨਹੀਂ ਹੁੰਦਾ ਉਸ ਮੁਲਕ ਦਾ ਚਿੰਨ੍ਹ ਹੀ ਹੁੰਦਾ ਹੈ। ਮੁਲਕ ਨੂੰ ਪਿਆਰ ਕਰਨ ਵਾਲੇ ਇਸ ਚਿੰਨ੍ਹ ਉੱਤੇ ਮਰ ਮਿਟਦੇ ਹਨ। ਐਨ ਇਸੇ ਤਰ੍ਹਾਂ ਜਿਸ ਦੇ ਅੰਦਰ ਸਿੱਖੀ ਦਾ ਪ੍ਰਕਾਸ਼ ਹੋਵੇਗਾ, ਉਹ ਇਸ ਦੇ ਚਿੰਨ੍ਹਾਂ ਨੂੰ ਕਿਸੇ ਕੀਮਤ 'ਤੇ ਵੀ ਵੱਖ ਨਹੀਂ ਹੋਣ ਦੇਵੇਗਾ। ਗੁਰੂ ਸਾਹਿਬਾਨ ਦੇ ਸਰੀਰਿਕ ਰੂਪ ਵਿਚ ਹਾਜ਼ਰ ਹੋਣ ਸਮੇਂ ਜਿਸ ਨੇ ਉਨ੍ਹਾਂ 'ਤੇ ਹਮਲਾ ਕਰਨਾ ਹੁੰਦਾ ਸੀ, ਉਹ ਉਨ੍ਹਾਂ ਦੇ ਸਰੀਰ 'ਤੇ ਹਮਲਾ ਕਰਦਾ ਸੀ। ਅੱਜ ਜੇ ਕਿਸੇ ਨੇ ਗੁਰੂ 'ਤੇ ਹਮਲਾ ਕਰਨਾ ਹੈ ਤਾਂ ਉਹ ਉਨ੍ਹਾਂ ਦੀ ਮੋਹਰ 'ਤੇ, ਉਨ੍ਹਾਂ ਦੇ ਚਿੰਨ੍ਹਾਂ 'ਤੇ ਹਮਲਾ ਕਰੇਗਾ। ਗੁਰੂ ਦੇ ਇਸ ਚਿੰਨ੍ਹ ਨਾਲ ਪਕੜ ਹੀ ਇਕ ਪੈਮਾਨਾ ਹੈ ਜੋ ਇਹ ਦਰਸਾਏਗੀ ਕਿ ਕੌਮ ਵਿਚ ਅਜੇ ਕਿੰਨੀ ਸਿੱਖੀ ਬਾਕੀ ਹੈ। ਭਾਈ ਤਾਰੂ ਸਿੰਘ ਨੂੰ ਜਦੋਂ ਕਾਜ਼ੀ ਨੇ ਕਿਹਾ ਕਿ ਜੇ ਤੂੰ ਕੇਸ ਨਹੀਂ ਕਟਵਾਏਂਗਾ ਤਾਂ ਮਾਰ ਦਿੱਤਾ ਜਾਏਂਗਾ। ਭਾਈ ਸਾਹਿਬ ਨੇ ਇੱਕੋ ਸਵਾਲ ਹੀ ਪੁੱਛਿਆ ਸੀ, 'ਕਾਜ਼ੀ ਸਾਹਿਬ! ਜੇ ਕੇਸ ਕਟਵਾ ਲਵਾਂਗਾ ਤਾਂ ਕੀ ਆਪ ਮੌਤ ਤੋਂ ਬਚਾ ਲਓਗੇ?' ਕੋਈ ਜਵਾਬ ਹੀ ਨਹੀਂ ਸੀ। ਭਾਈ ਸਾਹਿਬ ਦੀ ਖੋਪਰੀ ਤਾਂ ਉਤਰ ਗਈ ਪਰ ਕੇਸ ਨਹੀਂ ਕਟਵਾਏ। ਸਿੱਖ ਦੀ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਣ ਦੀ ਅਰਦਾਸ ਪੂਰੀ ਹੋ ਗਈ।

ਜਿਸ ਤਰ੍ਹਾਂ ਕੇਸ ਸਿੱਖੀ ਦੇ ਚਿੰਨ੍ਹ ਹਨ ਅਤੇ ਕੇਸਾਂ ਕਰਕੇ ਹੀ ਸਿੱਖੀ ਦਾ ਸਤਿਕਾਰ ਵੀ ਹੈ ਤੇ ਸਿੱਖੀ ਬਚੀ ਵੀ ਕੇਸਾਂ ਕਰਕੇ ਹੀ ਹੈ। ਪਰ ਇਹ ਵੀ ਇਕ ਤੱਥ ਹੈ ਕਿ ਇਨ੍ਹਾਂ ਕੇਸਾਂ ਕਰਕੇ ਹੀ ਸਿੱਖਾਂ ਨੂੰ ਅਣਗਿਣਤ ਕੁਰਬਾਨੀਆਂ ਵੀ ਦੇਣੀਆਂ ਪਈਆਂ ਅਤੇ ਸਾਰੇ ਇਤਿਹਾਸ ਦੀ ਸਿਰਜਣਾ ਵੀ ਇਨ੍ਹਾਂ ਚਿੰਨ੍ਹਾਂ ਦੀ ਖਾਤਰ ਆਪਾ ਵਾਰਣ ਵਾਲਿਆਂ ਕਰ ਕੇ ਹੀ ਹੋਈ ਹੈ। ਕਲਗੀਧਰ ਪਿਤਾ ਦੀ ਇਸ ਦਾਤ ਕੇਸਾਂ ਪ੍ਰਤੀ ਤੜਪ ਅਤੇ ਟੁੱਟੀ ਗੰਢਣਹਾਰ ਪ੍ਰੀਤਮ ਕੋਲੋਂ ਆਪਣੀ ਭੁੱਲ ਬਖ਼ਸ਼ਾਉਣ ਦੀ ਹੇਠ ਦਿੱਤੀ ਚਿੱਠੀ ਅਤੇ ਵਾਰਤਾ ਧਿਆਨ ਮੰਗਦੀ ਹੈ।

ਸਿੱਖ ਰਾਜ ਦੀ ਸਮਾਪਤੀ ਉਪਰੰਤ ਮਹਾਰਾਜਾ ਦਲੀਪ ਸਿੰਘ ਕੇਵਲ ਨੌਂ ਵਰ੍ਹਿਆਂ ਦੇ ਹੀ ਸਨ ਜਦੋਂ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਆਪਣੀ ਹਿਫਾਜ਼ਤ ਵਿਚ ਲੈ ਲਿਆ। ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਥੱਲੇ ਉਨ੍ਹਾਂ ਦੇ ਕੇਸ ਕਤਲ ਕਰਵਾ ਕੇ ਉਨ੍ਹਾਂ ਨੂੰ ਈਸਾਈ ਬਣਾ ਲਿਆ ਗਿਆ। ਆਪ ਦੀ ਮਾਤਾ ਮਹਾਰਾਣੀ ਜਿੰਦਾ ਜੋ ਦਰ-ਬ-ਦਰ ਹੋ ਅੰਗਰੇਜ਼ਾਂ ਦੀ ਕੁਟਿਲ ਨੀਤੀ ਕਾਰਣ ਆਪਣੀ ਅੱਖਾਂ ਦੀ ਰੋਸ਼ਨੀ ਗਵਾ ਚੁੱਕੀ ਸੀ, ਨੇ ਜਦੋਂ ਆਪਣੇ ਬੱਚੇ ਦੇ ਸਿਰ 'ਤੇ ਹੱਥ ਫੇਰਿਆ ਅਤੇ ਕੇਸਾਂ ਦਾ ਨਾ ਹੋਣਾ ਮਹਿਸੂਸ ਕਰਕੇ ਉਸ ਦੀਆਂ ਭੁੱਬਾਂ ਨਿਕਲ ਗਈਆਂ। ਮਹਾਰਾਜਾ ਦਲੀਪ ਸਿੰਘ ਨੇ ਮਾਂ ਨੂੰ ਕਿਹਾ

ਕਿ ਮਾਂ! ਮੈਂ ਤੇਰਾ ਸੁਹਾਗ ਤਾਂ ਵਾਪਸ ਨਹੀਂ ਦਿਵਾ ਸਕਦਾ, ਤੇਰਾ ਰਾਜ ਵਾਪਸ ਨਹੀਂ ਦਿਵਾ ਸਕਦਾ, ਹੋਰ ਸਾਰੇ ਹੋਏ ਨੁਕਸਾਨ ਦੀ ਪੂਰਤੀ ਨਹੀਂ ਕਰ ਸਕਦਾ ਪਰ ਗੁਰੂ ਕਿਰਪਾ ਕਰੇ ਜੇ ਪੰਥ ਬਖ਼ਸ਼ਿਸ਼ ਕਰੇ ਤਾਂ ਮੈਂ ਕਲਗੀਧਰ ਪਿਤਾ ਨੂੰ ਦਿੱਤਾ ਆਪਣਾ ਇਹ ਬੇਦਾਵਾ ਜ਼ਰੂਰ ਪੜਵਾਉਣ ਦੀ ਕੋਸ਼ਿਸ਼ ਕਰਾਂਗਾ। ਇਸ ਪਿਛੋਕੜ ਵਿਚ ਮਹਾਰਾਜਾ ਦਲੀਪ ਸਿੰਘ ਨੇ ੯ ਮਾਰਚ ੧੮੮੬ ਨੂੰ ਇਕ ਖਤ ਵਿਚ ਲਿਖਿਆ, "

I need not tell you how pleased I shall be (if the Government permits) for you to be present at my receiving "Powhl" which I trust my cousin Thakar Singh Sindanwalia will administer to me.... I put my faith entirely in Sutgooroo who now that I turn to him for forgiveness I know will not forsake me."

ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤੀ ਦੀ ਚਾਹਨਾ ਦੇ ਬਾਵਜੂਦ ਪੰਥ ਕੋਲੋਂ ਆਪਣੀ ਪਹਿਲਾਂ ਕੀਤੀ ਭੁੱਲ ਦੀ ਮੁਆਫੀ ਮੰਗਦਿਆਂ ਮਹਾਰਾਜਾ ਦਲੀਪ ਸਿੰਘ ਨੇ ੨੫-੮-੧੮੮੬ ਨੂੰ ਗੁਰੂ-ਪੰਥ ਦੇ ਨਾਮ ਇਕ ਦਰਦ ਭਰੀ ਚਿੱਠੀ ਲਿਖੀ ਜੋ ਉਨ੍ਹਾਂ ਦੀ ਵੇਦਨਾ ਅਤੇ ਪੰਥ ਵਿਚ ਮੁੜ ਸ਼ਾਮਲ ਹੋਣ ਦੀ ਤੜਪ ਦਰਸਾਉਂਦੀ ਹੈ। ਇਹ ਇਤਿਹਾਸਿਕ ਚਿੱਠੀ ਇਸ ਤਰ੍ਹਾਂ ਹੈ:

"My beloved Countrymen,

It was not my intention ever to return to reside in India, but Sutgooroo, who governs all destiny, and is more powerful than I, his erring creature, has caused circumstances to be so brought about that, against my will, I am compelled to quit England, in order to occupy a humble sphere in India. I submit to His Will; being persuaded that whatever is for the best will happen.

I now, therefore, beg forgiveness of you, Khalsa Jee, or the Pure, for having forsaken the faith of my ancestors for a foreign religion; but I was very young when I embraced Christianity.

It is my fond desire on reaching Bombay to take the Pahul again, and I sincerely hope for your prayers to the Sugooroo on that solemn occasion.

I am compelled to write this to you because I am not

permitted to visit you in the Punjab, as I had much hoped to do.

Truly a noble reward for my unwavering loyalty to the Empress of India! But Sutgooroo's will be done.

With Wah Gooroo Jee Ke Futteh,
I remain,

My beloved Countrymen,
Your own flesh and blood,
DULEEP SINGH

LONDON,
25 March, 1886

ਖਾਲਸੇ ਦੀ ਸਿਰਜਣਾ ਦੇ ਇਕ ਮਹੀਨੇ ਬਾਅਦ ਹੀ ਕਾਬਲ ਦੀ ਸੰਗਤ ਨੂੰ ਭੇਜੇ ਆਪਣੇ ਇਕ ਉਚੇਚੇ ਹੁਕਮਨਾਮੇ ਵਿਚ ਕਲਗੀਧਰ ਪਿਤਾ ਨੇ ਕੇਸਾਂ ਲਈ ਖਾਸ ਦੋ ਹੁਕਮ ਜਾਰੀ ਕੀਤੇ "ਕੇਸ ਰਖਣੇ ਇਹ ਅਸਾਡੀ ਮੋਹਰ ਹੈ" ਅਤੇ 'ਦੋਨੋਂ ਵਕਤ ਕੇਸਾਂ ਦੀ ਪਾਲਨਾ ਕੰਘੇ ਸਿਉ ਕਰਨੀ"। ਜਿਹੜਾ ਸਿੱਖ ਗੁਰੂ ਦੇ ਇਸ ਅਮਲੀ ਹੁਕਮਨਾਮੇ ਦੀ ਪਾਲਨਾ ਕਰਦਿਆਂ ਦੋਨੋਂ ਸਮੇਂ ਕੰਘਾ ਕਰੇਗਾ ਨਾ ਤਾਂ ਉਹ ਜਟਾਧਾਰੀ ਸਾਧੂ ਹੀ ਹੋ ਸਕਦਾ ਹੈ ਅਤੇ ਨਾ ਹੀ ਘਰੜ ਮਰੜ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਬਾਰੇ ਹੁਕਮ ਕੀਤਾ ਸੀ, "ਜੋਗੀ ਗਿਰਹੀ ਜਟਾ ਬਿਭੂਤ॥ ਆਗੈ ਪਾਛੈ ਰੋਵਹਿ ਪੂਤ॥ ਜੋਗੁ ਨ ਪਾਇਆ ਜੁਗਤਿ ਗਵਾਈ॥ ਕਿਤੁ ਕਾਰਣਿ ਸਿਰਿ ਛਾਈ ਪਾਈ॥"

ਗੁਰੂ ਦੀ ਇਸ ਮੋਹਰ ਦਾ ਸਤਿਕਾਰ ਹਰ ਸਿੱਖ ਦਾ ਮੁੱਢਲਾ ਫਰਜ਼ ਹੈ। ਆਪਣੇ ਤਿੰਨ ਸਾਹਿਬਜ਼ਾਦਿਆਂ ਨੂੰ ਗੁਰੂ ਤੋਂ ਕੁਰਬਾਨ ਕਰਨ ਵਾਲੇ ਸਢੌਰੇ ਦੇ ਪੀਰ ਬੁੱਧੂ ਸ਼ਾਹ ਨੇ ਵੀ ਤਾਂ ਕਲਗੀਧਰ ਪਿਤਾ ਦੇ ਕੰਘੇ ਵਿਚ ਲਿਪਟੇ ਪਾਵਨ ਕੇਸਾਂ ਨੂੰ ਸਿਰਪਾਉ ਵਜੋਂ ਪ੍ਰਵਾਨਿਤ ਕਰ ਆਪਣਾ ਜਨਮ ਸਫਲਾ ਸਮਝਿਆ। ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਦੇ ਵੀ ਤਾਂ ਮੋਇ ਮੁਬਾਰਕ (ਕੇਸ) ਹਜ਼ਰਤ ਬੱਲ ਦਰਗਾਹ, ਕਸ਼ਮੀਰ ਵਿਚ ਸਾਂਭੇ ਪਏ ਹਨ।

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ। ਕੇਸਾਂ ਦੀ ਕੀਮਤ ਜਾਣਨੀ ਹੋਵੇ ਤਾਂ ਸਾਨੂੰ ਭਾਈ ਨੰਦ ਲਾਲ ਜੀ ਨੂੰ ਪੁੱਛਣਾ ਪਵੇਗਾ। ਭਾਈ ਸਾਹਿਬ ਰਹਿਣ ਵਾਲੇ ਪਰਸ਼ੀਆ ਦੇ, ਵਿਦਵਾਨ ਆਪ ਵੱਖ-ਵੱਖ ਭਾਸ਼ਾਵਾਂ ਦੇ ਅਤੇ ਗਣਿਤ ਦੇ ਅਤੇ ਮੁਲਾਜ਼ਮਤ ਕਰਦੇ ਸਨ ਉਸ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਦੀ। ਵਿਚਾਰਨ ਵਾਲੀ ਗੱਲ ਹੈ ਕਿ ਆਪ ਦੀ ਵਿਦਵਤਾ ਦਾ ਮਿਆਰ ਕਿੰਨਾਂ ਉੱਚਾ ਹੋਵੇਗਾ ਕਿ ਔਰੰਗਜ਼ੇਬ

*(ਬਾਕੀ ਸਫ਼ਾ ੫੭ 'ਤੇ)*

# ਸ੍ਰੀ ਗੁਰੂ ਅੰਗਦ ਦੇਵ ਜੀ-ਜੀਵਨ ਅਤੇ ਸੰਦੇਸ਼

*-ਡਾ. ਹਰਬੰਸ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਚਾਰ ਉਦਾਸੀਆਂ ਦੇ ਸਮੇਂ ਦੇਸ਼-ਵਿਦੇਸ਼ ਵਿਚ ਥਾਂ-ਥਾਂ 'ਤੇ ਜਾ ਕੇ ਲੋਕਾਂ ਨੂੰ ਪਿਆਰ ਅਤੇ ਅਮਨ ਦਾ ਸੁਨੇਹਾ ਦਿੱਤਾ। ਆਪ ਜੀ ਨੇ ਫੋਕੇ ਕਰਮਕਾਂਡਾਂ, ਰੀਤੀ-ਰਿਵਾਜਾਂ ਅਤੇ ਸਮਾਜ ਵਿਚ ਪਈਆਂ ਹੋਈਆਂ ਜਾਤ-ਪਾਤ ਦੀਆਂ ਵੰਡੀਆਂ ਦੀ ਕਰੜੀ ਅਲੋਚਨਾ ਕੀਤੀ। ਆਪ ਜੀ ਨੇ ਫੁਰਮਾਇਆ ਸੀ ਕਿ ਅਸੀਂ ਸਾਰੇ ਇਕ ਰੱਬ ਦੀ ਸੰਤਾਨ ਹਾਂ। ਸਾਰੇ ਇਨਸਾਨ ਬਰਾਬਰ ਹਨ। ਕੋਈ ਵੀ ਮਨੁੱਖ ਜਾਤੀ, ਜਨਮ ਜਾਂ ਰੰਗ ਕਰਕੇ ਨੀਵਾਂ ਜਾਂ ਸ੍ਰੇਸ਼ਟ ਨਹੀਂ ਹੋ ਸਕਦਾ। ਇਨਸਾਨ ਦੀ ਵਡਿਆਈ ਤਾਂ ਉਸ ਦੇ ਸ਼ੁਭ ਗੁਣਾਂ ਅਤੇ ਚੰਗੇ ਕਰਮਾਂ ਉੱਤੇ ਨਿਰਭਰ ਕਰਦੀ ਹੈ। ਆਪ ਜੀ ਨੇ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਉੱਤੇ ਜ਼ੋਰ ਦਿੱਤਾ। ਆਪ ੧੫੩੯ ਈ: ਵਿਚ ਭਾਈ ਲਹਿਣਾ, ਅਰਥਾਤ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕਰ ਕੇ ਕਰਤਾਰਪੁਰ ਸਾਹਿਬ (ਅਜੋਕੇ ਪਾਕਿਸਤਾਨ) ਵਿਖੇ ਜੋਤੀ ਜੋਤ ਸਮਾ ਗਏ। ਭਾਈ ਗੁਰਦਾਸ ਜੀ ਪਹਿਲੀ ਵਾਰ ਦੀ ਪੰਜਤਾਲਵੀਂ ਪਉੜੀ ਵਿਚ ਲਿਖਦੇ ਹਨ:

*ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।*
*ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ।*
*ਲਖਿ ਨ ਕੋਈ ਸਕਈ, ਆਚਰਜੇ ਆਚਰਜੁ ਦਿਖਾਇਆ।*
*ਕਾਇਆ ਪਲਟਿ ਸਰੂਪੁ ਬਣਾਇਆ॥*

ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦਿੱਤੇ ਜਾਣ ਦੀ ਅਦੁੱਤੀ ਘਟਨਾ ਨੂੰ ਭਾਈ ਸੱਤੇ ਤੇ ਬਲਵੰਡ ਜੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

*ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥*
*ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ ॥*
*ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ ॥*
*ਸਹਿ ਟਿਕਾ ਦਿਤੋਸੁ ਜੀਵਦੈ ॥੧॥* *(ਪੰਨਾ ੯੬੬)*

ਸ੍ਰੀ ਗੁਰੂ ਅੰਗਦ ਦੇਵ ਜੀ ਨੇ ੧੫੩੯ ਤੋਂ ਲੈ ਕੇ ੧੫੫੨ ਈ: ਤਕ ਸਿੱਖ ਧਰਮ ਦੀ ਅਗਵਾਈ ਕੀਤੀ। ਆਪ ਜੀ ਦਾ ਗੁਰੂ-ਕਾਲ ਦਾ ਸਮਾਂ ਸਿੱਖ ਇਤਿਹਾਸ ਲਈ ਵੱਡੀਆਂ ਪ੍ਰਾਪਤੀਆਂ ਦਾ ਸਮਾਂ ਹੈ, ਜਿਸ ਦੀ ਅਮਰ ਛਾਪ ਅੱਜ ਵੀ ਵੇਖੀ ਅਤੇ ਮਹਿਸੂਸ

** 3C/38, 2nd Floor, New Rohtak Road, Near Navkind Girls Sen.Sec.School, Karol Bagh, New Delhi-5. Ph. 011-65585395*

ਕੀਤੀ ਜਾ ਸਕਦੀ ਹੈ। ਆਪ ਜੀ ਨੇ ਨਾ-ਸਿਰਫ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਵਿਚਾਰਧਾਰਾ ਨੂੰ ਹੀ ਪ੍ਰਚਾਰਨ ਦਾ ਯਤਨ ਕੀਤਾ, ਸਗੋਂ ਉਨ੍ਹਾਂ ਸਿੱਖ ਸੰਸਥਾਵਾਂ ਅਤੇ ਪਰੰਪਰਾਵਾਂ ਨੂੰ ਵੀ ਮਜ਼ਬੂਤ ਕੀਤਾ, ਜਿਨ੍ਹਾਂ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਰੱਖ ਗਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਨੂੰ ਸੰਭਾਲਿਆ। ਉਸ ਨੂੰ ਗੁਰਮੁਖੀ ਅੱਖਰਾਂ ਵਿਚ ਲਿਪੀਬੱਧ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਲਿਖਵਾਈ। ਸੰਗਤ, ਪੰਗਤ ਅਤੇ ਕੀਰਤਨ ਦੀ ਮਰਯਾਦਾ ਨੂੰ ਮਜ਼ਬੂਤ ਕੀਤਾ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜਨਮ ਸੰਨ ੧੫੦੪ ਈ: ਵਿਚ ਮਾਤਾ ਦਇਆ ਕੌਰ (ਮਾਤਾ ਰਾਮੋ) ਅਤੇ ਬਾਬਾ ਫੇਰੂ ਮੱਲ ਜੀ ਦੇ ਗ੍ਰਿਹਿ ਵਿਖੇ ਮੱਤੇ ਦੀ ਸਰਾਂ (ਜ਼ਿਲ੍ਹਾ ਫਿਰੋਜ਼ਪੁਰ) ਵਿਖੇ ਹੋਇਆ ਸੀ। ਇਨ੍ਹਾਂ ਦੇ ਵਡੇਰੇ ਪਿੰਡ ਮੰਗੋਵਾਲ, ਜ਼ਿਲ੍ਹਾ ਗੁਜਰਾਤ (ਅਜੋਕੇ ਪਾਕਿਸਤਾਨ) ਦੇ ਰਹਿਣ ਵਾਲੇ ਸਨ। ਬਾਬਾ ਫੇਰੂ ਮੱਲ ਜੀ ਦੁਕਾਨਦਾਰੀ ਦਾ ਕੰਮ ਕਰਦੇ ਸਨ। ਇਹ ਪਿੰਡ ਦੇ ਚੌਧਰੀ ਤਖਤਮੱਲ ਅਤੇ ਫਿਰੋਜ਼ਪੁਰ ਦੇ ਸਥਾਨਕ ਪਠਾਣ ਹਾਕਮ ਦਾ ਹਿਸਾਬ-ਕਿਤਾਬ ਵੀ ਸੰਭਾਲਦੇ ਸਨ। ਪਰ ਜਦੋਂ ਬਾਬਰ ਨੇ ਹਿੰਦੁਸਤਾਨ 'ਤੇ ਹਮਲੇ ਕਰਨੇ ਸ਼ੁਰੂ ਕੀਤੇ ਤਾਂ ਇਨ੍ਹਾਂ ਦਾ ਪਿੰਡ 'ਮੱਤੇ ਦੀ ਸਰਾਂ' (ਮਗਰੋਂ ਸਰਾਏ ਨਾਂਗਾ) ਉਜਾੜ ਦਿੱਤਾ ਗਿਆ। ਬਾਬਾ ਫੇਰੂ ਮੱਲ ਜੀ ਆਪਣੇ ਪਰਵਾਰ ਨਾਲ ਪਹਿਲਾਂ ਹਰੀਕੇ ਪੱਤਣ, ਫਿਰ ਪਿੰਡ ਸੰਘਰ ਤੇ ਫਿਰ ਖਡੂਰ ਸਾਹਿਬ ਆ ਕੇ ਵੱਸ ਗਏ। ਆਪ ਦੇਵੀ-ਭਗਤ ਸਨ ਅਤੇ ਹਰ ਸਾਲ ਦੇਵੀ-ਭਗਤਾਂ ਦਾ ਜਥਾ ਲੈ ਕੇ ਦੇਵੀ ਦੇ ਦਰਸ਼ਨਾਂ ਨੂੰ ਜਾਇਆ ਕਰਦੇ ਸਨ। ਘਰ ਦੇ ਇਸ ਧਾਰਮਿਕ ਮਾਹੌਲ ਦਾ ਅਸਰ ਇਨ੍ਹਾਂ ਦੇ ਸਪੁੱਤਰ ਭਾਈ ਲਹਿਣਾ ਜੀ 'ਤੇ ਵੀ ਪਿਆ। ਸੰਨ ੧੫੨੬ ਵਿਚ ਜਦੋਂ ਬਾਬਾ ਫੇਰੂ ਮੱਲ ਜੀ ਅਕਾਲ ਚਲਾਣਾ ਕਰ ਗਏ ਤਾਂ ਭਾਈ ਲਹਿਣਾ ਜੀ ਵੀ ਦੇਵੀ ਭਗਤਾਂ ਦਾ ਜਥਾ ਲੈ ਕੇ ਜਵਾਲਾਮੁਖੀ ਜਾਣ ਲੱਗ ਪਏ।

ਇਨ੍ਹਾਂ ਦਿਨਾਂ ਵਿਚ ਹੀ ਭਾਈ ਲਹਿਣਾ ਜੀ ਨੇ ਪਿੰਡ ਦੇ ਇਕ ਗੁਰਸਿੱਖ ਭਾਈ ਜੋਧ ਜੀ ਕੋਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣੀ ਤਾਂ ਮਨ ਵਿਚ ਉਨ੍ਹਾਂ ਨੂੰ ਮਿਲਣ ਦੀ ਤਾਂਘ ਪੈਦਾ ਹੋਈ। ੧੫੩੨ ਈ: ਵਿਚ ਜਦੋਂ ਉਹ ਜਥੇ ਨਾਲ ਦੇਵੀ ਦੇ ਦਰਸ਼ਨਾਂ ਲਈ ਜਾ ਰਹੇ ਸਨ ਤਾਂ ਕਰਤਾਰਪੁਰ ਦੇ ਸਥਾਨ 'ਤੇ ਉਨ੍ਹਾਂ ਦੀ ਮੁਲਾਕਾਤ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੋਈ। ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਵਿਚਾਰਧਾਰਾ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਜਥੇ ਦੇ ਨਾਲ ਅੱਗੇ ਜਾਣ ਦਾ ਵਿਚਾਰ ਛੱਡ ਦਿੱਤਾ। ਆਪ ਜੀ ਨੇ ਆਪਣੇ ਸਾਥੀਆਂ ਨੂੰ ਕਹਿ ਦਿੱਤਾ ਕਿ ਹੁਣ ਉਨ੍ਹਾਂ ਨੂੰ ਕਿਤੇ ਹੋਰ ਜਾਣ ਦੀ ਲੋੜ ਨਹੀਂ। ਉਨ੍ਹਾਂ ਨੂੰ ਜਿਸ ਸੱਚੇ ਗੁਰੂ ਦੀ ਤਲਾਸ਼ ਸੀ, ਉਹ ਸੱਚਾ ਗੁਰੂ ਮਿਲ ਗਿਆ ਹੈ। 'ਬੰਸਾਵਲੀਨਾਮਾ' ਦਾ ਕਰਤਾ ਭਾਈ ਕੇਸਰ ਸਿੰਘ ਛਿੱਬਰ ਲਿਖਦਾ ਹੈ:

*ਮਨੁ ਪ੍ਰਸੰਨੁ ਪੇਖਤ ਹੀ ਹੂਆ।*

*ਮਿਟਿ ਗਿਆ ਭ੍ਰਮ-ਤਮ ਕਾ ਕੂਆ।*
*ਪ੍ਰਾਤੇ ਸਾਥੁ ਭਇਆ ਤਯਾਰੁ।*
*ਇਹ ਆਏ ਦਰਸਨ ਕਉ 'ਗੁਰੂ ਨਾਨਕ' ਦੇ ਦੁਆਰਿ।*

ਸਾਥੀ ਕਹਿਣ:

*'ਚਲ ਦੇਵੀ ਦੁਆਰੇ।'*

ਇਨ ਕਹਿਆ:

*'ਕਾਰਜ ਰਾਸ' ਹੂਏ ਹਮਾਰੇ॥*

ਭਾਈ ਲਹਿਣਾ ਜੀ ਸੱਤ ਸਾਲ (੧੫੩੨-੧੫੩੯ ਈ:) ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸੰਗਤਾਂ ਦੀ ਸੇਵਾ ਵਿਚ ਰਹੇ। ਆਪ ਜੀ ਨੇ ਪੂਰਨ ਸਮਰਪਤਾ ਅਤੇ ਨਿਸ਼ਕਾਮ ਭਾਵਨਾ ਨਾਲ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸੰਗਤਾਂ ਦੀ ਅਜਿਹੀ ਸੇਵਾ ਕੀਤੀ ਕਿ ਆਪ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਹੀ ਰੂਪ ਹੋ ਗਏ। ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਜੋਤ ਨੂੰ ਭਾਈ ਲਹਿਣੇ ਵਿਚ ਟਿਕਾ ਕੇ ਉਨ੍ਹਾਂ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਆਪਣੀ ਥਾਂ 'ਤੇ ਸਥਾਪਿਤ ਕਰ ਦਿੱਤਾ। ਭਾਈ ਗੁਰਦਾਸ ਜੀ ਲਿਖਦੇ ਹਨ:

*ਗੁਰੁ ਅੰਗਦੁ ਗੁਰੁ ਅੰਗੁ ਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ।*
*ਜੋਤੀ ਜੋਤਿ ਜਗਾਇਅਨੁ ਦੀਵੇ ਤੇ ਜਿਉ ਦੀਵਾ ਬਲਿਆ।* *(ਵਾਰ ੨੪:੮)*

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਹ ਚੋਣ ਸਿੱਖ ਧਰਮ ਦੇ ਵਿਕਾਸ ਅਤੇ ਇਤਿਹਾਸ ਵਿਚ ਇਕ ਮਹੱਤਵਪੂਰਨ ਕਦਮ ਸਾਬਤ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਪਦਵੀ ਨੂੰ ਸਰੀਰਿਕ ਗੁਰਤਾ ਨਾਲੋਂ ਤੋੜ ਕੇ ਜੋਤ ਨਾਲ ਜੋੜ ਦਿੱਤਾ ਤੇ ਇਹੀ ਜੋਤ ਦਸਵੇਂ ਜਾਮੇ ਤੋਂ ਬਾਅਦ ਸ਼ਬਦ-ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਪ੍ਰਗਟ ਹੋਈ। ਇਕ ਅਜੋਕਾ ਇਤਿਹਾਸਕਾਰ ਡਾ. ਏ.ਸੀ. ਬੈਨਰਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਕਦਮ ਦੀ ਸ਼ਲਾਘਾ ਕਰਦਾ ਲਿਖਦਾ ਹੈ:

By nominating Angad as his successor. (Guru Nanak) established a precedent and initiated a tradition which moulded the Sikhs into an integrated community under uninterrupted spiritual leadership as nothing else have done.

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਸਾਹਿਬ ਦੀ ਥਾਂ ਖਡੂਰ ਸਾਹਿਬ ਨੂੰ ਸਿੱਖੀ ਪ੍ਰਚਾਰ ਦਾ ਕੇਂਦਰ ਸਥਾਪਿਤ ਕੀਤਾ। ਭਾਈ ਸੱਤਾ ਬਲਵੰਡ ਜੀ ਰਾਮਕਲੀ ਕੀ ਵਾਰ ਵਿਚ ਇਸ ਗੱਲ ਦਾ ਜ਼ਿਕਰ ਕਰਦੇ ਲਿਖਦੇ ਹਨ:

*ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥*
*ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ ॥* *(ਪੰਨਾ ੯੬੭)*

ਖਡੂਰ ਸਾਹਿਬ ਰਹਿੰਦਿਆਂ ਆਪ ਨਿਤਾਪ੍ਰਤੀ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਉਪਦੇਸ਼ ਦਿੰਦੇ, ਸ਼ਬਦ ਦੀ ਵਿਆਖਿਆ ਕਰਦੇ ਅਤੇ ਅਮਲੀ ਜੀਵਨ ਵਿਚ ਚੰਗੇ ਤੇ ਸ਼ੁਭ ਗੁਣਾਂ ਨੂੰ ਗ੍ਰਹਿਣ ਕਰਨ ਦੀ ਪ੍ਰੇਰਨਾ ਦਿੰਦੇ। ਖਡੂਰ ਸਾਹਿਬ ਵਿਖੇ ਆਈਆਂ ਸੰਗਤਾਂ ਦੀ ਦੇਖ-ਭਾਲ ਅਤੇ ਉਨ੍ਹਾਂ ਦੇ ਸੁਖ-ਆਰਾਮ ਦਾ ਧਿਆਨ ਉਨ੍ਹਾਂ ਦੀ ਸੁਪਤਨੀ (ਮਾਤਾ) ਖੀਵੀ ਜੀ ਰੱਖਦੇ। ਆਪ ਬੜੇ ਨਿੱਘੇ ਅਤੇ ਮਿੱਠੇ ਸੁਭਾਅ ਦੇ ਸਨ। ਭਾਈ ਸੱਤੇ ਬਲਵੰਡ ਜੀ ਨੇ ਆਪ ਜੀ ਦੀ ਤੁਲਨਾ ਬਹੁਤੇ ਪੱਤਰਾਂ ਵਾਲੇ ਛਾਂ ਦਾਰ ਰੁੱਖ ਨਾਲ ਕੀਤੀ ਹੈ, ਜਿਸ ਥੱਲੇ ਬੈਠ ਕੇ ਹਰ ਰਾਹੀ ਨੂੰ ਸੁਖ ਅਤੇ ਅਰਾਮ ਮਿਲਦਾ ਹੈ। ਮਾਤਾ ਖੀਵੀ ਜੀ ਦੁਆਰਾ ਚਲਾਏ ਜਾ ਰਹੇ ਲੰਗਰ ਦੀ ਵੀ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਨੇ ਬੜੀ ਪ੍ਰਸੰਸਾ ਕੀਤੀ ਹੈ॥:

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥*
*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥*
*ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ ॥* *(ਪੰਨਾ ੯੬੭)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਜਾਤੀ ਨੂੰ ਸਮਾਜ ਵਿਚ ਸਨਮਾਨਜਨਕ ਸਥਾਨ ਦੇਣ ਦੀ ਗੱਲ ਕੀਤੀ ਸੀ। ਮਾਤਾ ਖੀਵੀ ਜੀ ਨੇ ਸਿੱਖ ਸਮਾਜ ਵਿਚ ਇਸ ਸਤਿਕਾਰਤ ਸਥਾਨ ਦੀ ਪਹਿਲੀ ਉਦਾਹਰਨ ਪੇਸ਼ ਕੀਤੀ। ਸਿੱਖ ਧਰਮ ਦੇ ਵਿਕਾਸ ਵਿਚ ਆਪ ਜੀ ਦਾ ਵੱਡਾ ਯੋਗਦਾਨ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦੋ ਪੁੱਤਰ, ਦਾਸੂ ਜੀ ਅਤੇ ਦਾਤੂ ਜੀ ਅਤੇ ਦੋ ਸਪੁੱਤਰੀਆਂ ਬੀਬੀ ਅਮਰੋ ਜੀ ਅਤੇ ਬੀਬੀ ਅਨੋਖੀ ਜੀ ਸਨ। ਮਾਤਾ ਖੀਵੀ ਜੀ ਅਤੇ ਪਿਤਾ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਖ਼ਸੀਅਤ ਅਤੇ ਸਿੱਖਿਆ ਦਾ ਗਹਿਰਾ ਪ੍ਰਭਾਵ ਬੱਚੀਆਂ ਦੇ ਜੀਵਨ 'ਤੇ ਪ੍ਰਤੱਖ ਸੀ। ਇਹ ਬੀਬੀ ਅਮਰੋ ਜੀ ਹੀ ਸਨ ਜਿਨ੍ਹਾਂ ਦੇ ਕੋਲੋਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਸੁਣ ਕੇ ਸ੍ਰੀ ਗੁਰੂ ਅਮਰਦਾਸ ਜੀ ਗੁਰੂ-ਘਰ ਨਾਲ ਜੁੜੇ ਸਨ ਤੇ ਫਿਰ ਆਪਣੀ ਸੇਵਾ, ਸਿਦਕ ਅਤੇ ਬੰਦਗੀ ਕਾਰਨ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਰੂਪ ਹੋ ਗਏ ਸਨ।

ਖਡੂਰ ਸਾਹਿਬ ਵਿਚ ਰਹਿੰਦਿਆਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਿੱਖੀ ਪ੍ਰਚਾਰ ਨੂੰ ਮੁੱਖ ਰੱਖ ਕੇ ਸੁਲਤਾਨਪੁਰ ਤਕ ਕਈ ਪਿੰਡਾਂ ਦਾ ਦੌਰਾ ਕੀਤਾ। ਆਪ ਕੁਝ ਸਮਾਂ ਮਾਲਵੇ ਵਿਚ ਵੀ ਵਿਚਰਦੇ ਰਹੇ। ਆਪ ਲੋਕਾਂ ਨੂੰ ਇਹੀ ਉਪਦੇਸ਼ ਦਿੰਦੇ ਸਨ ਕਿ ਪਰਮਾਤਮਾ ਘਟਿ-ਘਟਿ ਵਿਚ ਰੰਮਿਆ ਹੋਇਆ ਹੈ। ਫਿਰ ਕਿਸੇ ਇਨਸਾਨ ਨੂੰ ਮਾੜਾ ਕਿਵੇਂ ਕਿਹਾ ਜਾ ਸਕਦਾ ਹੈ:

*ਆਪਿ ਉਪਾਏ ਨਾਨਕਾ ਆਪੇ ਰਖੈ ਵੇਕ ॥*
*ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ ॥* *(ਪੰਨਾ ੧੨੩੮)*

ਉਸ ਮਾਲਕ ਦੀ ਮਿਹਰ ਦੇ ਪਾਤਰ ਬਣਨ ਲਈ ਆਤਮ-ਸਮਰਪਣ ਅਤੇ ਸੇਵਾ

ਵਰਗੇ ਗੁਣਾਂ ਦਾ ਹੋਣਾ ਜ਼ਰੂਰੀ ਹੈ। ਆਪ ਜੀ ਦਾ ਫੁਰਮਾਨ ਹੈ:

*ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥*
*ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥*
*ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥*
*ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥੧॥* *(ਪੰਨਾ ੪੭੪)*

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਮਾਤ-ਭਾਸ਼ਾ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਬੜਾ ਕੰਮ ਕੀਤਾ। ਬੱਚਿਆਂ ਲਈ ਗੁਰਮੁਖੀ ਅੱਖਰਾਂ ਵਿਚ ਬਾਲ ਬੋਧ ਤਿਆਰ ਕਰਵਾਏ ਅਤੇ ਖਡੂਰ ਸਾਹਿਬ ਵਿਖੇ ਪੰਜਾਬੀ ਪਾਠਸ਼ਾਲਾ ਸਥਾਪਿਤ ਕੀਤੀ। ਆਪ ਦਿਨ ਦਾ ਬਹੁਤਾ ਸਮਾਂ ਬੱਚਿਆਂ ਨਾਲ ਬਿਤਾਇਆ ਕਰਦੇ ਸਨ। ਆਪ ਜੀ ਨੇ ਪ੍ਰਭੂ ਭਗਤੀ ਅਤੇ ਸਿਮਰਨ ਦੇ ਨਾਲ-ਨਾਲ ਸਰੀਰਿਕ ਤੌਰ 'ਤੇ ਨਿਰੋਆ ਰਹਿਣ ਲਈ ਮੱਲ ਅਖਾੜੇ ਦੀ ਵੀ ਸਥਾਪਨਾ ਕੀਤੀ। ਸਮਾਂ ਪਾ ਕੇ ਸਿੱਖ ਚੰਗੇ ਸ਼ਾਹਸਵਾਰ, ਸ਼ਸਤਰਧਾਰੀ ਤੇ ਨਿਰਭੈ ਯੋਧੇ ਬਣ ਗਏ।

ਸ੍ਰੀ ਗੁਰੂ ਅੰਗਦ ਦੇਵ ਜੀ ਪਹਿਰ ਰਾਤ ਰਹਿੰਦੀ ਉੱਠਦੇ। ਦਰਿਆ ਬਿਆਸਾ ਦੇ ਠੰਡੇ ਤੇ ਨਿਰਮਲ ਜਲ ਨਾਲ ਇਸ਼ਨਾਨ ਕਰਦੇ ਤੇ ਫਿਰ ਪ੍ਰਭੂ ਸਿਮਰਨ ਵਿਚ ਜੁੜ ਜਾਂਦੇ। ਇਸ ਮਗਰੋਂ ਆਪ ਸੰਗਤ ਵਿਚ ਆ ਕੇ ਆਸਾ ਕੀ ਵਾਰ ਦਾ ਕੀਰਤਨ ਸਰਵਣ ਕਰਦੇ ਤੇ ਆਈ ਹੋਈ ਸੰਗਤ ਨੂੰ ਗੁਰਸਿੱਖੀ ਦਾ ਉਪਦੇਸ਼ ਦਿੰਦੇ। ਦੀਵਾਨ ਦੀ ਸਮਾਪਤੀ ਮਗਰੋਂ ਆਪ ਸਰੀਰਿਕ ਤੌਰ 'ਤੇ ਰੋਗੀਆਂ ਦੀ ਦੇਖ-ਭਾਲ ਕਰਦੇ ਤੇ ਫਿਰ ਆਪ ਅਰਾਮ ਕਰਨ ਚਲੇ ਜਾਂਦੇ।

ਬੇਸ਼ੱਕ ਗੁਰੂ ਕੇ ਲੰਗਰ ਵਿਚ ਹਰ ਪ੍ਰਕਾਰ ਦੇ ਪਦਾਰਥ ਤਿਆਰ ਕੀਤੇ ਅਤੇ ਪੰਗਤ ਵਿਚ ਵਰਤਾਏ ਜਾਂਦੇ ਸਨ, ਪਰ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਆਪਣਾ ਭੋਜਨ ਅਤੇ ਪਹਿਰਾਵਾ ਬਹੁਤ ਸਾਦਾ ਹੋਇਆ ਕਰਦਾ ਸੀ। ਆਪ ਨੇ ਸੰਗਤ ਵੱਲੋਂ ਆਈ ਚੜ੍ਹਤ ਨੂੰ ਕਦੇ ਵੀ ਘਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਨਹੀਂ ਸੀ ਵਰਤਿਆ। ਸਗੋਂ ਆਪ ਆਪਣੇ ਘਰ ਦੇ ਖਰਚ ਮੁੰਞ ਦੀਆਂ ਰੱਸੀਆਂ ਵੱਟ ਕੇ ਅਤੇ ਹੱਥੀਂ ਕਿਰਤ ਕਰਕੇ ਚਲਾਇਆ ਕਰਦੇ ਸਨ। 'ਬੰਸਾਵਲੀਨਾਮਾ' ਵਿਚ ਭਾਈ ਕੇਸਰ ਸਿੰਘ ਛਿੱਬਰ ਲਿਖਦਾ ਹੈ:

*ਵਾਣੁ ਵਟਿ ਕਰਨ ਗੁਜਰਾਨ।*
*ਬਿਨਾ ਆਪਣੀ ਕਿਰਤ ਧਾਨ ਬਿਗਾਨਾ ਨਾ ਖਾਣੁ।*

ਇਸੇ ਸਬੰਧ ਵਿਚ ਡਾ. ਹਰੀ ਰਾਮ ਗੁਪਤਾ ਲਿਖਦਾ ਹੈ, 'Guru Angad did not live on the offerings of the Sikhs. He earned his living by twisting coarse grass (munj) into strings used for making a cot.' ਆਪ ਸੰਗਤਾਂ ਦੇ ਪੈਸੇ ਨੂੰ ਗੁਰੂ-ਘਰ ਦੀ ਅਮਾਨਤ ਸਮਝਦੇ ਸਨ ਤੇ ਉਸ ਪੈਸੇ ਨੂੰ ਲੰਗਰ

ਅਤੇ ਸਿੱਖ ਧਰਮ ਦੇ ਪ੍ਰਚਾਰ ਅਤੇ ਵਾਧੇ ਲਈ ਹੀ ਵਰਤਦੇ ਸਨ।

੧੫੪੦ ਈ: ਵਿਚ ਮੁਗ਼ਲ ਬਾਦਸ਼ਾਹ ਹਮਾਯੂੰ, ਸ਼ੇਰਸ਼ਾਹ ਸੂਰੀ ਕੋਲੋਂ ਚੌਸਾ ਅਤੇ ਕਨੌਜ (ਬਿਲਗ੍ਰਾਮ) ਦੀਆਂ ਲੜਾਈਆਂ ਵਿਚ ਹਾਰ ਜਾਣ ਮਗਰੋਂ ਲਾਹੌਰ ਜਾਂਦਾ ਹੋਇਆ ਖਡੂਰ ਸਾਹਿਬ ਰੁਕਿਆ। ਉਹ ਦਿੱਲੀ ਅਤੇ ਆਗਰੇ ਦਾ ਤਖਤ ਮੁੜ ਹਾਸਲ ਕਰਨ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਕੋਲੋਂ ਅਸ਼ੀਰਵਾਦ ਲੈਣ ਆਇਆ ਸੀ। ਗੁਰੂ ਜੀ ਉਸ ਸਮੇਂ ਬੱਚਿਆਂ ਨੂੰ ਪੜ੍ਹਾਉਣ ਵਿਚ ਰੁਝੇ ਹੋਏ ਸਨ। ਆਪ ਨੇ ਬਾਦਸ਼ਾਹ ਵੱਲ ਕੋਈ ਧਿਆਨ ਨਾ ਦਿੱਤਾ। ਹਮਾਯੂੰ ਨੇ ਗੁਰੂ ਜੀ ਨੂੰ ਸਜ਼ਾ ਦੇਣ ਲਈ ਮਿਆਨ 'ਚੋਂ ਤਲਵਾਰ ਕੱਢ ਲਈ। ਗੁਰੂ ਜੀ ਨੇ ਭਗੌੜੇ ਬਾਦਸ਼ਾਹ ਵੱਲ ਵੇਖਿਆ ਤੇ ਮੁਸਕਰਾ ਪਏ। ਉਨ੍ਹਾਂ ਬੜੇ ਨਿਡਰ ਸੁਰ ਵਿਚ ਕਿਹਾ, 'ਤੇਰੀ ਇਹ ਤਲਵਾਰ ਸ਼ੇਰਸ਼ਾਹ ਸਾਹਮਣੇ ਕਿੱਥੇ ਸੀ? ਜਿਸ ਕੋਲੋਂ ਭਾਂਜ ਖਾ ਕੇ ਤੂੰ ਇੱਧਰ ਭੱਜ ਆਇਆ ਹੈਂ, ਤੇ ਹੁਣ ਆਪਣੀ ਤਲਵਾਰ ਦਾ ਜ਼ੋਰ ਸਾਨੂੰ ਫਕੀਰਾਂ ਨੂੰ ਵਿਖਾਉਣਾ ਚਾਹੁੰਦਾ ਹੈਂ? ਗੁਰੂ ਜੀ ਦੀ ਬੇਬਾਕ ਹੋ ਕੇ ਕਹੀ ਗੱਲ ਸੁਣ ਕੇ ਹਮਾਯੂੰ ਸ਼ਰਮਿੰਦਾ ਹੋ ਗਿਆ।

ਗੁਰੂ ਜੀ ਦਾ ਹਿਰਦਾ ਬੜਾ ਕੋਮਲ ਅਤੇ ਪਿਆਰ ਭਾਵਨਾ ਨਾਲ ਭਰਪੂਰ ਸੀ। ਆਪ ਬੜੀ ਬਲਵਾਨ ਅਤੇ ਵਸ਼ਿਸ਼ਟ ਪ੍ਰਤਿਭਾ ਦੇ ਮਾਲਕ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿਚ ਆਉਣ ਅਤੇ ਉਨ੍ਹਾਂ ਦੀ ਵਿਚਾਰਧਾਰਾ ਵਿਚ ਰੰਗੇ ਜਾਣ ਮਗਰੋਂ ਆਪ ਜੀ ਦੀ ਪ੍ਰਤਿਭਾ ਪੂਰਨ ਖਿੜਾਉ ਅਤੇ ਆਪਣੀ ਸਿਖਰ 'ਤੇ ਆ ਗਈ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਪ੍ਰਭਾਵ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿੱਚੋਂ ਪ੍ਰਤੱਖ ਵੇਖਿਆ ਜਾ ਸਕਦਾ ਹੈ। ਬੇਸ਼ੱਕ ਆਪ ਜੀ ਦੀ ਕੁੱਲ ਬਾਣੀ ਕੇਵਲ ੬੩ ਸਲੋਕ ਹੀ ਹਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ੨੨ ਵਾਰਾਂ ਵਿੱਚੋਂ ਦਸ ਵਾਰਾਂ ਵਿਚ ਦਰਜ ਹਨ, ਪਰ ਇਹ ਬਾਣੀ ਦਾਰਸ਼ਨਿਕ ਅਤੇ ਸਿਧਾਂਤਕ ਰੂਪ ਵਿਚ ਗੁਰੂ ਨਾਨਕ ਬਾਣੀ ਦਾ ਹੀ ਪ੍ਰਗਟਾਅ ਹੈ। ਆਪ ਜੀ ਦੀ ਬਾਣੀ ਵਿਚ ਗੁਰੂ-ਪ੍ਰੇਮ, ਗੁਰੂ ਭਗਤੀ, ਪ੍ਰਭੂ ਮਿਲਾਪ, ਪ੍ਰਭੂ ਪ੍ਰਾਪਤੀ ਦੇ ਸਾਧਨ, ਆਤਮ ਸਮਰਪਣ ਅਤੇ ਸ੍ਵੈ ਪੜਤਾਲ ਵਰਗੇ ਵਿਸ਼ੇ ਪ੍ਰਧਾਨ ਹਨ। ਆਪ ਜੀ ਦੀ ਸਾਰੀ ਰਚਨਾ ਸਰਲ, ਸਪਸ਼ਟ ਅਤੇ ਸੁੰਦਰ ਪੰਜਾਬੀ ਵਿਚ ਲਿਖੀ ਹੋਈ ਹੈ। ਕਿਤੇ-ਕਿਤੇ ਆਪ ਜੀ ਦੀ ਬਾਣੀ ਵਿਚ ਸਮੇਂ, ਸਮਾਜ ਅਤੇ ਰਾਜਸੀ ਹਾਲਾਤ ਦੇ ਸੰਕੇਤ ਵੀ ਦਰਜ ਹਨ:

*ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥*
*ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥*
*ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥*
*ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥* *(ਪੰਨਾ ੧੨੮੮)*

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਕਈ ਸਲੋਕਾਂ ਰਾਹੀਂ, ਪੰਜਾਬ ਦੀ ਲੋਕਧਾਰਾ ਦੇ ਪਿਛੋਕੜ ਅਤੇ ਪ੍ਰਚਲਿਤ ਮੁਹਾਵਰਿਆਂ ਰਾਹੀਂ ਜੀਵਨ ਦੀਆਂ ਅਟੱਲ ਸੱਚਾਈਆਂ ਨੂੰ

ਰੂਪਮਾਨ ਕੀਤਾ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਦੇ ਪ੍ਰਮੁੱਖ ਸਿੱਖਾਂ ਵਿੱਚੋਂ ਬਾਬਾ ਬੁੱਢਾ ਜੀ, ਭਾਈ ਸੱਤਾ ਬਲਵੰਡ, ਭਾਈ ਮਰਦਾਨਾ ਜੀ ਦਾ ਪੁੱਤਰ ਸ਼ਹਿਜ਼ਾਦਾ, ਭਾਈ ਜੀਵਾ, ਭਾਈ ਗੁੱਜਰ ਲੁਹਾਰ, ਭਾਈ ਧਿੰਙ, ਭਾਈ ਪਾਰੋ ਜੁਲਕਾ, ਭਾਈ ਮੱਲੂ ਸ਼ਾਹ, ਭਾਈ ਕਿਦਾਰੀ, ਭਾਈ ਦੀਪਾ, ਭਾਈ ਨਰੈਣ ਦਾਸ, ਭਾਈ ਬੂਲਾ, ਭਾਈ ਲਾਲੂ, ਭਾਈ ਦੁਰਗਾ ਜੀਵੰਦਾ, ਭਾਈ ਜੱਗਾ ਧਰਣੀ, ਭਾਈ ਖਾਨੂ ਮਾਈਆ, ਭਾਈ ਗੋਵਿੰਦ ਅਤੇ ਭਾਈ ਜੋਧ ਰਸੋਈਏ ਦਾ ਨਾਮ ਬੜੇ ਆਦਰ ਨਾਲ ਲਿਆ ਜਾ ਸਕਦਾ ਹੈ ਜਿਨ੍ਹਾਂ ਸਿੱਖੀ ਦੇ ਪ੍ਰਚਾਰ ਅਤੇ ਵਾਧੇ ਲਈ ਗੁਰੂ-ਘਰ ਦੀ ਬਹੁਤ ਸੇਵਾ ਕੀਤੀ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਇਕੱਤਰ ਕਰ ਕੇ ਅਤੇ ਲਿਪੀਬੱਧ ਕਰਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੱਲ ਪਹਿਲਾ ਵੱਡਾ ਕਦਮ ਚੁੱਕਿਆ, ਜਿਸ ਰਾਹੀਂ ਇਹ ਬਾਣੀ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਹੱਥੋਂ ਲੰਘਦੀ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਪਹੁੰਚੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਸਰੂਪ ੧੬੦੪ ਈ: ਵਿਚ ਤਿਆਰ ਹੋਇਆ। ਬਾਬਾ ਬੁੱਢਾ ਜੀ ਨੂੰ ਸਿੱਖ ਧਰਮ ਦਾ ਪਹਿਲਾ ਗ੍ਰੰਥੀ ਨਿਯੁਕਤ ਕੀਤਾ ਗਿਆ।

ਆਪ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਲਿਖਵਾ ਕੇ ਪੰਜਾਬੀ ਵਾਰਤਕ ਅਤੇ ਇਤਿਹਾਸ ਰਚਨਾ ਦਾ ਵੀ ਮੁੱਢ ਬੰਨ੍ਹ ਦਿੱਤਾ। ਜਨਮ ਸਾਖੀ ਸਿੱਖ ਇਤਿਹਾਸ ਦੀ ਪਹਿਲੀ ਰਚਨਾ ਕਹੀ ਜਾ ਸਕਦੀ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦਾ ਸੁਨੇਹਾ ਸਾਰੀ ਮਾਨਵ ਜਾਤੀ ਵਾਸਤੇ ਇੱਕੋ ਜਿਹਾ ਅਤੇ ਕਲਿਆਣਕਾਰੀ ਹੈ। ਰੱਬ ਦੀ ਬੰਦਗੀ ਅਤੇ ਪ੍ਰਭੂ-ਪ੍ਰੇਮ ਦੇ ਸਾਹਮਣੇ ਦੁਨੀਆਂ ਦੇ ਪਦਾਰਥ ਅਤੇ ਵਡਿਆਈਆਂ ਦਾ ਕੋਈ ਮੁੱਲ ਨਹੀਂ। ਆਪ ਫੁਰਮਾਉਂਦੇ ਹਨ:

*ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥*
*ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥੨॥*

*(ਪੰਨਾ ੧੨੯੦)*

ਆਪ ਜੀ ਨੂੰ ਰੱਬ ਦੇ ਪਿਤਾ-ਪਾਲਕ ਵਾਲੇ ਸੁਭਾਅ 'ਤੇ ਪੂਰਨ ਵਿਸ਼ਵਾਸ ਸੀ। ਇਨਸਾਨ ਤਾਂ ਐਵੇਂ ਰੋਜ਼ੀ ਰੋਟੀ ਦੀ ਤਲਾਸ਼ ਅਤੇ ਪਦਾਰਥਾਂ ਦੀ ਦੌੜ ਵਿਚ ਭੱਜਾ ਫਿਰਦਾ ਹੈ। ਗੁਰੂ ਜੀ ਤਾਂ ਕਹਿੰਦੇ ਹਨ:

*ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥*
*ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥* *(ਪੰਨਾ ੯੫੫)*

ਜਿਨ੍ਹਾਂ ਨੇ ਆਪਣੇ ਮਨ ਵਿਚ ਪ੍ਰਭੂ ਨੂੰ ਵਸਾਇਆ ਹੈ ਤੇ ਸੱਚੇ ਮਨ ਨਾਲ ਉਸ ਦੀ ਸੇਵਾ ਵਿਚ ਲੱਗ ਗਏ ਹਨ, ਉਨ੍ਹਾਂ ਦੀਆਂ ਸਾਰੀਆਂ ਚਿੰਤਾਵਾਂ ਤੇ ਫਿਕਰ ਦੂਰ ਹੋ ਜਾਂਦੇ

ਹਨ। ਉਨ੍ਹਾਂ ਦੇ ਘਰ ਸਦਾ ਹੀ ਬਸੰਤ ਵਰਗਾ ਖੇੜਾ ਤੇ ਖੁਸ਼ੀ ਬਣੀ ਰਹਿੰਦੀ ਹੈ:

*ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ ॥*
*ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ ॥੨॥* *(ਪੰਨਾ ੭੯੧)*

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਤੇਰ੍ਹਾਂ ਸਾਲ ਤਕ ਗੁਰਿਆਈ ਦੀ ਜ਼ਿੰਮੇਵਾਰੀ ਨੂੰ ਬੜੀ ਸਫਲਤਾ ਨਾਲ ਨਿਭਾਇਆ। ਆਪ ਜੀ ਦਾ ਸਮਾਂ ਸਿੱਖ ਧਰਮ ਦੇ ਵਿਕਾਸ ਵਿਚ ਇਕ ਮਹੱਤਵਪੂਰਨ ਕੜੀ ਹੈ। ੨੯ ਮਾਰਚ ਸੰਨ ੧੫੫੨ ਨੂੰ ਜਦੋਂ ਆਪ ਜੋਤੀ ਜੋਤ ਸਮਾਏ ਤਾਂ ਸਿੱਖ ਜਥੇਬੰਦੀ ਆਪਣੇ ਪੱਕੇ ਪੈਰਾਂ 'ਤੇ ਖਲੋ ਚੁੱਕੀ ਸੀ।

■

---

## *ਪੰਜ ਪਿਆਰਿਆਂ ਦਾ ਅਦੁੱਤੀ ਸੰਕਲਪ*

*(ਸਫ਼ਾ ੨੪ ਦਾ ਬਾਕੀ ਹਿੱਸਾ)*

ਪਰ ਭਾਰਤੀ ਸਮਾਜ ਦੀ ਬਦਕਿਸਮਤੀ ਇਹ ਸੀ ਕਿ ਉਹ ਸਦੀਆਂ ਤੋਂ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਹੋਇਆ ਸੀ ਅਤੇ ਉਸ ਨੂੰ ਇਹ ਗ਼ੁਲਾਮੀ ਓਪਰੀ ਨਹੀਂ ਸੀ ਜਾਪਦੀ। ਸ਼ਾਇਦ ਇਸ ਲਈ ਕਿ ਸਰੀਰ ਦੇ ਮੋਹ ਤੇ ਪਦਾਰਥਕ ਸੁਖਾਂ ਦੀ ਤ੍ਰਿਸ਼ਨਾ ਕਾਰਨ ਉਸ ਦੀ ਆਤਮਾ ਮਰ ਚੁੱਕੀ ਸੀ। ਅਸਲ ਵਿਚ ਸਰੀਰ ਦੇ ਮੋਹ ਕਾਰਨ ਮਨੁੱਖ ਗ਼ੁਲਾਮੀ ਸਹਿੰਦਾ ਹੈ, ਮਜ਼ਲੂਮ ਬਣ ਕੇ ਤਰਸਯੋਗ ਹਾਲਤ ਵਿਚ ਜਿਊਂਦਾ ਹੈ, ਸ਼ੋਸ਼ਣ ਦਾ ਕਸ਼ਟ ਭੋਗਦਾ ਹੈ। ਧਰਮ, ਭਾਸ਼ਾ ਤੇ ਸਭਿਆਚਾਰ ਦੀ ਬਲੀ ਦੇ ਕੇ ਆਪਣੇ ਸਰੀਰ ਦੇ ਸੁੱਖ ਦੇ ਸਾਧਨ ਜੁਟਾਉਂਦਾ ਹੈ। ਪਹਿਲੀ ਵਾਰ ਇਹੋ ਜਿਹੇ ਗ਼ੁਲਾਮ ਸਮਾਜ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਹਲੂਣਿਆ ਸੀ ਤੇ 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਦਾ ਸੱਦਾ ਦਿੱਤਾ ਸੀ।

ਗੁਰੂ ਪਰੰਪਰਾ ਨੇ ਸੇਧ ਦਿੱਤੀ ਕਿ ਜੇ ਆਪਾ ਵਾਰਨ ਦੀ ਜਾਚ ਤੇ ਸਮਰੱਥਾ ਆ ਜਾਵੇ ਤਾਂ ਅਣਖ ਨਾਲ ਜਿਊਂਣਾ ਵੀ ਆ ਜਾਂਦਾ ਹੈ। ਰੋਜ਼ ਮਰਨ ਨਾਲੋਂ ਇਕ ਵਾਰ ਮਰਨਾ ਕਿਤੇ ਚੰਗਾ ਹੈ। ਇਸ ਤਰ੍ਹਾਂ ਦਾ ਇਕ ਵਾਰ ਮਰਨਾ ਸਦੀਵੀ ਜੀਵਨ ਬਣ ਜਾਂਦਾ ਹੈ ਅਤੇ ਹਜ਼ਾਰਾਂ-ਲੱਖਾਂ ਹੋਰਨਾਂ ਨੂੰ ਸੁਤੰਤਰ ਜ਼ਿੰਦਗੀ ਦੇ ਜਾਂਦਾ ਹੈ। ਇਹੋ ਸਾਰ-ਤੱਤ ਸੀ ਵੈਸਾਖੀ ਵਾਲੇ ਦਿਨ ਪੰਜ ਸਿਰਾਂ ਦੀ ਮੰਗ ਕਰ ਕੇ 'ਪੰਜ ਪਿਆਰੇ' ਸਿਰਜਣ ਦੀ ਘਟਨਾ ਦਾ। ਇਸ ਕ੍ਰਿਸ਼ਮਈ ਘਟਨਾ ਰਾਹੀਂ 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਧਾਂਤ, ਵਿਹਾਰਕ ਰੂਪ ਵਿਚ ਖਾਲਸਾ ਪੰਥ ਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਸੀ। ਫਿਰ ਕੀ ਸੀ 'ਮਰਣੁ ਕਬੂਲਿ' ਕਰਕੇ ਪ੍ਰਾਪਤ ਹੋਈ ਜ਼ਿੰਦਗੀ ਹੀ ਖਾਲਸਾ ਪੰਥ ਦੀ ਜੀਵਨ-ਜਾਚ ਬਣ ਗਈ ਅਤੇ ਇਹੋ ਖਾਲਸਾਈ ਜੀਵਨ-ਜਾਚ ਇਕ ਵੱਡੇ ਇਨਕਲਾਬ ਦਾ ਸਬੱਬ ਹੋ ਨਿਬੜੀ।

■

# ਭੱਟ ਸਾਹਿਬਾਨ ਦੇ ਸਵਈਆਂ ਬਾਰੇ ਵਿਸਥਾਰ ਪ੍ਰਸਤਾਵਨਾ

*-ਗਿ. ਬਲਵੰਤ ਸਿੰਘ ਕੋਠਾਗੁਰੂ**

ਗੁਰਬਾਣੀ ਬਾਰੇ ਸਤਿਗੁਰੂ ਜੀ ਨੇ ਫੁਰਮਾਇਆ ਹੈ ਕਿ ਗੁਰਬਾਣੀ ਧੁਰ ਕੀ ਬਾਣੀ। ਬਾਣੀ ਦੇ ਰਹੱਸ/ਧਰਮ ਨੂੰ ਅਸੀਂ ਪੂਰੀ ਤਰ੍ਹਾਂ ਸਮਝਣ ਤੋਂ ਅਸਮਰੱਥ ਹਾਂ। ਰਾਗ, ਕਾਵਯ, ਅਲੰਕਾਰ, ਅਰਥ, ਪਰਮਾਰਥ, ਸਾਹਿਤ, ਵਿਆਕਰਨ, ਭਾਸ਼ਾ, ਆਦਿ ਸਰਬ ਪੱਖਾਂ ਤੋਂ ਸਮਝ ਨਹੀਂ ਸਕਦੇ। ਫਿਰ ਵੀ ਯਤਨ ਕੀਤਾ ਜਾਂਦਾ ਹੈ ਕਿ ਗੁਰਬਾਣੀ ਨੂੰ ਸਮਝਿਆ ਵਿਚਾਰਿਆ ਜਾਵੇ। ਨਾਮ ਬਾਣੀ ਦੇ ਰਸੀਏ ਵਿਦਵਾਨ ਗੁਰਬਾਣੀ ਨੂੰ ਸਭ ਤਰ੍ਹਾਂ ਨਾਲ ਸਮਝਣ ਅਤੇ ਸਮਝਾਉਣ ਦਾ ਯਤਨ ਕਰਦੇ ਆ ਰਹੇ ਹਨ। ਸੰਸਾਰਕ ਅਤੇ ਸਾਹਿਤਕ ਦ੍ਰਿਸ਼ਟੀ ਨਾਲ ਰਾਗ ਅਤੇ ਕਾਵਿ ਨੂੰ ਸਮਝਣ ਵਾਸਤੇ ਵੀ ਯਤਨ ਹੋਏ ਹਨ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਗੁਰਬਾਣੀ ਗੀਤ ਨਹੀਂ ਬ੍ਰਹਮ ਵਿਚਾਰ ਹੈ। ਸੰਸਾਰਕ ਬੰਧਨਾਂ ਤੋਂ ਸੁਤੰਤਰ ਹੈ।

ਸੰਸਕ੍ਰਿਤ ਅਤੇ ਬ੍ਰਿਜ ਭਾਸ਼ਾ ਦੇ ਵਿਦਵਾਨ ਕਾਵਿ/ਛੰਦ ਵਿਚ ਇੱਕ ਲਗ ਮਾਤ੍ਰ, ਦ੍ਰੁਤ ਅੱਖਰ ਤਕ ਨੂੰ ਵੀ ਵਰਤਣ ਲਈ ਸਾਵਧਾਨ ਰਹਿੰਦੇ ਸਨ। ਇੱਕ-ਇੱਕ ਲਗ ਮਾਤ੍ਰ ਲਗਾਉਣ ਅਤੇ ਨਾ ਲਗਾਉਣ ਦੇ ਕਾਰਨ, ਛੰਦ ਨੂੰ ਦੂਸਰਾ ਛੰਦ ਮੰਨਿਆ ਜਾਂਦਾ ਸੀ। ਲਗਾਂ ਮਾਤ੍ਰਾਂ ਦੇ ਵਾਧੇ-ਘਾਟੇ ਕਾਰਨ ਨਵੇਂ-ਨਵੇਂ ਭੇਦ ਮੰਨੇ ਜਾਂਦੇ ਹਨ। ਕਾਵਿ ਦੀ ਦੁਨੀਆਂ ਵਿਚ ਵਿਚਰਨ ਵਾਲਾ, ਬਾਲ ਬੁੱਧੀ ਵਿਅਕਤੀ ਅਜਿਹੇ ਪ੍ਰਤਿਬੰਧਾਂ ਦੇ ਕਾਰਨ ਅਸਤ-ਵਿਅਸਤ ਹੋ ਜਾਂਦਾ ਹੈ।

ਛੰਦ ਸ਼ਾਸਤ੍ਰ ਵਿਚ ਇੱਕ-ਇੱਕ ਛੰਦ ਬਾਰੇ ਦੱਸਿਆ ਹੈ ਕਿ ਇਤਨੇ ਲੱਖ ਇਤਨੇ ਕਰੋੜ ਤਰਾਂ ਦਾ ਇਹ ਛੰਦ ਬਣਦਾ ਹੈ। ਇਹ ਰੋਚਕ ਵੇਰਵਾ ਜਾਣਨ ਲਈ ਸੰਤ ਸੰਗਤ ਸਿੰਘ ਜੀ ਕ੍ਰਿਤ 'ਪਿੰਗਲ ਪ੍ਰਸਤਾਰ ਸੰਗ੍ਰਹ ਸਟੀਕ' ਅਤੇ ਸੰਤ ਰਾਮ ਦਾਸ ਜੀ ਕ੍ਰਿਤ 'ਗਨ ਪ੍ਰਸਤਾਰ ਪ੍ਰਕਾਸ਼' ਵੇਖਣਯੋਗ ਹਨ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਇਸ ਭ੍ਰਮ ਜਾਲ ਨੂੰ ਕੱਟਦੇ ਹੋਏ ਫੁਰਮਾਇਆ ਹੈ ਕਿ ਕਿਸੇ ਛੰਦ ਦੇ ਕਿਤਨੇ ਭੇਦ/ਰੂਪ ਦੱਸੇ ਜਾਣ, ਪਰ ਛੰਦ ਮੂਲ ਰੂਪ ਵਿਚ ਹੀ ਰਹਿੰਦਾ ਹੈ ਜਿਵੇਂ ਸਵਈਆ, ਸਵਈਆ ਹੀ ਰਹਿੰਦਾ ਹੈ। ਕਬਿੱਤ, ਕਬਿੱਤ ਹੀ ਰਹਿੰਦਾ ਹੈ। ਦੋਹਰਾ, ਦੋਹਰਾ ਹੀ ਰਹਿੰਦਾ ਹੈ। ਉੱਪਰ ਦੱਸੀ ਛੰਦਾਂ ਦੀ ਭਿੰਨਤਾ ਵਿਸਥਾਰ ਵਿਹਲੇ ਸਮੇਂ ਦੇ ਕਲਪੇ ਚਮਤਕਾਰ ਹਨ। ਅਸੀਂ ਭੱਟ ਸਾਹਿਬਾਨ ਦੇ ਸਵਈਆਂ ਦੇ ਛੰਦਾਂ ਦੇ ਨਾਮ ਲਿਖਣ ਦਾ ਯਤਨ ਕੀਤਾ ਹੈ। ਛੰਦ ਦੇ ਨਿੱਕੇ-ਨਿੱਕੇ ਭੇਦ, ਉਪਨਾਮ, ਇਸ ਭ੍ਰਾਂਤੀ ਪੈਦਾ ਕਰਨ ਵਾਲੀ ਗੱਲ ਤੋਂ ਸੰਕੋਚ ਕੀਤਾ ਹੈ। ਕੇਵਲ ਮੁੱਖ ਛੰਦ ਅਤੇ ਬਣਾਉਣ ਦੀ ਵਿਧੀ, ਗਨਕ ਮਾਤ੍ਰਕ ਵਰਣਨ ਤਕ ਸੀਮਤ ਰਹੇ ਹਾਂ।

** ਪਿੰਡ ਕੋਠਾਗੁਰੂ, ਜ਼ਿਲ੍ਹਾ ਬਠਿੰਡਾ। ਮੋ: ੯੯੧੫੩-੫੭੮੦੨*

ਗੁਰਬਾਣੀ ਸੰਸਾਰੀ ਨਿਯਮਾਂ ਤੋਂ ਸੁਤੰਤਰ ਹੈ। ਅਸੀਂ ਦਸਮ ਗੁਰੂ ਜੀ ਦੀ ਬਾਣੀ ਦਾ ਇਕ ਪ੍ਰਮਾਣ ਅੰਕਿਤ ਕਰਦੇ ਹਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਣੀ ਛੰਦ ਸ਼ਾਸਤ੍ਰ ਦੇ ਅਨੁਸਾਰ ਉਚਾਰਨ ਕੀਤੀ ਹੈ ਅਤੇ ਨਾਲ ਹੀ ਗੁਰੂ ਜੀ ਨੇ ਪੂਰਵ ਗੁਰੂ ਸਾਹਿਬਾਨ ਦੀ ਤਰ੍ਹਾਂ ਆਪਣੀ ਸੁਤੰਤਰਤਾ ਨੂੰ ਵੀ ਮੁੱਖ ਰੱਖਿਆ ਹੈ। ਜਿਵੇਂ ਜਾਪ ਸਾਹਿਬ ਵਿਚ ਭੁਜੰਗ ਪ੍ਰਯਾਤ ਛੰਦ ਹੈ। ਭੁਜੰਗ ਪ੍ਰਯਾਤ ਛੰਦ ਵਿਚ ੪ ਯਗਣ ਗਣ ਰੱਖੇ ਜਾਂਦੇ ਹਨ। ਅਰਧ ਭੁਜੰਗ ਪ੍ਰਯਾਤ ਛੰਦ ਜਿਸ ਦਾ ਨਾਮ ਸੰਖਨਾਰੀ ਛੰਦ ਹੈ। ਇਸ ਵਿਚ ਦੋ ਯਗਣ ਗਣ ਹੁੰਦੇ ਹਨ। ਗੁਰੂ ਕਲਗੀਧਰ ਪਾਤਸ਼ਾਹ ਨੇ ਆਪਣੀ ਬਾਣੀ ਵਿਚ ਭੁਜੰਗ ਪ੍ਰਯਾਤ ਛੰਦ ਲਿਖ ਕੇ ਰੂਪ ਸੰਖਨਾਰੀ ਦਾ ਰੱਖਿਆ ਹੈ। ਜਿਵੇਂ:

*– ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ॥ ਨਮੋ ਦੇਵ ਦੇਵੇ॥ ਅਭੇਖੀ ਅਭੇਵੇ॥*
*– ਅਗਾਧੇ ਅਬਾਧੇ॥ ਅਨੰਦੀ ਸਰੂਪੇ॥ ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ॥*

ਇਸ ਛੰਦ (ਸੰਖਨਾਰੀ) ਵਿਚ ਕੇਵਲ ਦੋ ਯਗਣ ਗਣ ਹਨ। ਹੁਣ ਵੇਖੋ ਭੁਜੰਗ ਪ੍ਰਯਾਤ ਛੰਦ

*ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ॥ ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ॥*
*ਨਮੋ ਅੰਧਕਾਰੇ ਨਮੋ ਤੇਜ ਤੇਜੇ॥ ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ॥*
*ਨਮਸਤੁਲ ਪ੍ਰਣਾਮੇ ਸਮਸਤੁਲ ਪ੍ਰਣਾਸੇ॥ ਅਗੰਜੁਲ ਅਨਾਮੇ ਸਮਸਤੁਲ ਨਿਵਾਸੇ॥*
*ਨ੍ਰਿਕਾਮੰ ਬਿਭੂਤੇ ਸਮਸਤੁਲ ਸਰੂਪੇ॥ ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ॥*

ਇਸ ਛੰਦ (ਭੁਜੰਗ ਪ੍ਰਯਾਤ) ਵਿਚ ੪ ਯਗਣ ਗਣ ਹਨ।

ਪਹਿਲੇ ਲਿਖੇ ਭੁਜੰਗ ਪ੍ਰਯਾਤ ਦੀਆਂ ਛੋਟੀਆਂ ਪੰਕਤੀਆਂ ਹਨ ਅਤੇ ਦੂਸਰੇ ਛੰਦ ਦੀਆਂ ਪਹਿਲੇ ਛੰਦ ਨਾਲੋਂ ਦੁੱਗਣੀਆਂ/ਵੱਡੀਆਂ ਪੰਕਤੀਆਂ ਹਨ। ਪਰ ਦੋਵਾਂ ਦਾ ਨਾਮ ਭੁਜੰਗ ਪ੍ਰਯਾਤ ਹੀ ਲਿਖਿਆ ਹੈ। ਜਦੋਂ ਕਿ ਪਹਿਲਾ ਸੰਖਨਾਰੀ ਛੰਦ ਹੈ। ਦੂਸਰਾ ਭੁਜੰਗ ਪ੍ਰਯਾਤ ਛੰਦ ਹੈ। ਰੂਪ ਦੀਪ ਪਿੰਗਲ ਵਿਚ ਭੁਜੰਗ ਪ੍ਰਯਾਤ ਛੰਦ ਦਾ ਰੂਪ ਇਸ ਤਰ੍ਹਾਂ ਦੱਸਿਆ ਹੈ:–

*ਸਭੇ ਚਾਰ ਯਗੰਨ ਕੋ ਨੇਮੁ ਜਾਣੈ। ਮਿਣੇ ਵੀਹ ਮਾਤ੍ਰਾ ਕਲੀ ਏਕ ਠਾਣੈ।*
*ਯਹੀ ਸੇਸ ਨੈ ਭੇਦੁ ਨਿਸਚੈ ਕਹਾ ਹੈ। ਕਹੋ ਯਾਹ ਛੰਦੈ ਭੁਯੰਗੀ ਪ੍ਰਿਯਾ ਹੈ।੨੧।*

ਅਤੇ ਸੰਖਨਾਰੀ ਦਾ ਰੂਪ ਇਸ ਤਰ੍ਹਾਂ ਦੱਸਿਆ ਹੈ:–

*ਕਰੋ ਦੋ ਯਗੰਨੇ। ਤੁਕੈ ਚਾਰ ਮੰਨੇ।*
*ਦਸੋ ਮੱਤ ਧਾਰੀ। ਕਹੋ ਸੰਖ ਨਾਰੀ।*

ਕਹਿਣ ਦਾ ਭਾਵ ਹੈ ਕਿ ਪੂਰਵ ਗੁਰੂ ਸਾਹਿਬਾਨ ਅਤੇ ਗੁਰੂ ਕਲਗੀਧਰ ਪਿਤਾ ਸਰਬ ਸਮਰੱਥ ਸ਼ਾਸਤ੍ਰ ਨਿਸ਼ਣਾਤ ਸਰਬ ਵਿੱਦਿਆ ਪ੍ਰਬੀਨ ਹੋ ਕੇ ਵੀ ਆਪਣੀ ਸੁਤੰਤਰਤਾ ਨੂੰ ਵਰਤਦੇ ਰਹੇ ਹਨ।

ਭੱਟ ਸਾਹਿਬਾਨ ਨੇ ਵੀ ਆਪਣੇ ਸਵਈਆਂ ਵਿਚ ਸੁਤੰਤਰਤਾ ਨੂੰ ਖੁੱਲ੍ਹ ਕੇ ਵਰਤਿਆ

ਹੈ। ਫਿਰ ਵੀ ਸਵਈਆਂ ਦੀ ਬਾਣੀ ਛੰਦ ਸ਼ਾਸਤ੍ਰ ਦੇ ਅਨੁਸਾਰ ਹੈ। ਬਾਣੀ ਦਾ ਨਾਮ ਭਾਵੇਂ ਭੱਟਾਂ ਦੇ ਸਵਈਏ ਹਨ, ਪਰ ਇਸ ਬਾਣੀ ਵਿਚ ਅਨੇਕ ਛੰਦਾਂ ਦੀ ਵਰਤੋਂ ਕੀਤੀ ਹੈ। ਕਈ ਥਾਵਾਂ ਤੇ ਛੰਦਾਂ ਦੇ ਨਾਮ ਵੀ ਲਿਖੇ ਹਨ। ਜਿਵੇਂ ਰਡ, ਝੋਲਨਾ, ਸੋਰਠੇ ਆਦਿਕ। ਜਿਨ੍ਹਾਂ ਛੰਦਾਂ ਉੱਪਰ ਨਾਮ ਨਹੀਂ ਲਿਖੇ ਅਸੀਂ ਛੰਦ ਸ਼ਾਸਤ੍ਰ ਦੀ ਸਹਾਇਤਾ ਨਾਲ ਸਵਈਆਂ ਵਿਚ ਆਏ ਛੰਦਾਂ ਦੇ ਨਾਮ ਲਿਖਣ ਦਾ ਯਤਨ ਕੀਤਾ ਹੈ। ਸਵਈਆਂ ਵਿਚ ਆਏ ਛੰਦਾਂ ਦੇ ਰੂਪ, ਭੇਦ ਅਤੇ ਛੰਦ ਦੇ ਬਣਾਉਣ ਦੀ ਵਿਧੀ ਸੰਖੇਪ ਵਿਚ ਅੰਕਿਤ ਕੀਤੀ ਹੈ। ਭੱਟ ਸਾਹਿਬਾਨ ਦੇ ਸਵਈਆਂ ਦੇ ਸ਼ਬਦ-ਜੋੜ ਨਾਲ ਲਿਖ ਦਿੱਤੇ ਹਨ। ਇਹ ਮੁੱਢਲਾ ਯਤਨ ਹੈ ਗਲਤੀਆਂ ਦਾ ਹੋ ਜਾਣਾ ਸੁਭਾਵਿਕ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭੱਟ ਸਾਹਿਬਾਨ ਦੀ ਬਾਣੀ ਦਾ ਨਾਮ ਸਵਈਏ ਹੈ, ਪਰ ਇਹ ਸਾਰੇ ਸਵਈਏ ਛੰਦ ਨਹੀਂ ਹਨ। ਇਸ ਬਾਣੀ ਵਿਚ ਹੋਰ ਵੀ ਕਿਤਨੇ ਹੀ ਤਰ੍ਹਾਂ ਦੇ ਛੰਦ ਕਾਵਿ ਦੇ ਰੂਪ ਹਨ। ਜਿਨ੍ਹਾਂ ਛੰਦਾਂ, ਕਾਵਿ ਰੂਪਾਂ ਦਾ ਅਸੀਂ ਇਸ ਲੇਖ ਵਿਚ ਵੇਰਵਾ ਦੇਣ ਦਾ ਯਤਨ ਕੀਤਾ ਹੈ। ਉਹ ਇਸ ਪ੍ਰਕਾਰ ਹਨ:-

**ਕਬਿੱਤ :**

ਵਰਣਿਕ ਛੰਦ ਹੈ, ਇਸ ਦਾ ਨਾਮ 'ਮਨਹਰ' 'ਮਨਹਰਨ' ਵੀ ਹੈ। ਚਾਰ ਪੰਕਤੀਆਂ ੮-੮ 'ਤੇ ਵਿਸਰਾਮ, ਅੰਤ ਦੀਰਘੁ ਅੱਖਰ।

ਘਨਾਸ਼ਰੀ ਛੰਦ ਵੀ ਕਬਿੱਤ ਦਾ ਹੀ ਰੂਪ ਹੈ ੮-੮ ਅੱਖਰਾਂ 'ਤੇ ਵਿਸ਼ਰਾਮ, ਅੰਤ ਦੋ ਲਘੁ (ਅੱਖਰ); ਕਬਿੱਤ ਦੇ ਛੰਦ ਸ਼ਾਸਤ੍ਰ ਵਿਚ ਕਈ ਰੂਪ ਮਿਲਦੇ ਹਨ। ਸੰਤ ਸੰਗਤ ਸਿੰਘ ਜੀ ਨੇ 'ਪ੍ਰਸਤਾਰ ਸੰਗ੍ਰਹ' ਵਿਚ ਕਬਿੱਤ ਦੇ ੭੫੩੦੧੦੦ ਰੂਪ/ਭੇਦ ਦੱਸੇ ਹਨ। ਭੱਟ ਸਾਹਿਬਾਨ ਨੇ ਸ੍ਵੈ ਇੱਛਾ ਅਨੁਸਾਰ ਕਈ ਰੂਪ ਵਰਤੇ ਹਨ।

**ਸਵਈਆ:**

ਕਾਵਿ ਦਾ ਪ੍ਰਸਿੱਧ ਛੰਦ ਹੈ। ਇਸ ਛੰਦ ਦੇ ਭਾਵੇਂ ਕਈ ਨਾਮ ਹਨ ਪਰ ਸਵਈਆ ਪ੍ਰਸਿੱਧ ਹੈ। ਚਾਰ ਪੰਕਤੀਆਂ ਪਦਾਂਤ ਅਨੁਪ੍ਰਾਸ ਹੋਣਾ ਨਿਯਮ ਹੈ। ਮਾਤ੍ਰਿਕ ਗਣਕ ਭੇਦ ਕਰ ਕੇ ਵੀ ਸਵਈਏ ਦੇ ਕਈ ਭੇਦ ਹਨ। ਭੱਟ ਸਾਹਿਬਾਨ ਦੇ ਸਵਈਆਂ ਵਿਚ ਮਾਤ੍ਰਿਕ ਸਵਈਆਂ ਦਾ ਪ੍ਰਯੋਗ ਕੀਤਾ ਗਿਆ ਹੈ। ਸਵਈਏ ਮਹਲੇ ੫ ਕੇ ਵਿਚ ਮਥਰਾ ਭੱਟ ਦੇ ਤਿੰਨ ਸਵਈਏ ਨੰ ੪-੫-੬ ਵਾਲੇ ਗਣਕ ਸਵਈਏ ਹਨ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਗੁਰਛੰਦ ਦਿਵਾਕਰ ਵਿਚ ਸਵਈਏ ਦੇ ੩੪ ਭੇਦ ਪ੍ਰਮਾਣਾਂ ਸਹਿਤ ਵਰਣਨ ਕੀਤੇ ਹਨ। ਸੰਤ ਸੰਗਤ ਸਿੰਘ ਜੀ ਨੇ 'ਪਿੰਗਲ ਪ੍ਰਸਤਾਰ ਸੰਗ੍ਰਹ' ਵਿਚ ਸਫ਼ਾ ੫੭ (ਅਧਿ.੩) ਵਿਚ ੬੧ ਭੇਦ ਲਿਖੇ ਹਨ।

**ਝੋਲਨਾ :**

ਜਿਸ ਦੇ ਪੰਜ ਪਦ ੨੧-੪੧-੪੬-੪੧ ਅਤੇ ੪੧ ਕ੍ਰਮਵਾਰ ਮਾਤ੍ਰਾ, ਚਾਰ ਪੰਕਤੀਆਂ ਵਿਚ ਝੋਲਨਾ ਛੰਦ ਬਣਦਾ ਹੈ। ਇਹ ਵਿਖਮਤਰ ਛੰਦ ਹੈ।

**ਛੱਪਯ (ਛਪੈ) ਛੰਦ :**

ਛੱਪਯ ਛੰਦ ਵਿਚ ੬ ਪੰਕਤੀਆਂ ਹਨ, ਪਹਿਲਾ ਰੋਲਾ ਛੰਦ ੧੧-੧੩ ਤੇ ਵਿਸ੍ਰਾਮ, ਅੰਤ ਵਿਚ ਦੋਹਰਾ ਰੱਖਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ੧੯ ਰੂਪ/ਭੇਦ ਛੱਪਯ ਛੰਦ ਦੇ ਵਰਣਨ ਕੀਤੇ ਹਨ ਅਤੇ ਕੁੱਲ ੭੧ ਭੇਦ ਦੱਸੇ ਹਨ।

**ਰਡ ਛੰਦ :**

ਚਾਰ ਪੰਕਤੀਆਂ, ਪਹਿਲੀ ਪੰਕਤੀ ਵਿਚ ੪੧ ਮਾਤ੍ਰਾ, ੧੫-੧੧-੧੫ ਤਿੰਨ ਵਿਸ੍ਰਾਮ, ਦੂਸਰੀ ਪੰਕਤੀ ਦੀਆਂ ੨੬ ਮਾਤ੍ਰਾਂ, ੧੧-੧੫ ਤੇ ਵਿਸ੍ਰਾਮ, ਅੰਤ ਦੋਹਰਾ, ਇਹ ਵਿਖਮਤਰ ਛੰਦ ਹੈ, ਭੱਟ ਸਾਹਿਬਾਨ ਦੇ ਸਵਈਆਂ ਵਿਚ ਇਸ ਛੰਦ ਦਾ ਨਾਮ ਵੀ ਲਿਖਿਆ ਮਿਲਦਾ ਹੈ।

**ਰੋਲਾ ਛੰਦ :**

ਇਸ ਛੰਦ (ਦਾ) ੧੧-੧੩ ਤੇ ਵਿਸ੍ਰਾਮ ਕੁੱਲ ੨੪ ਮਾਤ੍ਰਾ ਚਾਰ ਪੰਕਤੀਆਂ ਹੁੰਦੀਆਂ ਹਨ।

**ਕਲਸ:**

ਕਲਸ ਛੰਦ, ਦੋ ਛੰਦਾਂ ਦੇ ਮੇਲ ਤੋਂ ਬਣਦਾ ਹੈ, ਪਹਿਲਾ ਛੰਦ ਦੇ ਸਿਰ ਉੱਪਰ ਦੂਸਰਾ ਕਲਸ (ਘੜੇ) ਦੀ ਤਰ੍ਹਾਂ ਰੱਖਿਆ ਜਾਂਦਾ ਹੈ। ਪਹਿਲੇ ਛੰਦ ਦਾ ਅੰਤਿਮ ਭਾਗ ਦੂਸਰੇ ਛੰਦ ਦੇ ਅਰੰਭ ਵਿਚ ਸਿੰਘਾ ਵਿਲੋਕਨ ਨਯਾਯ ਦੀ ਤਰ੍ਹਾਂ ਰੱਖਿਆ ਜਾਂਦਾ ਹੈ। ਭੱਟਾਂ ਦੇ ਸਵਈਆਂ ਵਿਚ ਕਈ ਕਲਸ ਛੰਦ ਆਏ ਹਨ। ਦਸਮ ਗ੍ਰੰਥ ਵਿਚ ਵੀ ਕਲਸ ਛੰਦ ਲਿਖੇ ਮਿਲਦੇ ਹਨ। ਅਸੀਂ ਗਿਆਨ ਪ੍ਰਬੋਧ ਵਿੱਚੋਂ ਇੱਕ ਛੰਦ ਪਾਠਕਾਂ ਦੀ ਦ੍ਰਿਸ਼ਟੀਗੋਚਰ ਕਰਦੇ ਹਾਂ:

*ਆਦਿ ਅਭੈ ਅਨਗਾਧ ਸਰੂਪੰ॥ ਰਾਗ ਰੰਗ ਜਿਹ ਰੇਖ ਨ ਰੂਪੰ॥*
*ਰੰਕ ਭਯੋ ਰਾਵਤ ਕਹੁ ਭੂਪੰ॥ ਕਹੁ ਸਮੁੰਦ੍ਰ ਸਰਿਤਾ ਕਹੁੰ ਕੂਪੰ॥*
*ਸਰਿਤਾ ਕਹੁੰ ਕੂਪੰ ਸਮੁੰਦ੍ਰ ਸਰੂਪੰ ਅਲਖ ਬਿਭੂਤੰ ਅਮਿਤ ਗਤੰ॥*
*ਅਦ੍ਵੈ ਅਬਿਨਾਸੀ ਪਰਮ ਪ੍ਰਕਾਸੰ ਤੇਜ ਸੁਰਾਸੀ ਅਕ੍ਰਿਤ ਕ੍ਰਿਤੰ॥*
*ਜਿਹ ਰੂਪ ਨ ਰੇਖੰ, ਅਲਖ ਅਭੇਖੰ ਅਮਿਤ ਅਦ੍ਵੈਖੰ ਸਰਬ ਮਈ॥*
*ਸਭ ਕਿਲਵਿਖ ਹਰਣੰ, ਪਤਿਤ ਉਧਰਣੰ॥*
*ਅਸਰਣਿ ਸਰਣੰ, ਏਕ ਦਈ॥*

**ਪਟਤਾਲ-ਪੜਤਾਲ:**

ਇਹ ਚਾਰ ਤਾਲ ਦਾ ਭੇਦ 'ਪਟਤਾਲ' ਦਾ ਰੂਪ ਹੈ। ਇਸ ਤਾਲ ਵਿਚ ਗਾਉਣ ਵਾਲੇ ਪਦਾਂ ਦੀ 'ਪੜਤਾਲ' ਸੰਗਯਾ ਹੈ। ਭਾਵੇਂ ਕਿਸੇ ਧਾਰਨਾ ਦੇ ਪਦੇ ਵੀ ਹੋਣ, ਸਾਰੇ ਪੜਤਾਲ ਦੇ 'ਤਾਲ' ਜਾਣੇ ਜਾਂਦੇ ਹਨ। ਵਿਸ਼ੇਸ਼ ਕਰਕੇ ਮੁਕਤਿਕ ਕਾਵਿ ਲਈ ਇਹ ਨਾਮ ਦਿੱਤਾ ਗਿਆ ਹੈ। 'ਰਾਗ ਆਸਾ' ਤੇ 'ਰਾਗ ਬਸੰਤ' ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ

ਪੜਤਾਲ ਦੇ ਕਾਵਿ ਰੂਪ ਦੀ ਵਰਤੋਂ ਕੀਤੀ ਹੈ।

*ਆਸਾ ਮਹਲਾ ੫॥*

*ਬਾਪਾਰਿ ਗੋਵਿੰਦ ਨਾਏ॥*
*ਸਾਧ ਸੰਤ ਮਨਾਏ ਪ੍ਰਿਅ ਪਾਏ ਗੁਨ ਗਾਏ ਪੰਚ ਨਾਦ ਤੂਰ ਬਜਾਏ॥੧॥ ਰਹਾਉ॥*
*ਕਿਰਪਾ ਪਾਏ ਸਹਜਾਏ ਦਰਸਾਏ ਅਬ ਰਾਤਿਆ ਗੋਵਿੰਦ ਸਿਉ॥*
*ਸੰਤ ਸੇਵਿ ਪ੍ਰੀਤਿ ਨਾਥ ਰੰਗੁ ਲਾਲਨ ਲਾਏ॥੧॥*
*ਗੁਰ ਗਿਆਨੁ ਮਨਿ ਦ੍ਰਿੜਾਏ ਰਹਸਾਏ ਨਹੀ ਆਏ ਸਹਜਾਏ ਮਨਿ ਨਿਧਾਨੁ ਪਾਏ॥*
*ਸਭ ਤਜੀ ਮਨੈ ਕੀ ਕਾਮ ਕਰਾ॥*
*ਚਿਰੁ ਚਿਰੁ ਚਿਰੁ ਚਿਰੁ ਭਇਆ ਮਨਿ ਬਹੁਤੁ ਪਿਆਸ ਲਾਗੀ॥*
*ਹਰਿ ਦਰਸਨੋ ਦਿਖਾਵਹੁ ਮੋਹਿ ਤੁਮ ਬਤਾਵਹੁ॥*
*ਨਾਨਕ ਦੀਨ ਸਰਨਿ ਆਏ ਗਲਿ ਲਾਏ॥* *(ਪੰਨਾ ੪੦੮)*

**ਨਿਸ਼ਾਨੀ ਛੰਦ :**

੨੩ ਮਾਤ੍ਰਾ, ੧੩-੧੦ ਤੇ ਵਿਸ੍ਰਾਮ, ਅੰਤ ਦੋ ਗੁਰੂ ਨਿਸ਼ਾਨੀ ਛੰਦ, ਨਿਸ਼ਾਨੀ ਛੰਦ ਦੇ ਪਉੜੀ ਆਦਿ ਕਈ ਨਾਮ, ਕਈ ਭੇਦ ਹਨ।

**ਫੁਲਹਰਿਆ ਛੰਦ :**

ਦੋਹਰੇ ਦੀ ਤਰ੍ਹਾਂ ਦੋ ਪੰਕਤੀਆਂ ਬਣਾ ਕੇ, ਅੰਤ ਦੀਰਘੁ (ਅੱਖਰ) ਰੱਖ ਕੇ, ਇੱਕ ਪੰਕਤੀ ਵਿਚ ੨੫ ਮਾਤ੍ਰਾ ਬਣਾਏ। ਇਹ ਫੁਲਹਰਿਆ ਛੰਦ ਦਾ ਰੂਪ ਹੈ। ਸੰਤ ਸੰਗਤ ਸਿੰਘ ਜੀ ਨੇ 'ਪ੍ਰਸਤਾਰ ਸੰਗ੍ਰਹ' ਵਿਚ ਫੁਲਹਰਿਆ ਛੰਦ ਇਸ ਤਰ੍ਹਾਂ ਦਿੱਤਾ ਹੈ :

*ਜੋ ਦੋਹਾ ਸਮ ਦਲ ਕਲਾ ਏਕ ਅੰਤ ਅਧਕਾਰੇ।*
*ਫੁਲਹਰਿਆ ਬ੍ਰਿਤ ਕੀ ਗਤੀ, ਪਿੰਗਲ ਗਰੜ ਉਚਾਰੇ।*

*(ਸਫ਼ਾ ੮੪, ਅਧਿ: ੪, ਛਾਪ ਪਹਿਲੀ)*

**ਸੋਰਠਾ :**

ਦੋ ਚਰਨ, ਪ੍ਰਤਿ ਚਰਨ (ਪੰਕਤੀ) ਦੋ ਪਾਦ, ਪਹਿਲੇ ਪਾਦ ਵਿਚ ੧੧ ਮਾਤ੍ਰਾ, ਦੂਸਰੇ ਪਾਦ ਵਿਚ ੧੩ ਮਾਤ੍ਰਾ, ਮੱਧ ਵਿਚ ਅਨੁਪ੍ਰਾਸ (ਤੁਕਾਂਤ) ੧੩ ਮਾਤ੍ਰਾ ਦੇ ਅੰਤ ਵਿਚ ਵਿਸ੍ਰਾਮ, ਸੋਰਠਾ ਵਾਸਤਵ ਦੋਹਰੇ ਦਾ ਉਲਟਾ ਰੂਪ ਹੁੰਦਾ ਹੈ, ਰੂਪ ਦੀਪ ਵਿਚ ਕਿਹਾ ਹੈ:

*ਦੋਹਾ ਉਲਟਾ ਜਾਨ ਔਰ ਬਾਤਿ ਦੂਜੀ ਨਹੀ।*
*ਪਿੰਗਲ ਕਰਤ ਬਖਾਨ, ਛੰਦ ਸੋਰਠਾ ਹੋਤ ਹੈ।੩੨।*

ਭੱਟ ਸਾਹਿਬਾਨ ਦੇ ਸਵਈਆਂ ਵਿਚ ਸੋਰਠੇ ਦਾ ਨਾਮ ਵੀ ਲਿਖਿਆ ਮਿਲਦਾ ਹੈ। ਜਪੁ ਜੀ ਸਾਹਿਬ ਵਿਚ ਵੀ ਸੋਰਠਾ ਆਇਆ ਹੈ।

*ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥*

*ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥* *(ਪੰਨਾ ੫)*

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੱਟ ਸਵਈਆਂ ਦਾ ਕਾਵਯ ਪ੍ਰਬੰਧ

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*
*ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫॥*
*ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ॥* *(ਪੰਨਾ ੧੩੮੫)*

ਦੋ ਪੰਕਤੀਆਂ ਦਾ ਇਹ 'ਫੁਲਹਰਿਆ' ਛੰਦ ਹੈ ਇਸ ਦਾ ਰੂਪ ਵੇਖੋ ਪ੍ਰਸਤਾਰ ਸੰਗ੍ਰਹ ਸਫ਼ਾ ੮੪ ਅਧਿਆਏ ੪, ਛਾਪ ਪਹਿਲੀ।

ਅੱਗੇ ਕਬਿੱਤ ਛੰਦ ਹੈ:

*ਬ੍ਯਾਪਤੁ ਦੇਖੀਐ ਜਗਤਿ ਜਾਨੈ ਕਉਨੁ ਤੇਰੀ ਗਤਿ ਸਰਬ ਕੀ ਰਖ੍ਯਾ ਕਰੈ ਆਪੇ ਹਰਿ ਪਤਿ॥*
*(ਪੰਨਾ ੧੩੮੫)*

ਅਗਲੀ ਪੰਕਤੀ ਸਮੱਸਿਆ ਦੀ ਹੈ ਜੋ ਅੰਕ ਚਾਰ ਤਕ ਚਲਦੀ ਹੈ।

*ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ॥*
*ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ॥੧॥*
*ਅੰਮ੍ਰਿਤ ਪ੍ਰਵਾਹ ਸਰਿ ਅਤੁਲ ਭੰਡਾਰ ਭਰਿ ...॥੨॥*
*ਸਗਲ ਭਵਨ ਧਾਰੇ ਏਕ ਥੇਂ ਕੀਏ ਬਿਸਥਾਰੇ ...॥੩॥* *(ਪੰਨਾ ੧੩੮੫)*
*ਸਰਬ ਗੁਣ ਨਿਧਾਨੰ ਕੀਮਤਿ ਨ ਗ੍ਯਾਨੰ ਧ੍ਯਾਨੰ ...॥੪॥*
*ਅੰਕ॥੧॥ ਤੋਂ॥੪॥* *(ਪੰਨਾ ੧੩੮੬)*

ਤਕ ਇਹ ਚਾਰ ਕਬਿੱਤ ਹਨ।

ਪਿੰਗਲ ਪ੍ਰਸਤਾਰ ਸੰਗ੍ਰਹ ਸਟੀਕ ਦੇ ਲੇਖਕ ਸੰਤ ਸੰਗਤ ਸਿੰਘ ਜੀ ਦੇ ਕਥਨ ਅਨੁਸਾਰ ਕਬਿੱਤ ਛੰਦ ਦੇ ੭੫੩੦੧੦੦੫ ਰੂਪ/ਭੇਦ ਹਨ, ਇਨ੍ਹਾਂ ਵਿੱਚੋਂ ਗੁਰੂ ਕੇ ਭੱਟਾਂ ਨੇ ਆਪਣੀ ਸ੍ਵੈ ਇੱਛਾ ਅਨੁਸਾਰ ਇਹ ਰੂਪ ਵਰਤਿਆ ਹੈ। (ਵੇਖੋ ਪ੍ਰਸਤਾਰ ਸੰਗ੍ਰਹ ਸਫ਼ਾ ੨੧੭ ਅਧਿ: ੬, ਛਾਪ ੧)

*ਨਿਰੰਕਾਰੁ ਆਕਾਰ ਅਛਲ ਪੂਰਨ ਅਬਿਨਾਸੀ...॥੫॥*
*ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ...॥੬॥*
*ਸਚੁ ਸਭਾ ਦੀਬਾਣੁ ਸਚੁ ਸਚੇ ਪਹਿ ਧਰਿਓ...॥੭॥*
*ਕਵਨੁ ਜੋਗੁ ਕਉਨੁ ਗ੍ਯਾਨੁ ਧ੍ਯਾਨੁ ਕਵਨ ਬਿਧਿ ਉਸ੍ਤਤਿ ਕਰੀਐ...॥੮॥*
*ਪ੍ਰਭ ਦਾਤਉ ਦਾਤਾਰ ਪਰ੍ਯਿਉ ਜਾਚਕੁ ਇਕੁ ਸਰਨਾ...॥੯॥* *(ਪੰਨਾ ੧੩੮੬)*

ਅੰਕ ੫ ਤੋਂ ੯ ਤਕ ਇਹ ੫ ਛੱਪਯ ਛੰਦ ਹਨ।

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ 'ਗੁਰ ਛੰਦ ਦਿਵਾਕਰ' ਵਿਚ ੧੬ ਰੂਪ ਭੇਦ ਛੱਪਯ ਦੇ ਅੰਕਿਤ ਕਰ ਕੇ ੭੧ ਤਰ੍ਹਾਂ ਦਾ ਛੱਪਯ ਛੰਦ ਦੱਸਿਆ ਹੈ। (ਦੇਖੋ ਸਫ਼ਾ ੧੯੦ ਛਾਪ

ਪਹਿਲੀ) ਪ੍ਰਸਤਾਰ ਸੰਗ੍ਰਹ ਵਿਚ ਸੰਤ ਸੰਗਤ ਸਿੰਘ ਜੀ ਨੇ ਸਫ਼ਾ ੧੫੧ ਤੇ ਛੱਪਯ ਛੰਦ ੨੫ ਭੇਦ ਦੱਸ ਕੇ ਸਫ਼ਾ ੧੬੧ ਅਧਿਆਏ ਵਿਚ ਮੁੜ ੭੧ ਭੇਦ ਲਿਖੇ ਹਨ।

ਇਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ੍ਰੀ ਮੁਖ ਬਾਕ੍ਯ ਮਹਲਾ ੫ ਦੇ ਦੂਸਰੇ ੧੧ ਸਵਈਆਂ ਵਿਚ ਆਏ ਛੰਦ ਲਿਖਦੇ ਹਾਂ।

*ਸਵਯੇ ਸ੍ਰੀ ਮੁਖ ਬਾਕ੍ਯ ਮਹਲਾ ੫॥ (ਦੂਸਰੇ ਸੰਗ੍ਰਹ ਦੇ ਸਵਯੇ)*

ਇਹ ਸਵਯੇ ਗਿਣਤੀ ਵਿਚ ੧੧ ਹਨ ਅਤੇ ਸਾਰੇ ਮਾਤ੍ਰਕ ਸਵਈਏ ਹਨ।

*ਕਾਚੀ ਦੇਹ ਮੋਹ ਫੁਨਿ ਬਾਂਧੀ ....* *(ਪੰਨਾ ੧੩੮)*

*.... ਅਨਿਕ ਭਾਂਤਿ ਥਾਟਹਿ ਕਰਿ ਥਟੂਆ॥੨॥੧੧॥੨੦॥* *(ਪੰਨਾ ੧੩੮੯)*

ਤਕ ੧੧ ਦੀ

ਸਵਯੇ ਸ੍ਰੀ ਮੁਖ ਬਾਕ੍ਯ ਮਹਲਾ ੫ ਦੇ ਪਹਿਲੇ ਸਵਈਏ ਦੀਆਂ ੭ ਤੁਕਾਂ ਹਨ। ਇਸ ਅਨੁਸਾਰ ਕ੍ਰਮਵਾਰ ੨-੬, ੩-੬, ੪-੬, ੫-੮, ੬-੮, ੭-੬, ੮-੬, ੯-੬, ੧੦-੫, ੧੧-੪ ਤੁਕਾਂ ਅੰਕਿਤ ਹਨ।

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਗੁਰ ਛੰਦ ਦਿਵਾਕਰ ਵਿਚ ਸਵਯੇ ਦੇ ੩੪ ਭੇਦ ਪ੍ਰਮਾਣ ਸਹਿਤ ਲਿਖੇ ਹਨ ਅਤੇ ਪ੍ਰਸਤਾਰ ਸੰਗ੍ਰਹ ਸਫ਼ਾ ੫੭ ਅਧਿਆਏ ੩ ਵਿਚ ਸੰਤ ਸੰਗਤ ਸਿੰਘ ਜੀ ਨੇ ੬੧ ਦੱਸੇ ਹਨ।

*ਸਵਈਏ ਮਹਲੇ ਪਹਲੇ ਕੇ ੧*

*ਇਕ ਮਨਿ ਪੁਰਖੁ ਧਿਆਇ ਬਰਦਾਤਾ॥* ਤੋਂ *... ਰਾਜੁ ਜੋਗੁ ਜਿਨਿ ਮਾਣਿਓ॥੨॥* ਕਲਸ ਛੰਦ ਹੈ।

*ਇਕ ਮਨਿ ਪੁਰਖੁ ਧਿਆਇ ਬਰਦਾਤਾ॥੧॥*

ਦਾ ਅੰਕ ਲੱਗਿਆ ਹੋਣ ਕਰਕੇ ਇਹ ਚੌਪਈ ਛੰਦ ਬਣਦਾ ਹੈ। ਇਸ ਛੰਦ ਦੀ ਅੰਤਿਮ ਪੰਕਤੀ *ਤਉ ਪਰਮ ਗੁਰੂ ਨਾਨਕ ਗੁਨ ਗਾਵਉ॥੧॥* ; ਅਗਲੇ ਛੰਦ ਵਿਚ ਸਿੰਘਾ ਵਿਲੋਕਨ ਨਯਾਯ ਦੇ ਰੂਪ ਵਿਚ ਗਾਵਉ ਗੁਨ ਪਰਮ ਗੁਰੂ ਸੁਖ ਸਾਗਰ, ਪਹਿਲੇ ਛੰਦ ਚੌਪਈ ਦੇ ਸਿਰ ਉਪਰ ਸਵਾਰ ਹੋਣ ਕਰਕੇ ਕਲਸ ਦਾ ਰੂਪ ਬਣ ਗਿਆ। ਜੇ ਕਰ ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਅੰਕ ੨ ਨਾਲ ਭਿੰਨ ਮੰਨੀਏ ਤਾਂ ਇਹ ਸਪਸ਼ਟ ਸਵਈਆ ਛੰਦ ਹੈ। ਸਿੰਘਾ ਵਿਲੋਕਨ ਨਯਾਯ ਹੋਣ ਕਰਕੇ ਅਸੀਂ ਇਸ ਨੂੰ ਕਲਸ ਛੰਦ ਲਿਖਿਆ ਹੈ। (ਕਲਸ ਛੰਦ ਬਾਰੇ ਦੇਖੋ ਗੁਰ ਛੰਦ ਦਿਵਾਕਰ ਸਫਾ ੧੩੮ ਛਾਪ ਪਹਿਲੀ)

*ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ...॥੩॥*

*ਗਾਵਹਿ ਕਪਿਲਾਦਿ ਆਦਿ ਜੋਗੇਸੁਰ ...॥੪॥* *(ਪੰਨਾ ੧੩੮੯)*

*ਗਵਹਿ ਗੁਣ ਬਰਨ ਚਾਰਿ ਖਟ ਦਰਸਨ ...॥੫॥* *(ਪੰਨਾ ੧੩੯੦)*

ਅੰਕ ੫ ਤਕ ੩ ਸਵਈਏ ਹਨ

ਉੱਪਰ ਲਿਖੇ ਪੰਜਵੇਂ ਸਵਈਏ ਦੀ ਅੰਤਲੀ ਪੰਕਤੀ ਹੈ

*ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥* ਅੱਗੇ ਨੰ: ੬ ਛੰਦ ਵਿਚ ਸਿੰਘਾ ਵਿਲੋਕਨ ਨਯਾਯ ਦੀ ਵਰਤੋਂ ਕਰ ਕੇ ਉਪਰੋਕਤ ਅੰਕ ੫ ਦੀ ਅੰਤਮ ਪੰਕਤੀ ਨੂੰ ਮੁੜ ਦੁਹਰਾਇਆ ਹੈ।

*ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ...॥੬॥*
*ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ...॥੭॥*
*ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ...॥੮॥*
*ਗੁਣ ਗਾਵਹਿ ਪਾਯਾਲਿ ਭਗਤ ਨਾਗਾਦਿ ਭੁਯੰਗਮ...॥੯॥*
*ਗੁਣ ਗਾਵਹਿ ਨਵ ਨਾਥ ਧੰਨਿ ਗੁਰੁ ਸਾਚਿ ਸਮਾਇਓ...॥੧੦॥ (ਪੰਨਾ ੧੩੯੦)*

ਅੰਕ ੬ ਤੋਂ ੧੦ ਤਕ ਪੰਜ ਛੱਪਯ ਛੰਦ ਹਨ।

ਸਵਈਏ ਮਹਲੇ ਪਹਲੇ ਕੇ ਵਿਚ, ਪਹਿਲਾ ਕਲਸ ਛੰਦ, ੪ ਸਵਈਏ ੫ ਛੱਪਯ ਛੰਦ ਹਨ, ਕੁੱਲ ੧੦ ਛੰਦ ਹਨ। ਇਹ ਸਾਰੇ ਛੰਦ 'ਕਲਸਹਾਰ' ਭੱਟ ਦੀ ਰਚਨਾ ਹੈ।

*ਸਵਈਏ ਮਹਲੇ ਦੂਜੇ ਕੇ*
*ਸੋਈ ਪੁਰਖੁ ਧੰਨੁ ਕਰਤਾ ....*

ਇਹ ਦੋ ਪੰਕਤੀਆਂ ਦਾ 'ਫੁਲਹਰਿਆ' ਛੰਦ ਹੈ। ਫੁਲਹਰਿਆ ਛੰਦ ਲਈ ਪਿੰਗਲ ਪ੍ਰਸਤਾਰ ਸੰਗ੍ਰਹ ਸਟੀਕ, ਅਧਿਆਏ ੪, ਸਫ਼ਾ ੮੪ ਜਿਵੇਂ ਅਸੀਂ ਉੱਪਰ ਦੱਸਿਆ ਹੈ, ਇਸ ਛੰਦ ਦੀ ਵੀ ਪਿਛਲੀ *ਮਸਤਕਿ ਤੁਮ ਧਰਿਓ ਜਿਨਿ ਹਥੋ* ਦਾ ਅਗਲੀ ਪੰਕਤੀ ਸਿੰਘਾ ਵਿਲੋਕਨ ਨਯਾਯ ਅੰਤਿਮ ਪੰਕਤੀ *ਤੁਮ ਧਰਿਓ ਮਸਤਕਿ ਹਥੁ ਸਹਜਿ॥੧॥* ਧਿਆਨ ਦੇਣ ਯੋਗ ਹੈ।

ਅਗਲੀਆਂ ਚਾਰ ਪੰਕਤੀਆਂ 'ਭੱਟ ਕਬਿੱਤ' ਦੀਆਂ ਹਨ। ਅੰਤ ਲਘੁ ਅੱਖਰ ਹੈ। ਇਸ ਕਬਿੱਤ ਦੀ ਓਜਸ੍ਵੀ ਸ਼ਬਦਾਵਲੀ ਧਿਆਨ ਦੇਣ ਵਾਲੀ ਹੈ।

'ਭੱਟ ਕਬਿੱਤ' ਲਈ ਵੇਖੋ 'ਪੰਜਾਬੀ ਪ੍ਰਭਾਕਰ' ਪਿੰਗਲ ਸਫ਼ਾ ੧੮੨

*ਜਾ ਕੀ ਦ੍ਰਿਸਟਿ ਅੰਮ੍ਰਿਤ ਧਾਰ ...॥੨॥*
*ਤੈ ਤਉ ਦ੍ਰਿੜਿਓ ਨਾਮੁ ਅਪਾਰੁ ...॥੩॥*
*ਤੈ ਤਾ ਹਦਰਥਿ ਪਾਇਓ ਮਾਨ ...॥੪॥ (ਪੰਨਾ ੧੩੯੧)*

ਇਹ ਚਾਰ ਕਬਿੱਤ ਛੰਦ ਹਨ।

*ਦ੍ਰਿਸਟਿ ਧਰਤ ਤਮ ਹਰਨ ...॥੫॥ (ਉਹੀ)*
*ਸਦਾ ਅਕਲ ਲਿਵ ਰਹੈ ...॥੬॥ (ਪੰਨਾ ੧੩੯੨)*
*ਮਨਿ ਬਿਸਾਸੁ ਪਾਇਓ ...॥੭॥ (ਉਹੀ)*

ਇਹ ਤਿੰਨ ਛੱਪਯ ਛੰਦ ਹਨ।

*ਨਾਮੁ ਅਵਖਧੁ ਨਾਮੁ ਆਧਾਰੁ ...॥੮॥*
*ਸਚੁ ਤੀਰਥੁ ਸਚੁ ਇਸਨਾਨੁ ...॥੯॥*

*ਅਮਿਅ ਦ੍ਰਿਸਟਿ ਸੁਭ ਕਰੈ ...॥੧੦॥* *(ਪੰਨਾ ੧੩੯੨)*

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਸਤਤੀ ਵਿਚ, ਦੋ ਪੰਕਤੀਆਂ ਫੁਲਹਰਿਆ ਛੰਦ, ੪ ਕਬਿੱਤ, ੩ ਛੱਪਯ ਛੰਦ ਅਤੇ ੩ ਰੋਲਾ ਛੰਦ ਹਨ। ਇਹ ਕੁੱਲ ੧੦ ਸਵਈਏ ਛੰਦ 'ਕਲਸਹਾਰ' (ਭੱਟ) ਦੇ ਉਚਾਰਨ ਕੀਤੇ ਹੋਏ ਹਨ।

**ਨੋਟ:** ਮਹਲੇ ਦੂਜੇ ਦੇ ਸਵਈਆਂ ਵਿਚ ਕਲ-ਸਹਾਰ, ਕਲ ਤੇ ਟਲ ਇੱਕੋ ਹੀ ਭੱਟ ਸਾਹਿਬ ਦੇ ਨਾਮ ਹਨ।

*ਸਵਈਏ ਮਹਲੇ ਤੀਜੇ ਕੇ ੩*
*ਸੋਈ ਪੁਰਖੁ ਸਿਵਰਿ ਸਾਚਾ ...॥੧॥* *(ਉਹੀ)*

ਇਹ ੮ ਪੰਕਤੀਆਂ ਦਾ 'ਮੁਕਤਿਕ' ਛੰਦ ਹੈ।

ਚਾਰ ਤਾਲ ਦਾ ਭੇਦ 'ਪੜਤਾਲ' ਹੈ। ਇਸ ਤਾਲ ਵਿਚ ਗਾਏ ਜਾਣ ਵਾਲੇ ਛੰਦਾਂ (ਪਦਾਂ) ਦੀ 'ਪੜਤਾਲ' ਸੰਗਯਾ ਹੈ। ਭਾਵੇਂ ਉਹ ਕਿਸੇ ਵੀ ਧਾਰਨਾ ਦੇ ਹੋਣ ਸਭ ਨੂੰ ਪੜਤਾਲ ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਆਸਾ-ਕਾਨੜਾ ਅਤੇ ਰਾਗ ਬਸੰਤ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ 'ਮੁਕਤਿਕ' ਛੰਦ ਵੀ ਅੰਕਿਤ ਕੀਤੇ ਹਨ। ਅਸੀਂ ਦੋ ਪ੍ਰਮਾਣ ਰਾਗ ਬਸੰਤ ਵਿੱਚੋਂ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕਰਦੇ ਹਾਂ।

*ਬਸੰਤੁ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥*
*ਦੇਖੁ ਫੂਲ ਫੂਲ ਫੂਲੇ॥ ਅਹੰ ਤਿਆਗਿ ਤਿਆਗੇ॥*
*ਚਰਨ ਕਮਲ ਪਾਗੇ॥ ਤੁਮ ਮਿਲਹੁ ਪ੍ਰਭ ਸਭਾਗੇ॥*
*ਹਰਿ ਚੇਤਿ ਮਨ ਮੇਰੇ॥ ਰਹਾਉ॥*
*ਸਘਨ ਬਾਸੁ ਕੂਲੇ॥ ਇਕਿ ਰਹੇ ਸੂਕਿ ਕਠੂਲੇ॥*
*ਬਸੰਤ ਰੁਤਿ ਆਈ॥ ਪਰਫੂਲਤਾ ਰਹੇ॥੧॥*
*ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥*
*ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥*
*ਗੁਰ ਮਿਲੇ ਹਰਿ ਪਾਏ॥ ਜਿਸੁ ਮਸਤਕਿ ਹੈ ਲੇਖਾ॥*
*ਮਨ ਰੁਤਿ ਨਾਮ ਰੇ॥ ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ॥੨॥੧੮॥*
*(ਪੰਨਾ ੧੧੮੫)*

*- ਸਿਮਰਹਿ ਸੋਈ ਨਾਮ ਜਖ੍ਯ ਅਰੁ ਕਿੰਨਰ ...॥੨॥*
*ਸੋਈ ਨਾਮੁ ਸਿਵਰਿ ਨਵ ਨਾਥ ਨਿਰੰਜਨੁ ...॥੩॥*
*ਤਿਤੁ ਨਾਮਿ ਲਾਗਿ ਤੇਤੀਸ ਧਿਆਵਹਿ ...॥੪॥* *(ਪੰਨਾ ੧੩੯੩)*

ਇਹ ਸਵਈਏ ਛੰਦ ਹਨ

*ਨਾਮ ਕਿਤਿ ਸੰਸਾਰਿ ...॥੫॥* *(ਉਹੀ)*

ਇਹ ਛੱਪਯ ਛੰਦ ਹੈ।

*ਨਾਮੁ ਧਿਆਵਹਿ ਦੇਵ ਤੇਤੀਸ ...॥੬॥*

*ਸਤਿ ਸੂਰਉ ਸੀਲਿ ਬਲਵੰਤੁ ਸਤ ਭਾਇ ਸੰਗਤਿ ਸਘਨ...॥੭॥*

*ਨਾਮੁ ਨਾਵਣੁ ਨਾਮੁ ਰਸ ਖਾਣੁ ...॥੮॥* *(੧੩੯੩)*

ਅੰਕ ੬ ਤੋਂ ੮ ਤਕ ੩ ਰੋਲਾ ਛੰਦ ਹਨ।

*ਬਾਰਿਜੁ ਕਰਿ ਦਾਹਿਣੈ ...॥੯॥* *(ਪੰਨਾ ੧੩੯੪)*

ਇਹ ਛੱਪਯ ਛੰਦ ਹੈ।

ਅੰਕ ੯ ਤਕ ਸਵਈਏ ਬਾਣੀ ਕਲ ਸਹਾਰ ਭਟ ਦੀ ਹੈ। ਅੱਗੇ ਜਾਲਪ ਭੱਟ ਦੇ ਸਵਈਏ ਅਰੰਭ ਹੁੰਦੇ ਹਨ।

*ਚਰਣ ਤ ਪਰ ਸਕਯਥ ...॥੧॥੧੦॥*

*ਤਿ ਨਰ ਦੁਖ ਨਹ ਭੁਖ ਤਿ ਨਰ ਨਿਧਨ ...॥੨॥੧੧॥*

*ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ...॥੩॥੧੨॥*

*ਜਿ ਮਤਿ ਗਹੀ ਜੈਦੇਵਿ ...॥੪॥੧੩॥*

*ਗੁਰੁ ਅਮਰਦਾਸੁ ਪਰਸੀਐ ...॥੫॥੧੪॥* *(ਉਹੀ)*

ਇਹ ੧ (੧੦) ਤੋਂ ੫ (੧੪) ਤਕ ਛੱਪਯ ਛੰਦ ਹਨ।

ਜਾਲਪ ਭੱਟ ਦੇ ੫ ਸਵਈਏ ਪੂਰੇ ਹੋ ਕੇ ਜੋੜ ੧੪ ਹੋ ਗਿਆ। ਕੀਰਤ ਭੱਟ ਦੇ ਸਵਈਏ ਅਰੰਭ ਹੋਏ।

*ਸਚੁ ਨਾਮੁ ਕਰਤਾਰੁ ...॥੧॥੧੫॥*

*ਆਪਿ ਨਰਾਇਣੁ ਕਲਾ ਧਾਰਿ ...॥੨॥੧੬॥*

*ਜਪੁ ਤਪੁ ਸਤੁ ਸੰਤੋਖੁ ...॥੩॥੧੭॥*

*ਚਿਤਿ ਚਿਤਵਉ ਅਰਦਾਸਿ ...॥੪॥੧੮॥* *(ਪੰਨਾ ੧੩੯੫)*

ਅੰਕ ੧ (੧੫) ਤੋਂ ੪ (੧੮) ਤਕ ੪ ਛੱਪਯ ਛੰਦ ਹਨ। ਇਹ ਸਵਈਏ ਕੀਰਤ ਭੱਟ ਦੇ ਉਚਾਰਨ ਕੀਤੇ ਹੋਏ ਹਨ। ਅੱਗੇ ਭਿਖੇ ਭੱਟ ਦੇ ਸਵਈਏ ਅਰੰਭ ਹੁੰਦੇ ਹਨ।

*ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥...॥੧॥੧੯॥*

*ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥ ...॥੨॥੨੦॥* *(ਉਹੀ)*

ਇਹ ਅੰਕ ੧੯ ਅਤੇ ੨੦ ਦੇ ਦੋ ਛੱਪਯ ਛੰਦ ਹਨ ਜੋ ਭਿਖੇ ਭੱਟ ਦੇ ਉਚਾਰਨ ਕੀਤੇ ਹਨ।

*ਪਹਿਰਿ ਸਮਾਧਿ ਸਨਾਹੁ ...॥੧॥੨੧॥* *(ਪੰਨਾ ੧੩੯੬)*

ਛੱਪਯ ਛੰਦ ਹੈ।

ਸੱਲ੍ਹ ਭੱਟ ਦਾ ਕੇਵਲ ਇੱਕ ਅੰਕ ੨੧ ਵਾਲਾ ਛੱਪਯ ਛੰਦ ਹੈ। ਅੱਗੇ ਭਲ੍ਹ ਭੱਟ ਦਾ ਸਵਈਆ ਹੈ।

*ਘਨਹਰ ਬੂੰਦ ਬਸੁਅ ਰੋਮਾਵਲਿ ...॥੧॥੨੨॥* *(ਪੰਨਾ ੧੩੯੬)*

ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਕੁੱਲ ੨੨ ਛੰਦ ਹਨ। ਕਲ ਸਹਾਰ ਭੱਟ ਦੇ ੯, ਜਾਲਪ ਦੇ ੫, ਕੀਰਤ ਦੇ ੪, ਭਿਖੇ ਦੇ ੨, ਸਲ੍ਹ ਦਾ ੧, ਭਲ੍ਹ ਦਾ ੧, ਕੁੱਲ ਜੋੜ ੨੨.

*ਸਵਈਏ ਮਹਲੇ ਚੌਥੇ ਕੇ ੪*
*ਇਕ ਮਨਿ ਪੁਰਖੁ ਨਿਰੰਜਨੁ ਧਿਆਵਉ॥੧॥* *(ਉਹੀ)*

ਅੰਕ ੧ ਵਾਲਾ ਕਲਸ ਛੰਦ ਹੈ

*ਛੁਟਤ ਪਰਵਾਹ ਅਮਿਅ ਅਮਰਾ ਪਦ...॥੨॥*
*ਸਤਗੁਰ ਮਤਿ ਗੂੜ੍ ਬਿਮਲ ਸਤਸੰਗਤਿ...॥੩॥* *(ਪੰਨਾ ੧੩੯੬)*
*ਅਨਭਉ ਉਨਮਾਨਿ ਅਕਲ ਲਿਵ ਲਾਗੀ...॥੪॥* *(ਪੰਨਾ ੧੩੯੭)*

ਅੰਕ ੨ ਤੋਂ ਅੰਕ ੪ ਤਕ ੩ ਸਵਈਏ ਹਨ।

*ਅਭਰ ਭਰੇ ਪਾਯਉ ਅਪਾਰੁ...॥੫॥*
*ਸੰਤੋਖ ਸਰੋਵਰਿ ਬਸੈ...॥੬॥*
*ਜਗੁ ਜਿਤਉ ਸਤਿਗੁਰ ਪ੍ਰਮਾਣਿ...॥੭॥*
*ਪ੍ਰੇਮ ਭਗਤਿ ਪਰਵਾਹ...॥੮॥*
*ਜਗਤ ਉਧਾਰਣੁ ਨਵ ਨਿਧਾਨੁ...॥੯॥* *(ਉਹੀ)*

ਅੰਕ ੫ ਤੋਂ ੯ ਤੀਕ ੫ ਛੱਪਯ ਛੰਦ ਹਨ।

*ਸੇਜ ਸਧਾ ਸਹਜੁ ਛਾਵਾਣੁ...॥੧੦॥*
*ਗੁਰੁ ਜਿਨ੍ ਕਉ ਸੁਪ੍ਰਸੰਨੁ...॥੧੧॥*
*ਸਤਿਗੁਰਿ ਖੇਮਾ ਤਾਣਿਆ...॥੧੨॥*
*ਜਨਕੁ ਸੋਇ ਜਿਨਿ ਜਾਣਿਆ...॥੧੩॥* *(ਪੰਨਾ ੧੩੯੮)*

ਅੰਕ ੧੨ ਤੋਂ ੧੩ ਤਕ ੨ ਨਿਸ਼ਾਨੀ ਛੰਦ ਹਨ। ਇਹ ੧੩ ਛੰਦ ਕਲ ਸਹਾਰ ਭੱਟ ਦੇ ਹਨ। ਹੁਣ ਨਲ੍ਹ ਭੱਟ ਦੇ ਸਵਈਏ ਅਰੰਭ ਹੁੰਦੇ ਹਨ।

*ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜ...॥੧॥*
*...ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ...॥੨॥*
*ਹਉ ਬਲਿ ਬਲਿ ਜਾਉ...॥੩॥* *(ਉਹੀ)*
*ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ...॥੪॥* *(ਪੰਨਾ ੧੩੯੯)*

ਅੰਕ ੧ ਤੋਂ ਅੰਕ ੪ ਤਕ ਕਬਿੱਤ ਛੰਦ ਹੈ।

ਰਡ, ਇਕ ਛੰਦ ਦਾ ਨਾਮ ਹੈ ਜੋ ਸਵਈਆਂ ਵਿਚ ਲਿਖਿਆ ਹੈ।

*॥ਰਡ॥ ਜਿਸਹਿ ਧਾਰ੍ਯਿਉ ਧਰਤਿ ਅਰੁ ਵਿਉਮੁ॥੧॥੫॥* *(ਉਹੀ)*

ਰਡ ਛੰਦ ਕੇਵਲ ਇੱਕ ਹੈ।

*ਕਚਹੁ ਕੰਚਨੁ ਭਇਅਉ...॥੨॥੬॥*
*ਜਾਮਿ ਗੁਰੂ ਹੋਇ ਵਲਿ...॥੩॥੭॥*
*ਗੁਰ ਬਿਨੁ ਘੋਰੁ ਅੰਧਾਰੁ...॥੪॥੮॥* *(ਪੰਨਾ ੧੩੯੯)*

ਇਹ ਅੰਕ ੨ (੬) ਤੋਂ ਅੰਕ ੪ (੮) ਤਕ ੩ ਛੱਪਯ ਛੰਦ ਹਨ।

*...ਗੁਰੂ ਗੁਰੂ ਗੁਰੁ ਕਰੁ ਮਨ ਮੇਰੇ॥੫॥੯॥*
*ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ॥੬॥੧੦॥*
*ਸਮਰਥ ਗੁਰੂ ਸਿਰਿ ਹਥੁ ਧਰ੍ਉ॥੭॥੧੧॥*
*ਅਬ ਰਾਖਹੁ ਦਾਸ ਭਾਟ ਕੀ ਲਾਜ॥੮॥੧੨॥* *(ਪੰਨਾ ੧੪੦੦)*

ਅੰਕ ੫ (੯) ਤੋਂ ਅੰਕ ੮ (੧੨) ਤਕ ੪ ਸਵਈਏ ਹਨ। ਝੋਲਨਾ ਇਕ ਛੰਦ, ਜਿਸ ਦੇ ੫ ਪਦਿਆਂ ਵਿਚ ਕ੍ਰਮਵਾਰ ੪੧-੪੧-੪੬-੪੧-੪੧ ਮਾਤ੍ਰਾ ਹੁੰਦੀਆਂ ਹਨ। ਝੋਲਨਾ ਛੰਦ ਦਾ ਨਾਮ ਨਲ੍ਹ ਭੱਟ ਨੇ ਸਪਸ਼ਟ ਲਿਖਿਆ ਹੈ।

*ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ॥੧॥੧੩॥*
*ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪਿ ਸਤਿ ਕਰਿ॥੨॥੧੪॥* *(ਪੰਨਾ ੧੪੦੦)*
*ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ...॥੩॥੧੫॥*
*ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨ ਰੇ॥੪॥੧੬॥੨੯॥* *(ਪੰਨਾ ੧੪੦੧)*

ਇਹ ਅੰਕ ੧ (੧੩) ਤੋਂ ਅੰਕ ੩ (੧੬) ਤਕ ਝੋਲਨਾ ਛੰਦ ਹੈ। ਨਲ੍ਹ ਭੱਟ ਦੇ ਉਚਾਰੇ ਸਵਈਏ ੪-੮-੪-੧੬ ਪੂਰੇ ਹੋ ਕੇ ਜੋੜ ੨੯ ਹੋਇਆ। ਗਯੰਦ ਭੱਟ ਦੇ ਸਵਈਏ ਅਰੰਭ

*ਸਿਰੀ ਗੁਰੂ ਸਾਹਿਬੁ ਸਭ ਊਪਰਿ॥੧॥*
*...ਜਿਹ ਅੰਮ੍ਰਿਤ ਬਚਨ ਬਾਣੀ...॥੨॥* *(ਪੰਨਾ ੧੪੦੧)*
*ਸੰਸਾਰੁ ਅਗਮ ਸਾਗਰੁ...॥੩॥*
*ਪਰਤਾਪੁ ਸਦਾ ਗੁਰ ਕਾ ਘਟਿ ਘਟਿ...॥੪॥* *(ਪੰਨਾ ੧੪੦੨)*

ਅੰਕ ੧ ਤੋਂ ਅੰਕ ੪ ਤਕ ਕਲਸ ਛੰਦ ਹੈ।

*ਜਿਨਹੁ ਬਾਤ ਨਿਸ੍ਚਲ ਧ੍ਰੂਅ ਜਾਨੀ॥੫॥* *(ਉਹੀ)*

ਅੰਕ ਵਾਲਾ ਸਵਈਆ ਹੈ।

*ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥੧॥੬॥*
*ਰਾਮ ਨਾਮ ਪਰਮ ਧਾਮ ਸੁਧ ਬੁਧ ਨਿਰੀਕਾਰ ਬੇਸੁਮਾਰ...॥੨॥੭॥*
*ਪੀਤ ਬਸਨ ਕੁੰਦ ਦਸਨ ਪ੍ਰਿਅ ਸਹਿਤ ਕੰਠ ਮਾਲ...॥੩॥੮॥* *(ਪੰਨਾ ੧੪੦੨)*
*ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ॥੪॥੯॥*
*ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ॥੫॥੧੦॥* *(ਪੰਨਾ ੧੪੦੩)*

ਅੰਕ ੧ (੬) ਤੋਂ ਅੰਕ ੫ (੧੦) ਤਕ ਘਨਾਛਰੀ ਛੰਦ ਹੈ।

*ਸੇਵਕ ਕੈ ਭਰਪੂਰ ਜੁਗੁ ਜੁਗੁ...॥੧॥੧੧॥*

*ਵਾਹੁ ਵਾਹੁ ਕਾ ਬਡਾ ਤਮਾਸਾ...॥੨॥੧੨॥* *(ਪੰਨਾ ੧੪੦੩)*

*ਕੀਆ ਖੇਲੁ ਬਡ ਮੇਲੁ ਤਮਾਸਾ...॥੩॥੧੩॥੪੨॥* *(ਪੰਨਾ ੧੪੦੪)*

ਅੰਕ ੧ (੧੧) ਤੋਂ ਅੰਕ ੩ (੧੩) ਤਕ ੩ ਸਵਈਏ ਹਨ। ਗਯੰਦ ਭੱਟ ਦੇ ਉਚਾਰਨ ਕੀਤੇ ਛੰਦ ਸਮਾਪਤ ਹੋ ਗਏ। ਮਥਰਾ ਭੱਟ ਦੇ ਸਵਈਏ ਅੱਗੇ ਅਰੰਭ ਹੁੰਦੇ ਹਨ।

*ਅਗਮੁ ਅਨੰਤੁ ਅਨਾਦਿ...॥੧॥*

ਇਹ ਛੱਪਯ ਛੰਦ ਹੈ

*ਗੁਰੂ ਸਮਰਥੁ ਗਹਿ ਕਰੀਆ...॥੨॥*

*ਸੰਤਤ ਹੀ ਸਤਸੰਗਤਿ ਸੰਗ...॥੩॥*

*ਨਿਰਮਲ ਨਾਮੁ ਸੁਧਾ ਪਰਪੂਰਨ...॥੪॥*

ਅੰਕ ੨ ਤੋਂ ਅੰਕ ੪ ਤਕ ੩ ਸਵਈਏ ਹਨ।

*ਜਾ ਕਉ ਮੁਨਿ ਧ੍ਯਾਨੁ ਧਰੈ ਫਿਰਤ ਸਗਲ ਜੁਗ...॥੫॥*

*ਨਾਮੁ ਨਿਧਾਨੁ ਧਿਆਨ ਅੰਤਰਗਤਿ...॥੬॥* *(ਪੰਨਾ ੧੪੦੪)*

*ਤਾਰ੍ਯਉ ਸੰਸਾਰੁ ਮਾਯਾ ਮਦ ਮੋਹਿਤ...॥੭॥੪੯॥* *(ਪੰਨਾ ੧੪੦੫)*

ਅੰਕ ੬ ਤੋਂ ਅੰਕ ੭ ਤਕ ੨ ਸਵਈਏ ਹਨ। ਮਥਰਾ ਭੱਟ ਦੇ ੭ ਛੰਦ 'ਤੇ ਸਵਈਏ ਪੂਰੇ ਹੋਣ ਨਾਲ ਕੁਲ ਜੋੜ ੪੯ ਹੋ ਗਏ। ਬਲ੍ਯ ਭੱਟ ਦੇ ਸਵਈਏ ਅਰੰਭ :

*ਤੀਨਿ ਭਵਨ ਭਰਪੂਰਿ ਰਹਿਓ ਸੋਈ॥੧॥*

*ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ...॥੨॥*

*ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ...॥੩॥*

*ਮਨਸਾ ਕਰਿ ਸਿਮਰੰਤ ਤੁਝੈ ਨਰ...॥੪॥*

*ਜਿਹ ਸਤਿਗੁਰ ਸਿਮਰੰਤ...॥੫॥* *(ਪੰਨਾ ੧੪੦੫)*

ਅੰਕ ੨ ਤੋਂ ਅੰਕ ੫ ਤਕ ੪ ਸਵਈਏ ਹਨ। ਇਹ ਬਲ੍ਯ ਭੱਟ ਦੇ ਉਚਾਰਨ ਕੀਤੇ ਸਵਈਏ ਹਨ। ਕੀਰਤ ਭੱਟ ਦੇ ਸਵਈਏ ਅਰੰਭ:

*ਜਿਨਿ ਸਬਦੁ ਕਮਾਇ ਪਰਮ ਪਦੁ ਪਾਇਓ...॥੧॥* *(ਪੰਨਾ ੧੪੦੫)*

*ਜਿਨਿ ਸਤਿਗੁਰੁ ਸੇਵਿ ਪਦਾਰਥ ਪਾਯਉ...॥੨॥* *(ਪੰਨਾ ੧੪੦੬)*

*ਨਾਨਕਿ ਨਾਮੁ ਨਿਰੰਜਨ ਜਾਨ੍ਯਉ...॥੩॥*

*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ...॥੪॥੫੮॥* *(ਉਹੀ)*

ਅੰਕ ੧ ਤੋਂ ਅੰਕ ੪ ਤਕ ਸਵਈਏ ਹਨ। ਇਹ ਸਵਈਏ ਕੀਰਤ ਭੱਟ ਦੇ ਉਚਾਰੇ ਪੂਰੇ ਹੋਏ। ਸਲ੍ਯ ਭੱਟ ਦੇ ਸਵਈਏ ਅਰੰਭ:

*ਮੋਹੁ ਮਲਿ ਬਿਵਸਿ ਕੀਅਉ...॥੧॥*

*ਤੂ ਸਤਿਗੁਰੁ ਚਹੁ ਜੁਗੀ...॥੨॥* *(ਪੰਨਾ ੧੪੦੬)*

ਅੰਕ ੧ ਤੋਂ ਅੰਕ ੨ ਤਕ ੨ ਸਵਈਏ ਹਨ। ਇਹ ਸਵਈਏ ਸਲ੍ਹ ਭੱਟ ਨੇ ਉਚਾਰੇ ਹਨ। ਹੁਣ ਕੁੱਲ ਜੋੜ ੬੦ ਹੋ ਗਿਆ।

*ਸਵਈਏ ਮਹਲੇ ਪੰਜਵੇ ਕੇ ੫*

*ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ॥੧॥* *(ਉਹੀ)*

ਕਲਸ ਛੰਦ ਹੈ।

*ਬਡਭਾਗੀ ਉਨਮਾਨਿਅਉ...॥੨॥* *(ਪੰਨਾ ੧੪੦੭)*

*ਜਨਕ ਰਾਜੁ ਬਰਤਾਇਆ...॥੩॥* *(ਉਹੀ)*

ਅੰਕ ੨ ਤੋਂ ਅੰਕ ੩ ਤਕ ੨ ਸਵਈਏ ਹਨ।

*ਖੇਲੁ ਗੂੜ੍ਹਉ ਕੀਅਉ ਹਰਿ ਰਾਇ...॥੪॥*

ਅੰਕ ੪ ਦਾ ਸਵਈਆ ਛੰਦ ਹੈ।

*ਸਦ ਜੀਵਣੁ ਅਰਜੁਨੁ ਅਮੋਲੁ...॥੫॥*

ਅੰਕ ੫ ਦਾ ਛੱਪਯ ਛੰਦ ਹੈ

*ਜੈ ਜੈ ਕਾਰੁ ਜਾਸੁ ਜਗ ਅੰਦਰਿ...॥੬॥*

ਅੰਕ ੬ ਦਾ ਸਵਈਆ ਹੈ।

*ਧ੍ਰੰਮ ਧੀਰੁ ਗੁਰਮਤਿ ਗਭੀਰੁ...॥੭॥* *(ਉਹੀ)*

*ਭੈ ਨਿਰਭਉ ਮਾਨਿਅਉ ਲਾਖ ਮਹਿ...॥੮॥*

ਅੰਕ ੭ ਤੋਂ ਅੰਕ ੮ ਤਕ ੨ ਛੱਪਯ ਛੰਦ ਹੈ।

*ਅਮਿਉ ਰਸਨਾ ਬਦਨਿ ਬਰ ਦਾਤਿ...॥੯॥*

ਅੰਕ ੯ ਸਵਈਆ ਹੈ।

**ਸੋਰਠੇ :**

ਸੋਰਠੇ ਦਾ ਨਾਮ ਕਲ ਸਹਾਰ ਭੱਟ ਨੇ ਆਪ ਲਿਖਿਆ ਹੈ। ਉਲਟੇ ਦੋਹਰੇ ਨੂੰ ਹੀ ਸੋਰਠਾ ਕਿਹਾ ਜਾਂਦਾ ਹੈ। ਸੋਰਠੇ ਦਾ ੧੧-੧੩ ਪਰ ਵਿਸਰਾਮ ਮੱਧ ਵਿਚ ਤੁਕਾਂਤ ਹੁੰਦਾ ਹੈ।

*ਗੁਰੁ ਅਰਜੁਨੁ ਪੁਰਖੁ ਪ੍ਰਮਾਣੁ...॥੧॥*

*ਭਵਜਲੁ ਸਾਇਰੁ ਸੇਤੁ...॥੨॥*

*ਜਗਤ ਉਧਾਰਣੁ ਨਾਮੁ...॥੩॥੧੨॥* *(ਪੰਨਾ ੧੪੦੮)*

ਅੰਕ ੧ ਤੋਂ ੩ (੧੨) ਤਕ ੩ ਸੋਰਠੇ ਹਨ। ਇਹ ਉਤਲੇ ੧੨ ਛੰਦ ਕਲ ਸਹਾਰ ਭੱਟ ਦੇ ਹਨ। ਮਥਰਾ ਭੱਟ ਦੇ ਸਵਈਏ ਅਰੰਭ :

*ਜੋਤਿ ਰੂਪਿ ਹਰਿ ਆਪਿ...॥੧॥*

*ਸਤਿ ਰੂਪੁ ਸਤਿ ਨਾਮੁ...॥੨॥* *(ਉਹੀ)*

ਅੰਕ ੧ ਤੋਂ ਅੰਕ ੨ ਤਕ ੨ ਛੱਪਯ ਛੰਦ ਹਨ।

*ਤਿਹ ਜਨ ਜਾਚਹੁ ਜਗਤ੍ਰ ਪਰ ਜਾਨੀਅਤੁ...॥੩॥* *(ਪੰਨਾ ੧੪੦੮)*

ਇਹ ਮਨਹਰ ਛੰਦ ਹੈ।

*ਅੰਤੁ ਨ ਪਾਵਤ ਦੇਵ ਸਬੈ ਮੁਨਿ...॥੪॥* *(ਪੰਨਾ ੧੪੦੯)*

*ਜਗ ਅਉਰੁ ਨ ਯਾਹਿ ਮਹਾ ਤਮ ਮੈ...॥੫॥*

*ਜਬ ਲਉ ਨਹੀ ਭਾਗ ਲਿਲਾਰ ਉਦੈ...॥੬॥* *(ਉਹੀ)*

ਅੰਕ ੪ ਤੋਂ ਅੰਕ ੬ ਤਕ ੩ (ਗਣਕ) ਸਵਈਏ ਹਨ।

*ਕਲਿ ਸਮੁਦ੍ਰ ਭਏ ਰੂਪ...॥੭॥*

ਛੱਪਯ ਛੰਦ ਹੈ। ਮਥਰਾ ਭੱਟ ਦੇ ੭ ਛੰਦ ਪੂਰੇ ਹੋਣ ਨਾਲ ਜੋੜ ੧੯ ਹੋ ਗਿਆ।

ਹਰਬੰਸ ਭੱਟ ਦੇ ਸਵਈਏ ਅਰੰਭ :

*ਅਜੈ ਗੰਗ ਜਲੁ ਅਟਲੁ ਸਿਖ ਸੰਗਤਿ ਸਭ ਨਾਵੈ॥੧॥*

*ਦੇਵ ਪੁਰੀ ਮਹਿ ਗਯਉ...॥੨॥* *(ਉਹੀ)*

ਅੰਕ ੧ ਤੋਂ ੨ ਤਕ ੨ ਸਵਈਏ ਹਨ। ਇਹ ਦੋਵੇਂ ਸਵਈਏ ਹਰਬੰਸ ਭੱਟ ਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ੨੧ ਸਵਈਏ ਪੂਰੇ ਹੋ ਗਏ।

ਸਵਈਆਂ ਦਾ ਕੁੱਲ ਜੋੜ ੨੧॥੯॥੧੧॥੧੦॥੧੦॥੨੨॥੬੦॥੧੪੩॥ ਹੋਇਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਵਈਆਂ ਦੇ ਸ਼ਬਦ ਜੋੜ:

| | | | |
|---|---|---|---|
| ਬ੍ਯਾਪਤ | – ਬਿਆਪਤ | ਬ੍ਯਾਕਰਣ | – ਬਿਆਕਰਣ |
| ਗ੍ਯਾਨੰ | – ਗਿਆਨ | ਕਲ੍ਯ | – ਕਲਿਅ |
| ਧ੍ਯਾਨੰ | – ਧਿਆਨ | ਬਿਸ੍ਤ੍ਰੀਯਾ | – ਬਿਸਤਰੀਆ |
| ਸਿਰਜ੍ਯਿਉ | – ਸਿਰਜਿਅਉ | ਪਸ੍ਚਮਿ | – ਪਸ਼ਚਮਿ |
| ਉਸ੍ਤਤਿ | – ਉਸਤਤਿ | ਜਖ੍ਯ | – ਜਖਿਅ |
| ਪਰ੍ਯਿਉ | – ਪਰਿਅਉ | ਨਖ੍ਯਤ੍ਰ | – ਨਖਿਅਤ੍ਰ |
| ਅੰਧ੍ਯਾਰ | – ਅੰਧਿਆਰ | ਮਿਸ੍ਟ | – ਮਿਸਟ |
| ਨਾਸ੍ਤਿ | – ਨਾਸਤਿ | ਡਬੰਤ੍ਯਿਹ | – ਡਬੰਤਿਅਹ |
| ਸਿਖ੍ਯਾ | – ਸਿਖਿਆ | ਅਵਤਰ੍ਯਿਉ | – ਅਵਤਰਿਅਉ |
| ਅਸ੍ਵ | – ਅਸੁਅ | ਜਾਗ੍ਯਾ | – ਜਾਗਿਆ |
| ਮਨੁਖ੍ਯ | – ਮਨੁਖਿਅ | ਪਰਕਾਸ੍ਯਾ | – ਪਰਕਾਸਿਆ |
| ਅਸ੍ਤ | – ਅਸਤ | ਦ੍ਰਿਸ੍ਟ | – ਦ੍ਰਿਸਟ |
| ਪਰੀਖ੍ਯਤ | – ਪ੍ਰੀਖਿਅਤ | ਬਿਖ੍ਯਾਤਾ | – ਬਿਖਿਆਤਾ |
| ਬ੍ਯਾਸੁ | – ਬਿਆਸੁ | ਧ੍ਯਾਈ | – ਧਿਆਈ |

| | | | |
|---|---|---|---|
| ਲਖੵਾ | – ਲਖਿਆ | ਨਿਸ੍ਚਲ | – ਨਿਸਚਲ |
| ਨਿਸ੍ਤਾਰਹੁ | – ਨਿਸਤਾਰਹੁ | ਰਹੵਾ | – ਰਹਿਆ |
| ਥਪੵਉ | – ਥਪਿਅਉ | ਬਿਦੵਮਾਨ | – ਬਿਦਿਅਮਾਨ |
| ਅਪੵਉ | – ਅਪਿਅਉ | ਥਪੵਉ | – ਥਪਿਅਉ |
| ਅਵਲੋਕੵਾ | – ਅਵਲੋਕਿਆ | ਉਪਜੵੋ | – ਉਪਜਿਓ |
| ਛੁਟਕੵਾ | – ਛੁਟਕਿਆ | ਰੰਗੵੌ | – ਰੰਗਿਐਂ |
| ਦਿਬੵ | – ਦਿਬਿਅ | ਲਾਗੵੌ | – ਲਾਗਿਐਂ |
| ਇਸ੍ਨਾਨ | – ਇਸਨਾਨ | | |

## ਕੇਸ ਗੁਰੂ ਦੀ ਮੋਹਰ

*(ਸਫ਼ਾ ੩੩ ਦਾ ਬਾਕੀ ਹਿੱਸਾ)*

ਜਿਹੇ ਮੁਤੱਸਬੀ ਨੇ ਵੀ ਆਪ ਦੇ ਹਿੰਦੂ ਹੋਣ ਦੇ ਬਾਵਜੂਦ ਆਪਣੇ ਸ਼ਹਿਜ਼ਾਦੇ ਬਹਾਦਰ ਸ਼ਾਹ ਦੀ ਪੜ੍ਹਾਈ ਅਤੇ ਦੇਖ-ਰੇਖ ਦੀ ਜ਼ਿੰਮੇਵਾਰੀ ਸੌਂਪੀ। ਕਲਗੀਧਰ ਪਿਤਾ ਦੀ ਮਿਹਰ ਦੀ ਨਜ਼ਰ ਪਈ। ਨਾਨਕ ਨਦਰੀ ਨਦਰਿ ਨਿਹਾਲ ਹੋ ਗਏ। ਔਰੰਗਜ਼ੇਬ ਨੂੰ ਸ਼ਹਿਨਸ਼ਾਹ, ਪਰ ਕਲਗੀਧਰ ਪਿਤਾ ਬਾਰੇ ਕਹਿ ਰਹੇ ਹਨ, 'ਸ਼ਾਹਿ ਸ਼ਹਿਨਸ਼ਾਹ ਗੁਰ ਗੋਬਿੰਦ ਸਿੰਘ'। ਗੁਰੂ ਗੋਬਿੰਦ ਸਿੰਘ ਜੀ ਸ਼ਹਿਨਸ਼ਾਹਾਂ ਦੇ ਵੀ ਸ਼ਾਹ ਹਨ। ਭਾਈ ਸਾਹਿਬ ਨੂੰ ਪੁੱਛਿਆ ਗਿਆ ਕਿ ਹਰ ਸ਼ਖ਼ਸ ਦ ੀ ਕੀਮਤ ਹੈ, ਗੁਰੂ ਗੋਬਿੰਦ ਸਿੰਘ ਜੀ ਦੀ ਕੀ ਕੀਮਤ ਹੈ? ਭਾਈ ਨੰਦ ਲਾਲ ਜੀ ਫੁਰਮਾਉਂਦੇ ਹਨ ਕਿ ਕਿਸੇ ਵਸਤੂ ਦੀ ਵੱਧ ਤੋਂ ਵੱਧ ਕੀਮਤ ਉਹ ਹੁੰਦੀ ਹੈ ਜੋ ਖਰੀਦਣ ਵਾਲਾ ਦੇ ਸਕੇ। ਕੋਈ ਇਨਸਾਨ ਵੱਧ ਤੋਂ ਵੱਧ ਕੀਮਤ ਕੀ ਅਦਾ ਕਰ ਸਕਦਾ ਹੈ? ਜ਼ਿੰਦਗੀ ਭਰ ਦੀ ਗ਼ੁਲਾਮੀ? ਹਾਂ ਇਸ ਤੋਂ ਵੱਧ ਇਕ ਹੋਰ ਕੀਮਤ ਹੈ, ਅਣਦੇਖੇ ਅਗਲੇ ਜਹਾਨ ਦੀ ਵੀ ਗ਼ੁਲਾਮੀ। ਇਨ੍ਹਾਂ ਦੋਨੇ ਜਹਾਨਾਂ ਦੀ ਗ਼ੁਲਾਮੀ ਤੋਂ ਵੱਧ ਕੀਮਤ ਕੋਈ ਅਦਾ ਨਹੀਂ ਕਰ ਸਕਦਾ। ਭਾਈ ਸਾਹਿਬ ਫੁਰਮਾਉਂਦੇ ਹਨ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਕੀਮਤ ਤਾਂ ਨਹੀਂ ਅਦਾ ਕਰ ਸਕਦਾ, ਹਾਂ ਜੇਕਰ ਮੈਨੂੰ ਆਪਣੇ ਇਸ ਯਾਰ ਦੇ ਕੇਸਾਂ ਦੀ ਇਕ ਤਾਰ ਮਿਲ ਜਾਏ ਤਾਂ ਮੈਂ ਆਪਣੇ ਦੋਵੇਂ ਜਹਾਨ ਇਸ ਤੋਂ ਕੁਰਬਾਨ ਕਰਨ ਨੂੰ ਤਿਆਰ ਹਾਂ। 'ਹਰ ਦੋ ਆਲਮ ਕੀਮਤਿ ਯੱਕ ਤਾਰਿ ਮੂਇ ਯਾਰਿ ਮਾ'। ਭਾਈ ਨੰਦ ਲਾਲ ਜੀ ਤੇ ਬਖ਼ਸ਼ਿਸ਼ ਕਰਦਿਆਂ ਕਲਗੀਧਰ ਪਿਤਾ ਨੇ ਜੋ ਰਹਿਤਾਂ ਭਾਈ ਨੰਦ ਲਾਲ ਜੀ ਨੂੰ ਲਿਖਵਾਈਆਂ ਉਸ ਨੂੰ ਕਲਮਬੱਧ ਕਰਦਿਆਂ ਭਾਈ ਸਾਹਿਬ ਨੇ ਆਪਣੇ ਰਹਿਤਨਾਮੇ ਵਿਚ ਅੰਕਤ ਕੀਤਾ ਹੈ, "ਬਚਨ ਹੈ ਸ੍ਰੀ ਗੁਰੂ ਜੀ ਕਾ ਕਿ ਜੋ ਕੋਈ ਸਿੱਖ ਦਾ ਬੇਟਾ ਹੋਏ ਔਰ ਮੋਨਾ ਹੋਇ ਜਾਵੈ, ਤਿਸ ਕੀ ਜੜ੍ਹ ਸੁੱਕੀ ਔਰ ਜੋ ਮੋਨਾ, ਸਿੱਖ ਹੋਇ ਜਾਵੇ ਤਿਸ ਕੀ ਜੜ੍ਹ ਹਰੀ।" ਸ੍ਰੀ ਗੁਰੂ ਰਾਮਦਾਸ ਜੀ ਦਾ ਭੀ ਤਾਂ ਪਾਵਨ ਬਚਨ ਹੈ, "ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ"। ■

# ਸੁਤੰਤਰਤਾ ਸੰਗਰਾਮੀ ਜਥੇਦਾਰ ਬੀਰ ਸਿੰਘ ਜੀ ਪੁਆਦੜਾ

*-ਸਿਮਰਜੀਤ ਸਿੰਘ**

ਪੰਜਾਬ ਸੂਬੇ ਦੇ ਜ਼ਿਲ੍ਹਾ ਜਲੰਧਰ ਦੀ ਤਹਿਸੀਲ ਫਿਲੌਰ ਵਿਚ ਪੁਆਦੜਾ ਪਿੰਡ ਹੈ। ਇਹ ਪਿੰਡ ਫਿਲੌਰ-ਤਲਵਣ ਸੜਕ 'ਤੇ ਹੈ। ਰੇਲਵੇ ਸਟੇਸ਼ਨ ਬਿਲਗਾ ਇਸ ਪਿੰਡ ਤੋਂ ੭ ਕਿਲੋਮੀਟਰ ਦੂਰ ਹੈ। ਇਸ ਪਿੰਡ ਵਿਚ ਮਾਤਾ ਰਾਓ ਕੌਰ ਅਤੇ ਪਿਤਾ ਉੱਤਮ ਸਿੰਘ ਦੇ ਘਰ ੧੮੯੧ ਈ: ਵਿਚ ਭਾਈ ਬੀਰ ਸਿੰਘ ਦਾ ਜਨਮ ਹੋਇਆ। ਆਪ ਦਾ ਇਕ ਭਰਾ ਸ. ਕੇਹਰ ਸਿੰਘ ਤੇ ਇਕ ਭੈਣ ਬੀਬੀ ਬਸੰਤ ਕੌਰ ਸਨ। ਘਰ ਦਾ ਮਾਹੌਲ ਪੂਰਾ ਧਾਰਮਿਕ ਸੀ ਤੇ ਸਿੱਖੀ ਦੀ ਗੁੜ੍ਹਤੀ ਤਾਂ ਮਾਤਾ ਵੱਲੋਂ ਜਨਮ ਸਮੇਂ ਹੀ ਪ੍ਰਾਪਤ ਹੋ ਗਈ ਸੀ। ਆਪ ਜੀ ਦੀ ਦਾਦੀ ਬੱਚਿਆਂ ਨੂੰ ਸਿੱਖ ਸੂਰਮਿਆਂ ਦੀਆਂ ਸਾਖੀਆਂ ਸੁਣਾਉਂਦੀ ਜਿਸ ਨੂੰ ਆਪ ਬੜੀ ਰੀਝ ਨਾਲ ਸੁਣਦੇ। ਜਿਉਂ-ਜਿਉਂ ਆਪ ਜੀ ਦੀ ਉਮਰ ਵਧ ਰਹੀ ਸੀ, ਉਸ ਦੇ ਨਾਲ ਹੀ ਸਿੱਖੀ ਜਜ਼ਬਾ ਵੀ ਮਨ ਵਿਚ ਪ੍ਰਫੁਲਿਤ ਹੋ ਰਿਹਾ ਸੀ।

ਮੁੱਢਲੀ ਸਕੂਲੀ ਸਿੱਖਿਆ ਆਪ ਨੇ ਪਿੰਡ ਦੇ ਨੇੜਲੇ ਬਿਲਗਾ ਸਕੂਲ ਤੋਂ ਪ੍ਰਾਪਤ ਕੀਤੀ। ਇੱਥੋਂ ਮਿਡਲ ਤਕ ਸਿੱਖਿਆ ਪਾਸ ਕਰ ਕੇ ਅਗਲੇਰੀ ਸਿੱਖਿਆ ਲਈ ਦੋਆਬਾ ਖਾਲਸਾ ਹਾਈ ਸਕੂਲ ਜਲੰਧਰ ਵਿਖੇ ਦਾਖਲ ਹੋ ਗਏ। ਇੱਥੋਂ ਆਪ ਨੇ ਮੈਟ੍ਰਿਕ ਪਾਸ ਕੀਤੀ। ਪੜ੍ਹਾਈ ਦੇ ਨਾਲ-ਨਾਲ ਆਪ ਨੂੰ ਖੇਡਾਂ ਵਿਚ ਵੀ ਵਿਸ਼ੇਸ਼ ਰੁਚੀ ਸੀ। ਆਪ ਨੇ ਘੋੜਸਵਾਰੀ ਅਤੇ ਗਤਕਾਬਾਜ਼ੀ ਵਿਚ ਵੀ ਨਿਪੁੰਨਤਾ ਹਾਸਲ ਕਰ ਲਈ। ਆਪ ਪਿੰਡ ਦੇ ਨੌਜਵਾਨਾਂ ਨੂੰ ਇਕੱਠਾ ਕਰ ਕੇ ਆਪਣੇ ਖੂਹ 'ਤੇ ਲੈ ਜਾਂਦੇ, ਉੱਥੇ ਅਖਾੜਾ ਲਗਾ ਕੇ ਕੁਸ਼ਤੀ ਤੇ ਖੇਡਾਂ ਦੇ ਮੁਕਾਬਲੇ ਕਰਵਾਉਂਦੇ। ਨੌਜਵਾਨਾਂ ਵਿਚ ਖੇਡਾਂ ਪ੍ਰਤੀ ਰੁਚੀ ਪੈਦਾ ਕਰਨ ਲਈ ਉਨ੍ਹਾਂ ਦੀ ਭਰਪੂਰ ਹੌਂਸਲਾ ਅਫਜ਼ਾਈ ਕਰਦੇ। ਪਿੰਡ ਵਿਚ ਆਪ ਦੇ ਕੰਮਾਂ ਪ੍ਰਤੀ ਬੜੀ ਸ਼ਲਾਘਾ ਹੋਈ। ਹਰ ਕੋਈ ਆਪ ਤੋਂ ਪ੍ਰਭਾਵਿਤ ਸੀ। ਆਪ ਨੂੰ ਪਿੰਡ ਦੀ ਨੰਬਰਦਾਰੀ ਦੀ ਸੇਵਾ ਵੀ ਸੌਂਪ ਦਿੱਤੀ ਗਈ। ਸ. ਕੇਹਰ ਸਿੰਘ ਵਿਦੇਸ਼ (ਇਟੇਲੀਆ) ਚਲੇ ਗਏ। ਬੀਬੀ ਬਸੰਤ ਕੌਰ ਦੇ ਅਨੰਦ ਕਾਰਜ ਸ਼ੰਕਰ ਪਿੰਡ ਵਿਚ ਹੋਏ।

ਭਾਈ ਬੀਰ ਸਿੰਘ ਜੀ ਦਾ ਅਨੰਦ ਕਾਰਜ ਪਾਸਲਾ ਪਿੰਡ ਵਿਚ ਬੀਬੀ ਬਸੰਤ ਕੌਰ ਨਾਲ ਹੋਇਆ। ਆਪ ਜੀ ਦੇ ਘਰ ਪੰਜ ਪੁੱਤਰ— ਸ. ਅਮਰ ਸਿੰਘ, ਸ. ਜੋਗਿੰਦਰ ਸਿੰਘ, ਸ. ਅਜੀਤ ਸਿੰਘ, ਸ. ਅਜੈਬ ਸਿੰਘ, ਸ. ਭਗਤ ਸਿੰਘ ਅਤੇ ਦੋ ਪੁੱਤਰੀਆਂ— ਬੀਬਾ ਪ੍ਰਕਾਸ਼ ਕੌਰ ਅਤੇ ਬੀਬਾ ਅਜਾਇਬ ਕੌਰ ਨੇ ਜਨਮ ਲਿਆ।

ਅੰਗਰੇਜ਼ ਸਰਕਾਰ ਵੱਲੋਂ ਭਾਰਤ ਵਾਸੀਆਂ ਦੀਆਂ ਭਾਵਨਾਵਾਂ ਦੇ ਵਿਰੁੱਧ ਰੋਲਟ

**ਸੰਪਾਦਕ, ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ।*

ਐਕਟ ਪਾਸ ਕੀਤਾ ਗਿਆ। ਦੇਸ਼ ਪ੍ਰੇਮੀਆਂ ਵੱਲੋਂ ਇਸ ਵਿਰੁੱਧ ਰੋਸ ਪ੍ਰਗਟ ਕਰਨ ਲਈ ਜਲਸੇ, ਮੁਜ਼ਾਹਰੇ ਕੀਤੇ ਗਏ। ਉੱਘੇ ਨੇਤਾਵਾਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ। ਇਸ ਦੇ ਰੋਸ ਵਜੋਂ ਦੇਸ਼ ਵਿਚ ਵੱਖ-ਵੱਖ ਥਾਵਾਂ 'ਤੇ ਲੋਕਾਂ ਨੇ ਅੰਦੋਲਨ ਸ਼ੁਰੂ ਕਰ ਦਿੱਤੇ। ਨੇਤਾਵਾਂ ਦੀ ਰਿਹਾਈ ਦੀ ਮੰਗ ਜ਼ੋਰ ਫੜ੍ਹ ਰਹੀ ਸੀ। ਸਰਕਾਰ ਵੱਲੋਂ ਇਨ੍ਹਾਂ ਪ੍ਰਦਸ਼ਨਕਾਰੀਆਂ 'ਤੇ ਸਖ਼ਤੀ ਕੀਤੀ ਜਾਂਦੀ। ਕਈ ਥਾਂ 'ਤੇ ਗੋਲੀ ਵੀ ਚਲਾਈ ਜਾਂਦੀ। ਸ੍ਰੀ ਅੰਮ੍ਰਿਤਸਰ ਸ਼ਹਿਰ ਫੌਜ ਦੇ ਹਵਾਲੇ ਕੀਤਾ ਜਾ ਚੁੱਕਾ ਸੀ। ੧੨ ਅਪ੍ਰੈਲ, ੧੯੧੯ ਈ: ਨੂੰ ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਦਫਾ-੧੪੪ ਲਗਾ ਦਿੱਤੀ ਗਈ। ਲੋਕਾਂ ਦੇ ਮਨ 'ਤੇ ਇਸ ਦਾ ਉਲਟ ਅਸਰ ਹੋਇਆ। ੧੩ ਅਪ੍ਰੈਲ, ੧੯੧੯ ਈ: ਨੂੰ ਸ੍ਰੀ ਅੰਮ੍ਰਿਤਸਰ ਵਿਖੇ ਜਲਿਆਂ ਵਾਲੇ ਬਾਗ ਵਿਚ ਪ੍ਰਦਰਸ਼ਨ ਕਰਨ ਲਈ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ। ਅੰਗਰੇਜ਼ ਸਰਕਾਰ ਦੇ ਬ੍ਰਿਗੇਡੀਅਰ ਜਨਰਲ ਹੈਰੀ ਡਾਇਰ ਨੇ ਜਲਿਆਂ ਵਾਲੇ ਬਾਗ ਨੂੰ ਚਾਰੇ ਪਾਸੇ ਤੋਂ ਘੇਰਾ ਪਾ ਕੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਜਿਸ ਨਾਲ ਦੁਖਦਾਈ ਸਾਕਾ ਵਾਪਰ ਗਿਆ। ਇਸ ਘਟਨਾ ਦਾ ਹੋਰਨਾਂ ਦੇਸ਼ ਭਗਤਾਂ ਵਾਂਗ ਹੀ ਭਾਈ ਬੀਰ ਸਿੰਘ ਦੇ ਮਨ 'ਤੇ ਬੜਾ ਗਹਿਰਾ ਪ੍ਰਭਾਵ ਪਿਆ। ਆਪ ਅੰਗਰੇਜ਼ਾਂ ਦੀ ਧੱਕੇਸ਼ਾਹੀ ਤੇ ਜ਼ੁਲਮ ਵਿਰੁੱਧ ਮੈਦਾਨ ਵਿਚ ਕੁੱਦ ਪਏ। ਆਪ ਨੇ ੧੯੨੧ ਈ: ਵਿਚ ਅੰਗਰੇਜ਼ਾਂ ਦੀ ਧੱਕੇਸ਼ਾਹੀ ਦੇ ਵਿਰੋਧ ਵਿਚ ਪਿੰਡ ਦੀ ਨੰਬਰਦਾਰੀ ਛੱਡ ਦਿੱਤੀ।

੧੯੨੧ ਈ: ਵਿਚ ਪਿੰਡ ਰੁੜਕਾ ਵਿਖੇ ਆਲ ਵਰਲਡ ਕਾਨਫਰੰਸ ਕੀਤੀ ਗਈ। ਇਸ ਕਾਨਫਰੰਸ ਵਿਚ ਆਪ ਨੇ ਵਧ ਚੜ੍ਹ ਕੇ ਹਿੱਸਾ ਲਿਆ। ਕਾਨਫਰੰਸ ਵਿਚ ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਐਲਾਨ ਕਰ ਦਿੱਤਾ ਗਿਆ। ਅੰਗਰੇਜ਼ਾਂ ਨੇ ਇਸ ਕਾਨਫਰੰਸ ਵਿਚ ਭਾਗ ਲੈਣ ਵਾਲਿਆਂ ਦੀ ਗ੍ਰਿਫਤਾਰੀ ਦਾ ਐਲਾਨ ਕਰ ਦਿੱਤਾ। ਮੁਖ਼ਬਰ ਵੀ ਸਰਗਰਮ ਹੋ ਗਏ। ਭਾਈ ਬੀਰ ਸਿੰਘ ਨੂੰ ਵੀ ਗ੍ਰਿਫਤਾਰ ਕਰ ਕੇ ਮੁਕੱਦਮਾ ਚਲਾਇਆ ਗਿਆ। ਆਪ ਨੂੰ ਅੰਗਰੇਜ਼ਾਂ ਵਿਰੁੱਧ ਸਾਜ਼ਿਸ਼ ਕਰਨ ਦੇ ਦੋਸ਼ ਵਿਚ ਤਿੰਨ ਸਾਲ ਦੀ ਕੈਦ ਅਤੇ ੩੦੦ ਰੁਪਏ ਜੁਰਮਾਨਾ ਕੀਤਾ ਗਿਆ। ਇਨ੍ਹਾਂ ਨੂੰ ਮੁਲਤਾਨ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ।

ਜੇਲ੍ਹ ਤੋਂ ਵਾਪਸ ਆ ਕੇ ਇਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੀਆਂ ਸਰਗਰਮੀਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਆਪ ਦਾ ਘਰ ਤੇ ਖੂਹ ਅਜ਼ਾਦੀ ਪਰਵਾਨਿਆਂ ਲਈ ਠਹਿਰਗਾਹਾਂ ਬਣ ਗਈਆਂ। ਮੁਖ਼ਬਰ ਆਪ ਦੇ ਪਿੱਛੇ ਲੱਗੇ ਰਹਿੰਦੇ। ਆਪ ਦੀਆਂ ਸੂਚਨਾਵਾਂ ਅੰਗਰੇਜ਼ਾਂ ਨੂੰ ਦਿੰਦੇ ਤੇ ਇਨਾਮ ਪ੍ਰਾਪਤ ਕਰਦੇ। ਆਪ ਜੀ ਨੇ ਵੱਖ-ਵੱਖ ਕੇਸਾਂ ਵਿਚ ਮਿੰਟਗੁਮਰੀ ਦੀ ਜੇਲ੍ਹ ਵਿਚ ਦੋ ਸਾਲ, ਜਲੰਧਰ ਦੀ ਜੇਲ੍ਹ ਵਿਚ ਇੱਕ ਸਾਲ ਅਤੇ ਹੋਰ ਜੇਲ੍ਹਾਂ ਵਿਚ ਪੰਜ ਸਾਲ ਤਕ ਦੀ ਕੈਦ ਕੱਟੀ। ਇਸ ਤਰ੍ਹਾਂ ਕੁੱਲ ਮਿਲਾ ਕੇ ਆਪ ਨੇ ਆਪਣੀ ਜ਼ਿੰਦਗੀ ਦੇ ਗਿਆਰਾਂ ਸਾਲ ਜੇਲ੍ਹ ਦੀ ਕਾਲ-ਕੋਠੜੀਆਂ ਵਿਚ ਬਤੀਤ ਕੀਤੇ। ਆਪ ਜੀ ਨੇ ਆਪਣੇ ਪੁੱਤਰਾਂ ਅਤੇ ਪੁੱਤਰੀਆਂ ਦੇ ਰਿਸ਼ਤੇ ਵੀ ਜੇਲ੍ਹ

ਵਿਚ ਬੈਠਿਆਂ ਹੀ ਦੇਸ਼ ਭਗਤ ਪਰਵਾਰਾਂ ਨਾਲ ਤੈਅ ਕਰ ਕੇ ਆਪਣੀਆਂ ਰਿਸ਼ਤੇਦਾਰੀਆਂ ਕਾਇਮ ਕੀਤੀਆਂ।

ਰਿਆਸਤ ਨਾਭਾ ਦਾ ਮਹਾਰਾਜਾ ਰਿਪੁਦਮਨ ਸਿੰਘ ਦੇਸ਼ ਪ੍ਰੇਮੀ ਸੀ। ੯ ਜੁਲਾਈ, ੧੯੨੩ ਈ: ਨੂੰ ਅੰਗਰੇਜ਼ਾਂ ਦੀ ਕੁਟਿਲ ਨੀਤੀ ਕਾਰਨ ਇਨ੍ਹਾਂ ਨੂੰ ਰਾਜ ਗੱਦੀ ਛੱਡਣ ਲਈ ਮਜ਼ਬੂਰ ਹੋਣਾ ਪਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਅੰਗਰੇਜ਼ਾਂ ਦੀ ਇਸ ਧੱਕੇਸ਼ਾਹੀ ਵਿਰੁੱਧ ਅਵਾਜ਼ ਬੁਲੰਦ ਕੀਤੀ। ਸਿੱਖਾਂ ਦੀ ਫੜੋ-ਫੜੀ ਸ਼ੁਰੂ ਹੋ ਗਈ। ਜੈਤੋ ਨਿਵਾਸੀਆਂ ਨੇ ੧੪ ਨਵੰਬਰ, ੧੯੨੩ ਈ: ਨੂੰ ਗੁਰਦੁਆਰਾ ਸ੍ਰੀ ਗੰਗਸਰ ਜੈਤੋ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰ ਦਿੱਤਾ। ਸਰਕਾਰ ਨੇ ਪੁਲਿਸ ਭੇਜ ਕੇ ਸ੍ਰੀ ਅਖੰਠ ਪਾਠ ਸਾਹਿਬ ਭੰਗ ਕਰਵਾ ਦਿੱਤਾ। ਸਿੱਖਾਂ ਦਾ ਗੁਰਦੁਆਰਾ ਸਾਹਿਬ ਵਿਚ ਦਾਖਲਾ ਬੰਦ ਕਰ ਦਿੱਤਾ। ਇਸ 'ਤੇ ਜੈਤੋ ਦਾ ਮੋਰਚਾ ਸ਼ੁਰੂ ਹੋ ਗਿਆ। ਸਿੰਘਾਂ ਦੇ ਜਥੇ ਗੰਗਸਰ ਜੈਤੋ ਵੱਲ ਨੂੰ ਕੂਚ ਕਰਨ ਲੱਗੇ। ਪਿੰਡ ਸੰਘੋਵਾਲ ਵਿਖੇ ਵੀ ਅਜਿਹੇ ਜਥੇ ਲਈ ਪੜਾਅ ਬਣਾਇਆ ਗਿਆ ਸੀ। ਅੰਗਰੇਜ਼ ਸਰਕਾਰ ਵੱਲੋਂ ਜੈਤੋ ਦੇ ਮੋਰਚੇ ਵਿਚ ਭਾਗ ਲੈਣ ਵਾਲਿਆਂ ਦੀ ਕਿਸੇ ਵੀ ਤਰ੍ਹਾਂ ਦੀ ਮਦਦ 'ਤੇ ਪਾਬੰਦੀ ਲਗਾਈ ਹੋਈ ਸੀ। ਜਥੇ ਨੂੰ ਜਲ-ਪਾਣੀ, ਲੰਗਰ ਆਦਿ ਦੀ ਸੇਵਾ ਕਰਨ ਵਾਲਿਆਂ ਦੀਆਂ ਜਾਇਦਾਦਾਂ ਜ਼ਬਤ ਕਰਨ ਦੀ ਧਮਕੀ ਦਿੱਤੀ ਗਈ ਸੀ। ਜਥੇ ਦੀ ਮਦਦ ਕਰਨ ਵਾਲਿਆਂ ਵਿਰੁੱਧ ਕੇਸ ਦਰਜ ਕੀਤਾ ਜਾਂਦਾ ਤੇ ਤਸੀਹੇ ਦਿੱਤੇ ਜਾਂਦੇ। ਭਾਈ ਬੀਰ ਸਿੰਘ ਨੇ ਸੰਘੋਵਾਲ ਦੇ ਪੜਾਅ 'ਤੇ ਜਥੇ ਦੀ ਲੰਗਰ ਪਾਣੀ ਨਾਲ ਸੇਵਾ ਕੀਤੀ। ਇਸ ਦਾ ਪਤਾ ਲੱਗਣ 'ਤੇ ਅੰਗਰੇਜ਼ ਸਰਕਾਰ ਨੇ ਆਪ ਨੂੰ ਇਕ ਸਾਲ ਲਈ ਕੈਦ ਦੀ ਸਜ਼ਾ ਦਿੱਤੀ।

੧੫ ਮਾਰਚ, ੧੯੨੬ ਈ: ਨੂੰ (ਸ਼ਹੀਦ) ਸ. ਭਗਤ ਸਿੰਘ ਆਪਣੇ ਤਿੰਨ ਸਾਥੀਆਂ ਨਾਲ ਬਿਲਗਾ ਪਿੰਡ ਵਿਚ ਆ ਗਏ। ਉਨ੍ਹਾਂ ਦੀ ਪੈੜ ਦਬਦੀ ਪੁਲਿਸ ਵੀ ਪਿੱਛੇ-ਪਿੱਛੇ ਆ ਰਹੀ ਸੀ। ਪੁਲਿਸ ਨੇ ਬਿਲਗਾ ਪਿੰਡ ਨੂੰ ਚਾਰੇ ਪਾਸੇ ਤੋਂ ਘੇਰ ਲਿਆ। ਸ. ਭਗਤ ਸਿੰਘ ਦੇ ਸਾਥੀ ਪਿੰਡ ਦੀਆਂ ਗਲੀਆਂ ਦੇ ਭੇਤੀ ਸਨ। ਉਹ ਪਿੰਡ ਦੀਆਂ ਗਲੀਆਂ ਵਿੱਚੋਂ ਪੁਲਿਸ ਨੂੰ ਚਕਮਾ ਦੇ ਕੇ ਨਿਕਲ ਗਏ। ਇਸ ਹਫੜਾ-ਦਫੜੀ ਵਿਚ ਸ. ਭਗਤ ਸਿੰਘ ਆਪਣੇ ਸਾਥੀਆਂ ਨਾਲੋਂ ਵਿਛੜ ਗਏ ਅਤੇ ਗਲੀਆਂ ਵਿੱਚੋਂ ਘੁੰਮਦੇ ਨੀਲੋਵਾਲ ਵਾਲੇ ਚੌਂਕ ਵਿਚ ਆ ਗਏ। ਇੱਥੇ ਸ. ਭਗਤ ਸਿੰਘ ਨੂੰ ਸ. ਸ਼ੰਕਰ ਸਿੰਘ ਮਿਲ ਗਏ। ਇਹ ਵੀ ਦੇਸ਼ ਭਗਤ ਸਨ। ਇਨ੍ਹਾਂ ਤੋਂ ਸ. ਭਗਤ ਸਿੰਘ ਨੇ ਦਰਿਆ ਪਾਰ ਕਰਨ ਦਾ ਸਾਧਨ ਤੇ ਰਾਹ ਪੁੱਛਿਆ। ਸ. ਸ਼ੰਕਰ ਸਿੰਘ ਨੇ ਸ. ਪਾਖਰ ਸਿੰਘ ਨੰਬਰਦਾਰ ਖੋਖੇ ਵਾਲੇ ਨੂੰ ਘੋੜੀ 'ਤੇ ਦਰਿਆ ਪਾਰ ਕਰਵਾਉਣ ਲਈ ਭੇਜ ਦਿੱਤਾ। ਸ. ਪਾਖਰ ਸਿੰਘ ਦੇ ਪੁੱਛਣ ਤੇ ਸ. ਭਗਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਭਾਈ ਬੀਰ ਸਿੰਘ ਦੇ ਖੂਹ 'ਤੇ ਜਾਣਾ ਹੈ, ਪਰ ਮੈਂ ਉਨ੍ਹਾਂ ਨੂੰ ਜਾਣਦਾ ਹੀ ਹਾਂ ਪਛਾਣਦਾ ਨਹੀਂ। ਸ. ਪਾਖਰ ਸਿੰਘ ਉਨ੍ਹਾਂ ਨੂੰ ਭਾਈ ਬੀਰ ਸਿੰਘ ਨਾਲ ਮਿਲਾ ਕੇ ਉਨ੍ਹਾਂ ਦੇ ਖੂਹ 'ਤੇ ਛੱਡ ਆਏ। ਭਾਈ ਬੀਰ ਸਿੰਘ

ਨੇ ਸ. ਭਗਤ ਸਿੰਘ ਨਾਲ ਵਿਚਾਰਾਂ ਕਰਦਿਆਂ ਉਨ੍ਹਾਂ ਦੀ ਭਰਪੂਰ ਸੇਵਾ ਕੀਤੀ। ਦੂਸਰੇ ਦਿਨ ਭਾਈ ਬੀਰ ਸਿੰਘ ਉਨ੍ਹਾਂ ਨੂੰ ਢੁਡੀਕੇ ਪਿੰਡ ਛੱਡ ਕੇ ਆਏ।

ਆਪ ਜੀ ਨੂੰ ਦੇਸ਼ ਪ੍ਰਤੀ ਸੇਵਾ ਅਤੇ ਧਾਰਮਿਕ ਰੁਚੀਆਂ ਕਾਰਨ ਦੁਆਬਾ ਖੇਤਰ ਦੀ ਜਥੇਦਾਰੀ ਦੀ ਸੇਵਾ ਸੌਂਪ ਦਿੱਤੀ ਗਈ। ਜਥੇਦਾਰ ਬੀਰ ਸਿੰਘ ਜੀ ਨੇ ਸਿੱਖ ਪੰਥ ਦੀ ਯੋਗ ਅਗਵਾਈ ਕੀਤੀ।

ਅੰਗਰੇਜ਼ ਸਰਕਾਰ ਨੇ ਭਾਰਤ ਵਾਸੀਆਂ ਲਈ ਕਿਸੇ ਵੀ ਤਰ੍ਹਾਂ ਦਾ ਹਥਿਆਰ ਰੱਖਣ ਲਈ ਲਾਇਸੰਸ ਲਾਜ਼ਮੀ ਕਰਾਰ ਦੇ ਦਿੱਤਾ। ਇਸ ਵਿਚ ਸਿੱਖਾਂ ਦੇ ਧਾਰਮਿਕ ਚਿੰਨ੍ਹ ਕਿਰਪਾਨ ਨੂੰ ਵੀ ਸ਼ਾਮਿਲ ਕਰ ਦਿੱਤਾ ਗਿਆ। ਇਕ ਤਰ੍ਹਾਂ ਨਾਲ ਸਿੱਖਾਂ ਦੇ ਕਿਰਪਾਨ ਰੱਖਣ 'ਤੇ ਪਾਬੰਦੀ ਹੀ ਲਗਾ ਦਿੱਤੀ ਗਈ। ਸਿੱਖਾਂ ਦੇ ਵਾਰ-ਵਾਰ ਸਰਕਾਰ ਨੂੰ ਬੇਨਤੀ ਕਰਨ 'ਤੇ ਕੋਈ ਅਸਰ ਨਹੀਂ ਸੀ ਹੋ ਰਿਹਾ। ਕਿਰਪਾਨਧਾਰੀ ਸਿੱਖਾਂ ਉੱਤੇ ਮੁਕੱਦਮੇ ਦਰਜ ਹੋਣ ਲੱਗੇ। ਇਸ ਦੇ ਫਲਸਰੂਪ ੧੯੩੫ ਈ: ਵਿਚ ਕਿਰਪਾਨ ਦਾ ਮੋਰਚਾ ਸ਼ੁਰੂ ਹੋ ਗਿਆ। ਇਸ ਮੋਰਚੇ ਵਿਚ ਹਿੱਸਾ ਲੈਣ ਕਰ ਕੇ ਭਾਈ ਬੀਰ ਸਿੰਘ ਜੀ ਨੂੰ ਫੇਰ ਤੋਂ ਜੇਲ੍ਹ ਵਿਚ ਭੇਜ ਦਿੱਤਾ ਗਿਆ। ਜੇਲ੍ਹ ਤੋਂ ਰਿਹਾਅ ਹੋ ਕੇ ਆਪ ਪਿੰਡ ਆ ਗਏ। ਆਪ ਦੀਆਂ ਸੇਵਾਵਾਂ ਅਤੇ ਸਿੱਖ ਪੰਥ ਪ੍ਰਤੀ ਲਗਨ ਨੂੰ ਦੇਖਦੇ ਹੋਏ ਆਪ ਜੀ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਦੀ ਜਥੇਦਾਰੀ ਦੀ ਸੇਵਾ ਸੌਂਪੀ ਗਈ।

ਅਜ਼ਾਦੀ ਦੀ ਲਹਿਰ ਵਿਚ ਅਹਿਮ ਹਿੱਸਾ ਪਾਉਣ ਵਾਲੀ ਬੱਬਰ ਅਕਾਲੀ ਲਹਿਰ ਵਿਚ ਆਪ ਨੇ ਪ੍ਰਮੁੱਖ ਯੋਗਦਾਨ ਅਦਾ ਕੀਤਾ। ਅਜ਼ਾਦੀ ਘੁਲਾਟੀਏ ਬੱਬਰਾਂ ਦੀ ਵਿਸ਼ੇਸ਼ ਪਨਾਹ ਇਨ੍ਹਾਂ ਪਾਸ ਹੀ ਹੁੰਦੀ, ਜਿਸ ਕਾਰਨ ਆਪ ਨੂੰ ਕਈ ਵਾਰ ਜੇਲ੍ਹ ਜਾਣਾ ਪਿਆ।

੧੯੩੯ ਈ: ਤੋਂ ੧੯੪੫ ਈ: ਤਕ ਆਪ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਹੇ। ਆਪ ਜੀ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਜ਼ਮੀਨ ਕਾਬਜ਼ਾਂ ਨਾਲ ਬਲਾਚੌਰ ਦੀ ਅਦਾਲਤ ਵਿਚ ਕੇਸ ਲੜ ਕੇ ਤੇ ਆਪਣੀ ਸੂਝ ਬੂਝ ਨਾਲ ਮੁਕਤ ਕਰਵਾਈ। ਇਕ ਵਾਰ ਦੀ ਗੱਲ ਹੈ ਕਿ ਇਕ ਥਾਣੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਆ ਗਿਆ। ਉਸ ਵਿਚ ਆਪਣੇ ਅਹੁਦੇ ਦਾ ਬਹੁਤ ਹੰਕਾਰ ਸੀ। ਜਦੋਂ ਉਹ ਤਖਤ ਸਾਹਿਬ ਦੀਆਂ ਪੌੜੀਆਂ ਚੜ੍ਹਨ ਲੱਗਾ ਤਾਂ ਉਸ ਦਾ ਅਰਦਲੀ ਵੀ ਉਸ ਨਾਲ ਹੁੱਕਾ ਲੈ ਕੇ ਜਾਣ ਲੱਗਾ। ਪਹਿਰੇ 'ਤੇ ਖੜ੍ਹੇ ਸੇਵਾਦਾਰ ਨੇ ਰੋਕ ਦਿੱਤਾ ਕਿ ਤੁਸੀਂ ਹੁੱਕਾ ਲੈ ਕੇ ਅੱਗੇ ਨਹੀਂ ਜਾ ਸਕਦੇ। ਇਹ ਸੇਵਾਦਾਰ ਅਕਾਲੀ ਅਵਤਾਰ ਸਿੰਘ ਵੀ ਪੁਆਦੜੇ ਪਿੰਡ ਦਾ ਹੀ ਸੀ। ਥਾਣੇਦਾਰ ਨਾ ਮੰਨਿਆ ਤੇ ਹੱਥੋਪਾਈ 'ਤੇ ਆ ਗਿਆ ਤਾਂ ਅਕਾਲੀ ਅਵਤਾਰ ਸਿੰਘ ਨੇ ਮਿਆਨ ਵਿੱਚੋਂ ਸ੍ਰੀ ਸਾਹਿਬ ਧੂਹ ਲਈ ਅਤੇ ਅੱਖ ਦੇ ਫੋਰ ਵਿਚ ਹੀ ਉਸ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ। ਜਥੇਦਾਰ ਬੀਰ ਸਿੰਘ ਨੇ ਹਰ ਤਰ੍ਹਾਂ ਨਾਲ ਇਸ ਦੀ ਮਦਦ ਕੀਤੀ ਜਿਸ 'ਤੇ ਸਰਕਾਰ ਵੱਲੋਂ ਚਲਾਏ ਕੇਸ ਵਿੱਚੋਂ ਇਹ ਬਰੀ ਹੋ ਗਿਆ।

੧੫ ਅਗਸਤ, ੧੯੪੭ ਈ: ਨੂੰ ਦੇਸ਼ ਅਜ਼ਾਦ ਹੋ ਗਿਆ। ਅੰਗਰੇਜ਼ਾਂ ਦੀਆਂ ਕਾਲਕੋਠੜੀਆਂ ਵਿਚ ਅੱਤ ਦੇ ਤਸੀਹੇ ਝੱਲ ਕੇ ਕਮਜ਼ੋਰ ਹੋ ਚੁੱਕੇ ਜਥੇਦਾਰ ਬੀਰ ਸਿੰਘ ਜੀ ੧੩ ਮਈ ੧੯੪੯ ਈ: ਨੂੰ ਅਕਾਲ ਚਲਾਣਾ ਕਰ ਗਏ।

ਜਥੇਦਾਰ ਬੀਰ ਸਿੰਘ ਜੀ ਦੀ ਵੱਡੀ ਪੁੱਤਰੀ ਬੀਬੀ ਪ੍ਰਕਾਸ਼ ਕੌਰ ਦਾ ਅਨੰਦ ਕਾਰਜ ਨੂਰਮਹਿਲ ਨੇੜੇ ਪਿੰਡ ਚੀਮਾਂ ਕਲਾਂ ਨਿਵਾਸੀ ਸ. ਚਰਨ ਸਿੰਘ ਨਾਲ ਹੋਇਆ। ਦੂਸਰੀ ਪੁੱਤਰੀ ਬੀਬੀ ਅਜਾਇਬ ਕੌਰ ਦਾ ਅਨੰਦ ਕਾਰਜ ਸ਼ਾਮਚੁਰਾਸੀ ਨੇੜੇ ਪਿੰਡ ਦਾਦੂਪੁਰ ਗਰੋਆ ਵਿਖੇ ਹੋਇਆ।

**ਸ. ਅਮਰ ਸਿੰਘ ਦਾ ਪਰਵਾਰ:** ਜਥੇਦਾਰ ਬੀਰ ਸਿੰਘ ਦੇ ਸਭ ਤੋਂ ਵੱਡੇ ਪੁੱਤਰ ਸ. ਅਮਰ ਸਿੰਘ ਦਾ ਅਨੰਦ ਕਾਰਜ ਸਲਾਰਪੁਰ ਨਿਵਾਸੀ ਬੀਬੀ ਪ੍ਰੀਤਮ ਕੌਰ ਨਾਲ ਹੋਇਆ। ਆਪ ਫੌਜ ਵਿਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਦੇ ਰਹੇ। ਆਪ ਦੇ ਘਰ ਇਕ ਪੁੱਤਰ ਸ. ਇਕਬਾਲ ਸਿੰਘ ਨੇ ਜਨਮ ਲਿਆ। ਸ. ਇਕਬਾਲ ਸਿੰਘ ਦਾ ਅਨੰਦ ਕਾਰਜ ਬੀਬੀ ਰਜਿੰਦਰ ਕੌਰ ਨਾਲ ਹੋਇਆ। ਇਹ ਪਰਵਾਰ ਇੰਗਲੈਂਡ ਜਾ ਕੇ ਅਬਾਦ ਹੋ ਗਿਆ ਤੇ ਇਕ ਪੁੱਤਰੀ ਬੀਬਾ ਇੰਦਰਜੀਤ ਕੌਰ ਕੈਨੇਡਾ ਚਲੀ ਗਈ।

**ਸ. ਜੋਗਿੰਦਰ ਸਿੰਘ ਦਾ ਪਰਵਾਰ:** ਜਥੇਦਾਰ ਬੀਰ ਸਿੰਘ ਜੀ ਦੇ ਦੂਸਰੇ ਪੁੱਤਰ ਸ. ਜੋਗਿੰਦਰ ਸਿੰਘ ਦਾ ਅਨੰਦ ਕਾਰਜ ਮੰਡਾਲੀ ਨਿਵਾਸੀ ਬੀਬੀ ਨਿਰੰਜਨ ਕੌਰ ਨਾਲ ਹੋਇਆ। ਇਨ੍ਹਾਂ ਦੇ ਘਰ ਇਕ ਪੁੱਤਰ ਅਤੇ ਇਕ ਪੁੱਤਰੀ ਦਾ ਜਨਮ ਹੋਇਆ। ਪੁੱਤਰੀ ਬੀਬਾ ਪਰਮਜੀਤ ਕੌਰ ਜਰਮਨ ਵਿਚ ਚਲੀ ਗਈ। ਪੁੱਤਰ ਸ. ਗੁਰਦੇਵ ਸਿੰਘ ਦੇ ਘਰ ਦੋ ਪੁੱਤਰ ਅਤੇ ਦੋ ਪੁੱਤਰੀਆਂ ਦਾ ਜਨਮ ਹੋਇਆ।

**ਸ. ਅਜੀਤ ਸਿੰਘ ਦਾ ਪਰਵਾਰ:** ਜਥੇਦਾਰ ਬੀਰ ਸਿੰਘ ਜੀ ਦੇ ਤੀਸਰੇ ਪੁੱਤਰ ਦਾ ਅਨੰਦ ਕਾਰਜ ਜੰਡਿਆਲਾ ਮੰਜਕੀ ਨਿਵਾਸੀ ਬੀਬੀ ਬਖਸ਼ੀਸ਼ ਕੌਰ ਨਾਲ ਹੋਇਆ। ਇਨ੍ਹਾਂ ਦੇ ਘਰ ਇਕ ਪੁੱਤਰ ਸ. ਸੁਰਿੰਦਰ ਸਿੰਘ ਤੇ ਇਕ ਪੁੱਤਰੀ ਬੀਬਾ ਬਲਵਿੰਦਰ ਕੌਰ ਦਾ ਜਨਮ ਹੋਇਆ। ਸ. ਸੁਰਿੰਦਰ ਸਿੰਘ ਦਾ ਅਨੰਦ ਕਾਰਜ ਸੀਕਰੀ ਨਿਵਾਸੀ ਬੀਬੀ ਕਿਰਪਾਲ ਕੌਰ ਨਾਲ ਹੋਇਆ। ਇਨ੍ਹਾਂ ਦੇ ਘਰ ਦੋ ਪੁੱਤਰ ਸ. ਰੁਸਤਮ ਸਿੰਘ ਤੇ ਸ. ਸਨਮਦੀਪ ਸਿੰਘ ਦਾ ਜਨਮ ਹੋਇਆ। ਸ. ਰੁਸਤਮ ਸਿੰਘ ਦਾ ਅਨੰਦ ਕਾਰਜ ਜ਼ਿਲ੍ਹਾ ਹੁਸ਼ਿਆਰਪੁਰ ਦੇ ਅੱਤੋਵਾਲ ਦੀ ਬੀਬੀ ਹਰਪਿੰਦਰ ਕੌਰ ਨਾਲ ਹੋਇਆ। ਇਨ੍ਹਾਂ ਦੇ ਘਰ ਇਕ ਪੁੱਤਰ ਕਾਕਾ ਮਨਪ੍ਰੀਤ ਸਿੰਘ ਅਤੇ ਪੁੱਤਰੀ ਬੀਬਾ ਹਰਮੀਨ ਕੌਰ ਨੇ ਜਨਮ ਲਿਆ। ਸ. ਸੁਰਿੰਦਰ ਸਿੰਘ ਦੇ ਦੂਸਰੇ ਪੁੱਤਰ ਸ. ਸਨਮਦੀਪ ਸਿੰਘ ਦਾ ਅਨੰਦ ਕਾਰਜ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਮੁੱਖੋ ਮੰਜਾਰੇ ਦੀ ਬੀਬੀ ਮਨਦੀਪ ਕੌਰ ਨਾਲ ਹੋਇਆ। ਇਹ ਪਿੰਡ ਪੁਆਦੜਾ ਵਿਚ ਰਹਿ ਰਹੇ ਹਨ।

**ਸ. ਅਜੈਬ ਸਿੰਘ ਦਾ ਪਰਵਾਰ:** ਜਥੇਦਾਰ ਬੀਰ ਸਿੰਘ ਦੇ ਚੌਥੇ ਪੁੱਤਰ ਸ. ਅਜੈਬ

*(ਬਾਕੀ ਸਫ਼ਾ ੬੯ 'ਤੇ)*

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਬਲੀਸ਼ਿੰਗ ਹਾਊਸ ਤੇ ਪ੍ਰਕਾਸ਼ਨਾਵਾਂ

*-ਸ. ਦਿਲਜੀਤ ਸਿੰਘ**

ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਆਪਣਾ ਇੱਕ ਬਹੁਤ ਵੱਡਾ ਪਬਲਿਸ਼ਿੰਗ ਹਾਊਸ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ, ਗੁਟਕੇ, ਸ਼ਬਦਾਰਥ ਅਤੇ ਹੋਰ ਗੁਰਮਤਿ ਲਿਟਰੇਚਰ ਛਪਵਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਾਗਤ ਮਾਤਰ ਭੇਟਾ ਤੇ ਸੰਗਤਾਂ ਤਕ ਪਹੁੰਚਾਇਆ ਜਾਂਦਾ ਹੈ। ਇਸ ਦਾ ਕੁਝ ਹਿੱਸਾ ਲਾਗਤ ਮਾਤਰ ਤੋਂ ਵੀ ਘੱਟ ਭੇਟਾ 'ਤੇ ਅਤੇ ਵੱਡਾ ਹਿੱਸਾ ਭੇਟਾ ਰਹਿਤ ਵੀ ਗੁਰਮਤਿ ਪ੍ਰੇਮੀਆਂ ਤਕ ਪਹੁੰਚਾਇਆ ਜਾਂਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਇਕ ਪ੍ਰੈੱਸ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਅੰਬਾਲਾ ਵਿਖੇ ਹੈ। ਸ਼੍ਰੋਮਣੀ ਪ੍ਰਿੰਟਿੰਗ ਪ੍ਰੈੱਸ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਅਤੇ ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਕਈ ਵਰ੍ਹਿਆਂ ਤੋਂ ਚਲ ਰਹੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਤੇ ਹੋਰ ਗੁਰਮਤਿ ਲਿਟਰੇਚਰ ਪਹਿਲਾਂ ਜਲੰਧਰ, ਚੰਡੀਗੜ੍ਹ ਤੇ ਦਿੱਲੀ ਦੀਆਂ ਵੱਖ-ਵੱਖ ਪ੍ਰੈੱਸਾਂ ਤੋਂ ਛਪਵਾ ਕੇ ਸੰਗਤਾਂ ਤਕ ਪਹੁੰਚਾਇਆ ਜਾਂਦਾ ਸੀ।

ਗੁਰਮਤਿ ਲਿਟਰੇਚਰ ਦਿੱਲੀ ਅਤੇ ਹੋਰ ਦੂਰ-ਦੁਰੇਡੀਆਂ ਪ੍ਰੈੱਸਾਂ ਤੋਂ ਛਪਵਾਉਣ ਨਾਲ ਇਕ ਤਾਂ ਮਹਿੰਗਾ ਪੈਂਦਾ ਸੀ ਅਤੇ ਸਭ ਤੋਂ ਵੱਡੀ ਘਾਟ ਸੀ ਕਿ ਲਿਟਰੇਚਰ ਦੀ ਛਪਾਈ ਵਿਚ ਪੂਰਨ ਗੁਰ ਮਰਯਾਦਾ ਕਾਇਮ ਰੱਖਣੀ ਸੰਭਵ ਨਹੀਂ ਸੀ। ਇਸ ਲਈ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਗੁਰਪੁਰਵਾਸੀ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਇਹ ਤੀਬਰ ਤਾਂਘ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਪਣੀ ਆਫਸੈੱਟ ਪ੍ਰੈੱਸ ਹੋਵੇ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਦਾ ਪ੍ਰਬੰਧ ਗੁਰ ਮਰਯਾਦਾ ਅਨੁਸਾਰ ਹੋ ਸਕੇ। ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪਾਵਨ ਸਰੂਪ ਭਾਈ ਗੁਰਦਾਸ ਜੀ ਪਾਸੋਂ ਤਿਆਰ ਕਰਵਾਇਆ ਸੀ, ਉਸ ਅਸਥਾਨ ਤੇ ਬਾਬਾ ਖੜਕ ਸਿੰਘ ਕਾਰ ਸੇਵਾ ਵਾਲਿਆਂ ਤੋਂ ਬਾਅਦ ਬਾਬਾ ਦਰਸ਼ਨ ਸਿੰਘ ਬੀੜ ਬਾਬਾ ਬੁੱਢਾ ਜੀ ਠੱਠਾ ਵਾਲਿਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦਾ ਨਿਰਮਾਣ

** ਮੀਤ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੮੧੪੮-੯੮੫੭੦*

ਕੀਤਾ ਗਿਆ।

ਗੁਰਦੁਆਰਾ ਰਾਮਸਰ ਸਾਹਿਬ ਦਾ ਤਹਿਖਾਨਾ (ਬੇਸਮੈਂਟ) ਬਾਬਾ ਜੀ ਨੂੰ ਬੇਨਤੀ ਕਰ ਕੇ ਇਸ ਕਾਰਜ ਲਈ ਉਚੇਚੇ ਤੌਰ ਤੇ ਬਣਵਾਇਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੧੯੯੧ ਈ: ਵਿਚ ਇਕ ੨੩×੩੬ ਸਾਈਜ਼ ਦੀ ਅਹਿਮਦਾਬਾਦ ਦੀ ਬਣੀ ਹੋਈ ਇਕ ਛਪਾਈ ਮਸ਼ੀਨ ਖਰੀਦ ਕੇ ਗੋਲਡਨ ਆਫਸੈੱਟ ਪ੍ਰੈੱਸ ਦਾ ਮੁੱਢ ਬੰਨ ਦਿੱਤਾ। ਸਮਾਂ ਆਪਣੀ ਚਾਲ ਚਲਦਾ ਗਿਆ ਪਰ ਪ੍ਰੈੱਸ ਵਿਚਲੀ ਮਸ਼ੀਨਰੀ ਗੁਰਮਤਿ ਲਿਟਰੇਚਰ ਦੀ ਮੰਗ ਦੀ ਪੂਰਤੀ ਲਈ ਹੋਰ ਛਪਾਈ ਮਸ਼ੀਨਾਂ ਦੀ ਲੋੜ ਮਹਿਸੂਸ ਕੀਤੀ ਗਈ। ੧੯੯੩ ਈ: ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਰਮਨ ਤੋਂ ਦੋ ਰੰਗਾਂ ਵਾਲੀ ੨੮×੪੦ ਸਾਈਜ਼ ਦੀ ਇਕ ਮਸ਼ੀਨ ਅਤੇ ਇਕ ਆਟੋਮੈਟਿਕ ਸਿਊਇੰਗ (ਸਿਲਾਈ) ਮਸ਼ੀਨ ਮੰਗਵਾਉਣ ਦਾ ਫੈਸਲਾ ਕੀਤਾ। ਪਲੈਂਟਾ ਕੰਪਨੀ ਦੀ ਦੋ ਰੰਗਾਂ ਵਾਲੀ ਛਪਾਈ ਮਸ਼ੀਨ ਅਤੇ ਬਰੈਹਅਰ ਕੰਪਨੀ ਦੀਆਂ ਫੋਲਡਿੰਗ ਅਤੇ ਸਿਲਾਈ ਮਸ਼ੀਨਾਂ ਇੰਪੋਰਟ ਕਰਨ ਲਈ ਲੋੜੀਂਦੀਆਂ ਕਾਰਵਾਈਆਂ ਮੁਕੰਮਲ ਕਰ ਕੇ ਕੰਪਨੀ ਨੂੰ ਆਰਡਰ ਦੇ ਦਿੱਤਾ ਗਿਆ। ਮਸ਼ੀਨਾਂ ਸਮੁੰਦਰੀ ਜਹਾਜ਼ ਰਾਹੀਂ ਬੰਬਈ ਦੀ ਬੰਦਰਗਾਹ ’ਤੇ ਪੁੱਜ ਗਈਆਂ। ਲੱਗਭਗ ਇੱਕ ਕਰੋੜ ਦੀਆਂ ਮਸ਼ੀਨਾਂ ਤੇ ਪੈਂਤੀ ਲੱਖ ਰੁਪਇਆ ਕਸਟਮ ਬਣਦਾ ਸੀ ਜੋ ਪ੍ਰੈੱਸ ਦੇ ਧਾਰਮਿਕ ਕਾਰਜ ਨੂੰ ਮੁੱਖ ਰੱਖਦਿਆਂ ਪ੍ਰਬੰਧਕਾਂ ਦੇ ਯਤਨਾਂ ਸਦਕਾ ਕੇਂਦਰ ਸਰਕਾਰ ਨੇ ਮੁਆਫ ਕਰ ਦਿੱਤਾ। ਇਨ੍ਹਾਂ ਮਸ਼ੀਨਾਂ ਨੂੰ ਜਰਮਨ ਦੇ ਮਾਹਰ ਇੰਜੀਨੀਅਰਾਂ ਨੇ ਦਿਨ ਰਾਤ ਮਿਹਨਤ ਕਰ ਕੇ ਫਿੱਟ ਕੀਤਾ। ਇਨ੍ਹਾਂ ਮਸ਼ੀਨਾਂ ਦਾ ਉਦਘਾਟਨ ਡਾ. ਬਰਜਿੰਦਰ ਸਿੰਘ ਹਮਦਰਦ, ਮੈਨੇਜਿੰਗ ਐਡੀਟਰ ਰੋਜ਼ਾਨਾ ਅਜੀਤ ਨੇ ੧੯੯੩ ਈ: ਵਿਚ ਕੀਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੋਲਡਨ ਆਫਸੈੱਟ ਪ੍ਰੈੱਸ ਇਸ ਸਮੇਂ ਸ੍ਰੀ ਅੰਮ੍ਰਿਤਸਰ ਦੀ ਸਭ ਤੋਂ ਵੱਡੀ ਪ੍ਰੈੱਸ ਹੈ। ਪ੍ਰੋਸੈਸਿੰਗ, ਪੇਸਟਿੰਗ, ਪਲੇਟਮੇਕਿੰਗ, ਪ੍ਰਿੰਟਿੰਗ ਫੋਲਡਿੰਗ, ਸਿਲਾਈ ਅਤੇ ਜਿਲਦਬੰਦੀ ਆਦਿ ਸਾਰੇ ਕੰਮ ਪ੍ਰੈੱਸ ਵਿਖੇ ਹੀ ਕੀਤੇ ਜਾਂਦੇ ਹਨ ਜਿਨ੍ਹਾਂ ਲਈ ਲੋੜੀਂਦੀ ਸਾਰੀ ਮਸ਼ੀਨਰੀ ਪ੍ਰੈੱਸ ਵਿਖੇ ਮੌਜੂਦ ਹੈ।

ਗੋਲਡਨ ਆਫਸੈੱਟ ਪ੍ਰੈੱਸ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵੱਖ-ਵੱਖ ਅਕਾਰਾਂ ਦੇ ਪਾਵਨ ਸਰੂਪ, ਵੱਖ-ਵੱਖ ਬਾਣੀਆਂ ਦੇ ਵੱਖ-ਵੱਖ ਸਾਈਜ਼ ਦੇ ਗੁਟਕੇ, ਸ਼ਬਦਾਰਥ, ਟੀਕੇ, ਸੰਥਾ ਸੈਂਚੀਆਂ, ਸਚਿੱਤਰ ਪੁਸਤਕਾਂ, ਸਟੀਕ, ਸਿੱਖ ਧਰਮ, ਇਤਿਹਾਸ ਦੀਆਂ ਪੁਸਤਕਾਂ, ਛੋਟੇ ਛੋਟੇ ਟ੍ਰੈਕਟ, ਰਹਿਤ ਮਰਯਾਦਾ ਤੇ ਹੋਰ ਗੁਰਮਤਿ ਸਾਹਿਤ ਤੋਂ ਇਲਾਵਾ ਹਰ ਮਹੀਨੇ ਲੱਗਭਗ 20000 ਦੀ ਗਿਣਤੀ ਵਿਚ ‘ਗੁਰਮਤਿ ਪ੍ਰਕਾਸ਼’ ਛਾਪਿਆ ਜਾਂਦਾ ਹੈ। ਇਹ ਮਾਸਿਕ ਪਰਚਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦਾ ਹੈ ਜਿਸ ’ਤੇ ਪ੍ਰਤੀ ਕਾਪੀ ਸੱਤ ਰੁਪਏ ਤੋਂ ਲੈ ਕੇ ਦਸ ਰੁਪਏ ਤਕ ਖਰਚ ਆਉਂਦਾ ਹੈ ਪਰ ਪਾਠਕਾਂ ਨੂੰ ਇਹ ਪਰਚਾ ਵੀਹ ਰੁਪਏ ਸਲਾਨਾ ਚੰਦੇ ’ਤੇ ਉਨ੍ਹਾਂ ਦੇ ਘਰ ਭੇਜਿਆ ਜਾਂਦਾ ਹੈ। ਇਸ ਤਰ੍ਹਾਂ ਧਰਮ ਪ੍ਰਚਾਰ ਕਮੇਟੀ ‘ਗੁਰਮਤਿ ਪ੍ਰਕਾਸ਼’ ਦਾ

ਪ੍ਰਤੀ ਕਾਪੀ ਦੋ ਰੁਪਏ ਤੋਂ ਵੀ ਘੱਟ ਵਸੂਲਦੀ ਹੈ ਅਤੇ ਇਸ ਵਿੱਚੋਂ ਵੀ ਇੱਕ ਰੁਪਏ ਤੋਂ ਦੋ ਰੁਪਏ ਦੀ ਟਿਕਟ ਹਰ ਪਰਚੇ ਤੇ ਲਗਦੀ ਹੈ। ਇਸੇ ਤਰ੍ਹਾਂ ਗੁਰਮਤਿ ਗਿਆਨ ਪਰਚਾ ਹਿੰਦੀ ਭਾਸ਼ਾ ਵਿਚ ਪ੍ਰਕਾਸ਼ਿਤ ਹੁੰਦਾ ਹੈ।

'ਗੁਰਦੁਆਰਾ ਗਜ਼ਟ' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦੋ ਭਾਸ਼ੀ ਮਾਸਿਕ ਪਰਚਾ ਹੈ। ਲੱਗਭਗ ਸੌ ਸਫ਼ੇ ਦੇ ਇਸ ਮਾਸਿਕ ਪਰਚੇ ਵਿਚ ਗੁਰਮਤਿ ਤੇ ਸਿੱਖ ਧਰਮ ਨਾਲ ਸੰਬੰਧਿਤ ਖੋਜ ਭਰਪੂਰ ਲੇਖ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਮਦਨ ਖਰਚ ਦੇ ਚਿੱਠੇ, ਦਿਨ ਤਿਉਹਾਰ, ਸ੍ਰੀ ਹਰਿਮੰਦਰ ਸਾਹਿਬ ਦੀ ਰੋਜ਼ਾਨਾ ਦੀ ਮਰਯਾਦਾ ਅਤੇ ਧਾਰਮਿਕ ਕਵਿਤਾਵਾਂ ਤੋਂ ਇਲਾਵਾ ਤਕਰੀਬਨ ਸਮੁੱਚੀਆਂ ਪੰਥਕ ਧਾਰਮਿਕ ਗਤੀਵਿਧੀਆਂ ਦੀ ਰੀਪੋਰਟ ਅਤੇ ਉਨ੍ਹਾਂ ਦੀਆਂ ਤਸਵੀਰਾਂ ਅਤੇ ਹੋਰ ਖੋਜ ਭਰਪੂਰ ਧਾਰਮਿਕ ਸਮੱਗਰੀ ਹੁੰਦੀ ਹੈ। ਇਸ ਪਰਚੇ ਦਾ ਵੀ ਵੀਹ ਰੁਪਏ ਸਲਾਨਾ ਚੰਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਮਤਿ ਲਿਟਰੇਚਰ ਦਾ ਕੇਵਲ ਪ੍ਰਕਾਸ਼ਨ ਹੀ ਨਹੀਂ ਕਰਦੀ ਸਗੋਂ ਇਸ ਨੂੰ ਸੰਗਤਾਂ ਤਕ ਪਹੁੰਚਾਉਣ ਲਈ ਵੀ ਉਪਰਾਲੇ ਕਰਦੀ ਹੈ। ਗੋਲਡਨ ਆਫਸੈੱਟ ਪ੍ਰੈੱਸ ਤੋਂ ਛਪਿਆ ਹੋਇਆ ਸਾਰਾ ਗੁਰਮਤਿ ਲਿਟਰੇਚਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਖ-ਵੱਖ ਗੁਰਮਤਿ ਲਿਟਰੇਚਰ ਹਾਊਸ ਤੋਂ ਮਿਲ ਸਕਦਾ ਹੈ। ਸੰਗਤ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅੰਮ੍ਰਿਤਸਰ ਵਿਖੇ, ਘੰਟਾ ਘਰ, ਸਰਾਂ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਤਰ੍ਹਾਂ ਹਰ ਵੱਡੇ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਵਿਖੇ ਗੁਰਮਤਿ ਲਿਟਰੇਚਰ ਹਾਊਸ ਖੋਲੇ ਗਏ ਹਨ ਜਿੱਥੋਂ ਇਹ ਲਿਟਰੇਚਰ ਸੰਗਤਾਂ ਨੂੰ ਨਿਰਧਾਰਤ ਭੇਟਾ 'ਤੇ ਦੇਣ ਦੀ ਸੇਵਾ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਕਰਦੇ ਹਨ।

ਧਾਰਮਿਕ ਸਮਾਗਮਾਂ ਅਤੇ ਮੇਲੇ ਮੱਸਿਆ 'ਤੇ 'ਸਿੱਖ ਰਹਿਤ ਮਰਯਾਦਾ' ਅਤੇ ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਕਾਸ਼ਿਤ ਕਿਤਾਬਚੇ ਸੰਗਤਾਂ ਵਿਚ ਮੁਫਤ ਵੰਡੇ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਅਤੇ ਗੁਰ ਮਰਯਾਦਾ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਗੋਲਡਨ ਆਫਸੈੱਟ ਪ੍ਰੈੱਸ ਵਿਖੇ ਛਾਪੇ ਅਤੇ ਜਿਲਦਬੰਦੀ ਕੀਤੇ ਪਾਵਨ ਸਰੂਪ ਸੰਗਤ ਨੂੰ ਦੇਣ ਸਮੇਂ ਮਰਯਾਦਾ ਦਾ ਧਿਆਨ ਰੱਖਿਆ ਜਾਂਦਾ ਹੈ। ਪਾਵਨ ਸਰੂਪ ਪ੍ਰਾਪਤ ਕਰਨ ਲਈ ਪੀੜ੍ਹਾ ਸਾਹਿਬ, ਚੌਰ ਸਾਹਿਬ ਅਤੇ ਰੁਮਾਲਿਆਂ ਸਹਿਤ ਪੰਜ ਸਿੰਘਾਂ ਦਾ ਆਉਣਾ ਲਾਜ਼ਮੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਦਰਮਿਆਨਾ ਅਕਾਰ ਪਾਵਨ ਸਰੂਪ ਦੀ ਭੇਟਾ ਇਸ ਸਮੇਂ ਗਿਆਰਾਂ ਸੌ ਰੁਪਏ ਅਤੇ ਵੱਡੇ ਅਕਾਰ ਦਾ ਤੇਰਾਂ ਸੌ ਇਕਵੰਜਾ ਰੁਪਏ ਹੈ। ਪਾਵਨ ਸਰੂਪ ਦੀ ਛਪਾਈ ਲਈ ਵਧੀਆ ਕਿਸਮ ਦੇ ਕਾਗਜ਼, ਸਿਆਹੀ ਅਤੇ ਆਧੁਨਿਕ ਤਕਨੀਕ ਦੀ ਵਰਤੋਂ ਤੋਂ ਇਲਾਵਾ ਜਿਲਦਬੰਦੀ ਵੀ ਮਜ਼ਬੂਤ ਅਤੇ ਸੁੰਦਰ ਕੀਤੀ ਜਾਂਦੀ ਹੈ।

ਦੂਰ-ਦੁਰੇਡੇ ਦੀਆਂ ਸੰਗਤਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਾਵਨ ਸਰੂਪ ਲੈ ਕੇ ਜਾਣ ਲਈ ਇਕ ਖਾਸ ਗੱਡੀ ਤਿਆਰ ਕਰਵਾਈ ਹੈ। ਚੰਦੋਏ ਲੱਗੀ ਇਸ ਗੱਡੀ ਵਿਚ ਸਤਿਕਾਰ ਨਾਲ ਪਾਵਨ ਸਰੂਪ ਰੱਖ ਕੇ ਦਿੱਲੀ, ਬੰਬਈ, ਕਲਕੱਤਾ, ਹਜ਼ੂਰ ਸਾਹਿਬ, ਪਟਨਾ ਸਾਹਿਬ, ਯੂ.ਪੀ. ਤੇ ਹੋਰ ਨੀਯਤ ਕੇਂਦਰਾਂ ਤੇ ਪਹੁੰਚਾਏ ਜਾਂਦੇ ਹਨ। ਗੱਡੀ ਦੇ ਨਾਲ ਪੰਜ ਪਿਆਰੇ ਭੇਜੇ ਜਾਂਦੇ ਹਨ। ਇਸ ਗੱਡੀ ਦਾ ਕੋਈ ਵਾਧੂ ਖਰਚਾ ਨਹੀਂ ਲਿਆ ਜਾਂਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੪੦੦-ਸਾਲਾ ਪਹਿਲੇ ਪ੍ਰਕਾਸ਼ ਦਿਵਸ ਦੇ ਸੰਦਰਭ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਵਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸੰਥਾ ਸੈਂਚੀਆਂ (ਪੰਜਾਬੀ-ਹਿੰਦੀ) ਗੁਟਕੇ ਤੇ ਸ਼ਬਦਾਰਥ ਆਦਿ ਦਾ ਸਾਰਾ ਕੰਮ ਕੰਪਿਊਟਰਾਈਜ਼ ਕਰਨ ਦਾ ਯਤਨ ਅਰੰਭਿਆ ਗਿਆ ਸੀ ਤੇ ਇਹ ਸਾਰਾ ਕਾਰਜ ਪ੍ਰਧਾਨ ਸਾਹਿਬ ਜਥੇਦਾਰ ਅਵਤਾਰ ਸਿੰਘ ਜੀ ਦੀ ਪ੍ਰੇਰਨਾ ਤੇ ਸੁਹਿਰਦ ਯਤਨਾਂ ਨਾਲ ਸੰਪੂਰਨ ਹੋਇਆ।

ਪਾਵਨ ਸਰੂਪਾਂ, ਸੰਥਾ ਸੈਂਚੀਆਂ, ਗੁਟਕਾ ਸਾਹਿਬ ਆਦਿ ਲਈ ਹੋਰ ਮਲਟੀ ਕਲਰ ਕੰਮਾਂ ਲਈ ਜਰਮਨ ਦੀ ਬਣੀ ਚਾਰ ਰੰਗਾਂ ਵਾਲੀ ਮਸ਼ੀਨ 'ਕੇ.ਬੀ.ਏ. ਰੈਪੀਡਾ-੧੦੫ ਯੂਨੀਵਰਸਲ' ਦੀ ਖਰੀਦ ਕੀਤੀ ਗਈ। ਇਸ ਮਸ਼ੀਨ ਦੀ ਕੀਮਤ ਤਕਰੀਬਨ ਸਾਢੇ ਚਾਰ ਕਰੋੜ ਰੁਪਏ ਦੇ ਕਰੀਬ ਹੈ। ਇਸ ਮਸ਼ੀਨ ਦੀ ਕਸਟਮ ਡਿਊਟੀ ਇੱਕ ਕਰੋੜ ਪੰਜਾਹ ਲੱਖ, ਜਥੇਦਾਰ ਅਵਤਾਰ ਸਿੰਘ ਜੀ ਦੇ ਉਚੇਚੇ ਯਤਨਾਂ ਤੇ ਸਹਿਯੋਗ ਨਾਲ ਭਾਰਤ ਸਰਕਾਰ ਪਾਸੋਂ ਮੁਆਫ ਕਰਵਾਈ ਗਈ ਹੈ। ਇਹ ਮਸ਼ੀਨ ਸਾਰੀ ਕੰਪਿਊਟਰਾਈਜ਼ਡ ਹੈ। ਇਸ ਮਸ਼ੀਨ ਲਈ ਖਾਸ ਏ.ਸੀ. ਯੂਨਿਟ ਹਾਲ ਤਿਆਰ ਕਰਵਾਇਆ ਗਿਆ ਹੈ। ਪ੍ਰੈੱਸ ਦੇ ਹੋਰ ਵੀ ਸਾਰੇ ਯੂਨਿਟਾਂ ਨੂੰ ਏ.ਸੀ. ਕਰ ਦਿੱਤਾ ਗਿਆ ਹੈ। ਇਸ ਮਸ਼ੀਨਰੀ ਦਾ ਉਦਘਾਟਨ ੧੨-੧੨-੨੦੦੯ ਨੂੰ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਕਰ-ਕਮਲਾਂ ਨਾਲ ਕੀਤਾ। ਇਸ ਮਸ਼ੀਨ ਦੀ ਅਰੰਭਤਾ ਨਾਲ ਪਾਵਨ ਸਰੂਪ, ਪੁਸਤਕਾਂ ਦੇ ਟਾਈਟਲ, ਇਸ਼ਤਿਹਾਰ, ਸਕੂਲਾਂ-ਕਾਲਜਾਂ ਦੇ ਪ੍ਰਾਸਪੈਕਟਸ ਤੇ ਮੈਗ਼ਜ਼ੀਨ ਆਦਿ ਰੰਗਦਾਰ ਛਪਣੇ ਸ਼ੁਰੂ ਹੋ ਗਏ ਹਨ। ਇਨ੍ਹਾਂ ਦੀ ਦਿੱਖ ਤੇ ਕੁਆਲਟੀ ਮਿਆਰੀ ਸਾਬਤ ਹੋ ਰਹੀ ਹੈ। ਇਸ ਸਮੇਂ ਦੋ-ਰੰਗਾਂ ਵਾਲੀ ਮਸ਼ੀਨ 'ਤੇ ਸੰਥਾ ਸੈਂਚੀਆਂ, ਗੁਟਕੇ ਸਾਹਿਬ ਆਦਿ ਛਪ ਰਹੇ ਹਨ ਤੇ ਇਕ-ਰੰਗ ਵਾਲੀਆਂ ਦੋ ਮਸ਼ੀਨਾਂ 'ਤੇ ਧਾਰਮਿਕ ਪੁਸਤਕਾਂ, ਗੁਰਮਤਿ ਪ੍ਰਕਾਸ਼, ਗੁਰਦੁਆਰਾ ਗਜ਼ਟ, ਗੁਰਮਤਿ ਗਿਆਨ (ਹਿੰਦੀ) ਆਦਿ ਛਪ ਰਹੇ ਹਨ।

ਇਸੇ ਤਰ੍ਹਾਂ ਅੰਬਾਲਾ ਭਵਨ ਸ਼ਾਹਬਾਦ ਵਿਖੇ ਲੱਗੀ ਮਸ਼ੀਨ ਹਰਿਆਣੇ ਦੇ ਗੁਰਦੁਆਰਾ ਸਾਹਿਬਾਨ ਲਈ ਛਪਾਈ ਦਾ ਕਾਰਜ ਕਰਦੀ ਹੈ ਅਤੇ ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਵਿਖੇ ਵੀ ਦੋ ਨਵੀਆਂ ਆਫਸੈੱਟ ਮਸ਼ੀਨਾਂ ੧੧×੧੬ ਤੇ ੧੨×੨੧ ਖਰੀਦ ਕੇ ਲਾਈਆਂ ਗਈਆਂ ਹਨ, ਇੱਥੇ ੫ ਟਰੇਡਰ ਮਸ਼ੀਨਾਂ ਵੀ ਚੱਲ ਰਹੀਆਂ ਹਨ। ਇਨ੍ਹਾਂ ਪ੍ਰੈੱਸਾਂ ਵਿਚ

ਸਕੂਟਰ, ਸਾਈਕਲ, ਕਾਰ ਪਾਰਕਿੰਗਾਂ ਦੀਆਂ ਪਰਚੀਆਂ, ਹਸਪਤਾਲਾਂ ਦੀ ਲੋੜ ਅਨੁਸਾਰ ਪ੍ਰਿੰਟ ਸਮੱਗਰੀ, ਲੈਟਰ ਪੈਡ, ਇਸ਼ਤਿਹਾਰ ਆਦਿ ਛਾਪੇ ਜਾਂਦੇ ਹਨ।

**ਹਿੰਦੀ ਤੇ ਅੰਗਰੇਜ਼ੀ 'ਚ ਵੀ ਪੁਸਤਕਾਂ ਦੀ ਛਪਾਈ**

ਸਿੱਖ ਧਰਮ ਦੇ ਇਤਿਹਾਸ ਅਤੇ ਇਸ ਦੇ ਨਾਲ ਸੰਬੰਧਿਤ ਹੋਰ ਜਾਣਕਾਰੀਆਂ ਨੂੰ ਸੌਖੇ ਢੰਗ ਨਾਲ ਦੱਸਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਦੀਆਂ ਪੁਸਤਕਾਂ 'ਚ ਸਮੇਂ ਅਨੁਸਾਰ ਤਬਦੀਲੀ (ਅਪਡੇਟ) ਕਰਨੀ ਸ਼ੁਰੂ ਕਰ ਦਿੱਤੀ ਹੈ। ਧਰਮ ਦੀਆਂ ਬਾਲ ਪੁਸਤਕਾਂ ਤੋਂ ਲੈ ਕੇ, ਟੀਕੇ ਅਤੇ ਗ੍ਰੰਥਾਂ ਤਕ ਸਿੱਖ ਇਤਿਹਾਸ ਦੀ ਪੜਚੋਲ ਅਤੇ ਨਵੀਂ ਖੋਜ ਦੇ ਨਤੀਜਿਆਂ ਲਈ ਵਿਦਵਾਨਾਂ ਦੇ ਪੈਨਲ ਬਣਾਏ ਜਾ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਪ੍ਰਕਾਸ਼ਨ ਦਾ ਇਹ ਕੰਮ ਸਿੱਖ ਇਤਿਹਾਸ ਦਾ ਵੱਡਾ ਪ੍ਰਾਜੈਕਟ ਹੈ। ਕਿਸੇ ਵੀ ਧਰਮ ਦੇ ਗ੍ਰੰਥ ਅਤੇ ਧਾਰਮਿਕ ਪੁਸਤਕਾਂ ਉਸ ਧਰਮ ਦੀ ਨਾ-ਸਿਰਫ ਸਾਰਥਿਕਤਾ ਨੂੰ ਤਰੋ-ਤਾਜ਼ਾ ਰੱਖਦੇ ਹਨ, ਸਗੋਂ ਧਰਮ ਦੀ ਹੋਂਦ ਦੀਆਂ ਜੜ੍ਹਾਂ ਨੂੰ ਹੋਰ ਮਜ਼ਬੂਤ ਅਤੇ ਡੂੰਘਾ ਕਰਦੀਆਂ ਹਨ। ਇਸੇ ਮਕਸਦ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਿਗਰਾਨੀ ਹੇਠ ਚੱਲ ਰਹੀ ਧਰਮ ਪ੍ਰਚਾਰ ਕਮੇਟੀ ਕੰਮ ਕਰ ਰਹੀ ਹੈ। ਸਿੱਖ ਵਿਦਵਾਨ ਮੰਨਦੇ ਹਨ ਕਿ ਜਿਸ ਤੇਜੀ ਨਾਲ ਸਮਾਂ ਬਦਲ ਰਿਹਾ ਹੈ ਅਤੇ ਧਰਮ ਦੇ ਖੇਤਰ 'ਚ ਵੀ ਨਵੀਆਂ ਖੋਜਾਂ ਹੋਈਆਂ ਹਨ, ਸਿੱਖ ਧਰਮ ਨੂੰ ਉਸ ਮੁਤਾਬਿਕ ਚੱਲਣਾ ਸਮੇਂ ਦੀ ਵੱਡੀ ਲੋੜ ਹੈ। ਇਸੇ ਤਹਿਤ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਧਰਮ ਦੇ ਇਤਿਹਾਸ ਅਤੇ ਧਾਰਮਿਕ ਪੁਸਤਕਾਂ ਦੀ ਛਪਾਈ ਕਰਨੀ ਸ਼ੁਰੂ ਕਰ ਦਿੱਤੀ ਹੈ। ਧਰਮ ਸਬੰਧੀ ਪੁਸਤਕਾਂ 'ਚ ਬੱਚਿਆਂ ਲਈ ੧੦ ਪੋਥੀਆਂ ਹਨ, ਜੋ ਹੁਣ ਤਕ ਲੇਖਨੁਮਾ ਵੇਰਵੇ ਨਾਲ ਹੀ ਸੰਬੰਧਿਤ ਸਨ, ਪਰ ਹੁਣ ਇਨ੍ਹਾਂ ਪੁਸਤਕਾਂ 'ਚ ਸਿੱਖ ਗੁਰੂ ਸਾਹਿਬਾਨ ਦੀਆਂ ਜੀਵਨੀਆਂ, ਕੁਰਬਾਨੀਆਂ ਅਤੇ ਯੋਧਿਆਂ ਦਾ ਜੀਵਨ ਇਤਿਹਾਸ ਰੰਗਦਾਰ ਤਸਵੀਰਾਂ ਨਾਲ ਪ੍ਰਕਾਸ਼ਿਤ ਕਰ ਦਿੱਤਾ ਗਿਆ ਹੈ। ਇਨ੍ਹਾਂ 'ਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਬਾਬਾ ਬੁੱਢਾ ਸਾਹਿਬ ਜੀ, ਭਾਈ ਕਨ੍ਹੱਈਆ ਜੀ, ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਵੇਰਵੇ ਤੋਂ ਇਲਾਵਾ 'ਅਰਦਾਸ' ਨਾਮਕ ਹਿੰਦੀ, ਪੰਜਾਬੀ ਤੇ ਅੰਗਰੇਜ਼ੀ ਦੀ ਪੁਸਤਕ 'ਚ ਦਸ ਗੁਰੂ ਸਾਹਿਬਾਨ ਦੇ ਚਿੱਤਰ, ਜੀਵਨ-ਵੇਰਵਾ ਅਤੇ ਉਨ੍ਹਾਂ ਦੇ ਜਨਮ ਅਸਥਾਨਾਂ ਦੇ ਨਾਂ ਅਤੇ ਚਿੱਤਰ ਵੀ ਹਨ। ਤਿੰਨ ਭਾਸ਼ਾਵਾਂ 'ਚ ਹੀ ਵੱਖ-ਵੱਖ ਪ੍ਰਕਾਸ਼ਿਤ 'ਸਚਿੱਤਰ ਸ਼ਹੀਦੀ ਪ੍ਰੰਪਰਾ' 'ਚ ਗੁਰੂ ਸਾਹਿਬਾਨ ਤੋਂ ਇਲਾਵਾ ਧਰਮ ਲਈ ਕੁਰਬਾਨੀਆਂ ਦੇਣ ਵਾਲੀਆਂ ਸ਼ਖ਼ਸੀਅਤਾਂ ਦਾ ਸਚਿੱਤਰ ਵੇਰਵਾ ਤੇ ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ ਦੀਆਂ ਸਾਖੀਆਂ ਹਨ। ਪੁਸਤਕ 'ਗੁਰਦੁਆਰੇ-ਗੁਰਧਾਮ', ਪੰਜਾਬੀ, ਹਿੰਦੀ, ਅੰਗੇਰਜ਼ੀ ਅਤੇ ਉਰਦੂ ਵਿਚ ਤਸਵੀਰਾਂ ਸਾਹਿਤ ਪ੍ਰਕਾਸ਼ਿਤ ਕੀਤੀ ਗਈ ਹੈ। ਇਸੇ ਲੇਖਕ ਦੀ ਦੂਜੀ ਪੁਸਤਕ 'ਪ੍ਰਮੁੱਖ ਸਿੱਖ ਸ਼ਖ਼ਸੀਅਤਾਂ' ਹੈ, ਜਿਸ ਵਿਚ ਬੇਬੇ ਨਾਨਕੀ ਜੀ ਤੋਂ ਲੈ ਕੇ ਭਗਤ ਪੂਰਨ ਸਿੰਘ ਜੀ ਤਕ ੬੬ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਕੀਤੀਆਂ ਗਈਆਂ ਹਨ। 'ਸੋ ਥਾਨ ਸੁਹਾਵਾ' ਪੁਸਤਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

ਕਮੇਟੀ ਦੇ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਦਾ ਸੰਖੇਪ ਇਤਿਹਾਸ ਰੰਗਦਾਰ ਤਸਵੀਰਾਂ ਸਹਿਤ ਪੇਸ਼ ਕਰਦੀ ਹੈ। ਇਸ ਤੋਂ ਇਲਾਵਾ ਇਨ੍ਹਾਂ ਪੁਸਤਕਾਂ ਵਿਚ ਛੋਟੇ ਅਕਾਰ ਦੇ ਪ੍ਰਸ਼ਨ-ਉੱਤਰ ਸ਼ਾਮਲ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ, ਤਾਂ ਜੋ ਸਿੱਖ ਇਤਿਹਾਸ, ਗੁਰੂ ਸਾਹਿਬਾਨ ਅਤੇ ਸਿੱਖ ਸ਼ਖ਼ਸੀਅਤਾਂ ਨੂੰ ਦਿਲਚਸਪ ਢੰਗ ਨਾਲ ਪੜ੍ਹਿਆ ਜਾ ਸਕੇ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਮਾਣਿਕ ਟੀਕਿਆਂ ਲਈ ਵੀ ਨਵਾਂ ਪ੍ਰਕਾਸ਼ਨ ਸ਼ੁਰੂ ਕੀਤਾ ਜਾ ਰਿਹਾ ਹੈ। ਹੁਣ ਤਕ ਪ੍ਰੋਫੈਸਰ ਸਾਹਿਬ ਸਿੰਘ, ਗਿਆਨੀ ਹਰਬੰਸ ਸਿੰਘ, ਫਰੀਦਕੋਟੀ ਟੀਕਾ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਿਤ ਹੋ ਰਿਹਾ ਡਾ. ਮਨਮੋਹਨ ਸਿੰਘ ਦਾ ਟੀਕਾ ਹੀ ਪ੍ਰਕਾਸ਼ਿਤ ਕੀਤਾ ਜਾਂਦਾ ਰਿਹਾ ਹੈ। ਇਕ ਟੀਕਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਦੀ ਨਿਗਰਾਨੀ ਹੇਠ ਤਿਆਰ ਹੋ ਰਿਹਾ ਹੈ। ਹੁਣ ਤਕ ਟੀਕਿਆਂ ’ਚ ਵਿਦਵਾਨਾਂ ਦੀਆਂ ਪਹਿਲਾਂ ਤੋਂ ਹੀ ਖੋਜ ਕੀਤੀਆਂ ਗੱਲਾਂ ਨੂੰ ਪ੍ਰਕਾਸ਼ਿਤ ਕੀਤਾ ਜਾਂਦਾ ਰਿਹਾ ਹੈ, ਪਰ ਹੁਣ ਨਵੀਆਂ ਖੋਜਾਂ ਅਤੇ ਪੜਚੋਲ ਲਈ ਵਿਦਵਾਨਾਂ ਦੇ ਦੋ ਪੈਨਲਾਂ ਦਾ ਗਠਨ ਕੀਤਾ ਜਾ ਰਿਹਾ ਹੈ, ਜਿਸ ’ਚ ਇਕ ਸਲਾਹਕਾਰ ਪੈਨਲ ਹੋਵੇਗਾ, ਜਿਸ ਦੇ ੮ ਮੈਂਬਰ ਹੋਣਗੇ, ਜਦਕਿ ਦੂਜੇ ਪੈਨਲ ’ਚ ਗੁਰਬਾਣੀ (ਵਿਆਕਰਣ), ਭਾਸ਼ਾ, ਫ਼ਿਲਾਸਫ਼ੀ ਨਾਲ ਸੰਬੰਧਿਤ ੪ ਮੁਲਾਜ਼ਮ ਵਿਦਵਾਨ ਲਏ ਜਾਣਗੇ, ਜੋ ਹੁਣ ਤਕ ਬਣੇ ਟੀਕਿਆਂ ਨੂੰ ਧਿਆਨ ਗੋਚਰਾ ਤਾਂ ਕਰਨਗੇ ਹੀ ਨਾਲ-ਨਾਲ ਨਵੀਆਂ ਖੋਜਾਂ ਤੋਂ ਇਲਾਵਾ ਇਨ੍ਹਾਂ ਦਾ ਅੰਗਰੇਜ਼ੀ ’ਚ ਤਰਜਮਾ ਵੀ ਹੋਵੇਗਾ। ਇਸ ਤੋਂ ਇਲਾਵਾ ‘ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ’ ਦੀ ਸੰਪਾਦਨਾ ਦਾ ਕੰਮ ਵੀ ਹੁਣ ਧਰਮ ਪ੍ਰਚਾਰ ਕਮੇਟੀ ਵੱਲੋਂ ਸ਼ੁਰੂ ਕੀਤਾ ਗਿਆ ਹੈ। ਲੇਖਕ ਭਾਈ ਸੰਤੋਖ ਸਿੰਘ ਵਾਲੇ ਇਸ ਗ੍ਰੰਥ ਦੇ ਸੰਪਾਦਨ ਲਈ ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਸੇਵਾ ਮੁਕਤ ਮੁਖੀ ਡਾ. ਕਿਰਪਾਲ ਸਿੰਘ ਅਤੇ ਤਿੰਨ ਹੋਰ ਵਿਦਵਾਨਾਂ ਦੀ ਮਦਦ ਨਾਲ ਚੱਲ ਰਹੇ ਇਸ ਗ੍ਰੰਥ ਦੇ ੫ ਭਾਗ ਤਿਆਰ ਹੋ ਚੁੱਕੇ ਹਨ। ‘ਪ੍ਰਾਚੀਨ ਪੰਥ ਪ੍ਰਕਾਸ਼’ ਦੇ ਵੀ ੩ ਭਾਗ ਤਿਆਰ ਹੋ ਚੁੱਕੇ ਹਨ। ਧਰਮ ਪੁਸਤਕ ਪ੍ਰਕਾਸ਼ਨ ਦੇ ਮਾਮਲੇ ’ਚ ਲੋਕਾਂ ਦੀ ਮੰਗ ਲਗਾਤਾਰ ਵਧ ਰਹੀ ਹੈ ‘ਗੁਰਮਤਿ ਪ੍ਰਕਾਸ਼’ ਦੇ ਬਹੁਕੀਮਤੀ ਲੇਖਾਂ ਦੇ ਸੰਪਾਦਨ ਉਪਰੰਤ ‘ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ’ ਪੁਸਤਕ ਛਪਾਈ ਅਧੀਨ ਹੈ ਜਿਸ ਵਿਚ ੧੧੩ ਲੇਖ ਸ਼ਾਮਲ ਹਨ। ‘ਗੁਰਮਤਿ ਪ੍ਰਕਾਸ਼’ ਦੇ ਪਿਛਲੇ ੫੦ ਸਾਲਾਂ ਦੇ ਲੇਖਾਂ ਨੂੰ ਦੁਬਾਰਾ ਸੰਪਾਦਨ ਕਰ ਕੇ ਪੁਸਤਕਾਂ ਦਾ ਰੂਪ ਦਿੱਤਾ ਜਾ ਰਿਹਾ ਹੈ। ਧਰਮ ਪ੍ਰਚਾਰ ਕਮੇਟੀ ਹੁਣ ਤਕ ੬੫ ਪੁਸਤਕਾਂ, ੨੨ ਸਚਿੱਤਰ ਪੁਸਤਕਾਂ, ੧੩ ਅੰਗਰੇਜ਼ੀ ਪ੍ਰਕਾਸ਼ਨ, ਪਾਵਨ ਸਰੂਪ ਅਤੇ ਗੁਰਬਾਣੀ ਪੋਥੀਆਂ, ਅੰਗਰੇਜ਼ੀ ਦੇ ਹੋਰ ੧੯ ਪ੍ਰਕਾਸ਼ਨ ਅਤੇ ਸਿੱਖ ਇਤਿਹਾਸ ਖੋਜ ਬੋਰਡ ਦੀਆਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੀਆਂ ੨੯ ਪ੍ਰਕਾਸ਼ਨਾਵਾਂ ਸ਼ਾਮਲ ਹਨ। ਹਰ ਮਹੀਨੇ ੧੦ ਹਜ਼ਾਰ ਤੋਂ ਵੱਧ ਟੀਕੇ, ੧੦ ਹਜ਼ਾਰ ਸ਼ਬਦਾਰਥ ਅਤੇ ੨੫ ਤੋਂ ੩੦ ਹਜ਼ਾਰ ਪੋਥੀਆਂ ਦੇ ਪ੍ਰਕਾਸ਼ਨ ਦਾ ਕੰਮ ਹੁੰਦਾ ਹੈ। ਧਰਮ ਪ੍ਰਚਾਰ ਕਮੇਟੀ ਦੇ ਮਾਸਿਕ ਪੱਤਰ ‘ਗੁਰਮਤਿ ਪ੍ਰਕਾਸ਼’ ਦੇ ਸੰਨ ੨੦੦੮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ’ਤੇ ਦਸ

ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤੇ ਗਏ ਹਨ। ਪ੍ਰਸਿੱਧ ਇਤਿਹਾਸਕਾਰ ਗਿ. ਸੋਹਣ ਸਿੰਘ ਸੀਤਲ, ਦੇ ਵਿਸ਼ੇਸ਼ ਅੰਕ ਤੋਂ ਬਾਅਦ ਪੁਸਤਕ ਪ੍ਰਕਾਸ਼ਿਤ ਕੀਤੀ ਗਈ ਹੈ। ਬਾਬਾ ਬੰਦਾ ਸਿੰਘ ਬਹਾਦਰ 'ਤੇ ਦੋ ਵਿਸ਼ੇਸ਼ ਅੰਕ ਕੱਢੇ ਗਏ ਹਨ। ਇਸੇ ਤਰ੍ਹਾਂ 'ਗੁਰਮਤਿ ਗਿਆਨ' ਹਿੰਦੀ ਦੇ 'ਸਿੱਖ ਸ੍ਰੋਤਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ' ਦੋ ਵਿਸ਼ੇਸ਼ ਅੰਕ ਅਤੇ ਇਵੇਂ ਹੀ ਬਾਕੀ ਸਿੱਖ ਸ੍ਰੋਤਾਂ ਦੇ ਆਧਾਰ 'ਤੇ ਨੌਂ ਪਾਤਸ਼ਾਹੀਆਂ 'ਤੇ ਅੰਕ ਪ੍ਰਕਾਸ਼ਿਤ ਹੋਏ ਹਨ। ਕਈ ਨਵੇਂ ਰੰਗਦਾਰ ਟ੍ਰੈਕਟ ਤੇ ਪੁਸਤਕਾਂ ਆਦਿ ਛਾਪੀਆਂ ਗਈਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਜਾ ਰਹੇ ਇਸ ਉੱਦਮ ਨੂੰ ਪੰਥਕ ਹਲਕਿਆਂ 'ਚ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਵਰਤਮਾਨ ਸਮੇਂ ਅਤੇ ਚੱਲ ਰਹੇ ਡੇਰਾਵਾਦ ਦੇ ਭਰਮਾਂ ਨੂੰ ਦੂਰ ਕਰਨ ਲਈ ਹੇਠਲੇ ਪੱਧਰ 'ਤੇ ਹੀ ਇਹ ਉੱਦਮ ਬੇਹੱਦ ਪ੍ਰਭਾਵਸ਼ਾਲੀ ਹੋਵੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੋਲਡਨ ਆਫਸੈੱਟ ਪ੍ਰੈੱਸ ਵਿਖੇ ਛਪਿਆ ਗੁਰਮਤਿ ਲਿਟਰੇਚਰ ਬਜ਼ਾਰ ਨਾਲੋਂ ਹਰ ਪੱਖ ਤੋਂ ਬੇਹਤਰ ਤਾਂ ਹੁੰਦਾ ਹੀ ਹੈ, ਇਸ ਦੀ ਸੁਧਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਦੂਰ-ਦੁਰੇਡੇ ਦੀਆਂ ਸੰਗਤਾਂ ਦੀ ਖ਼ਾਹਸ਼ ਵੀ ਇਹੀ ਹੁੰਦੀ ਹੈ ਕਿ ਗੁਰਮਤਿ ਲਿਟਰੇਚਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤਾ ਹੋਇਆ ਹੀ ਲਿਆ ਜਾਵੇ। ■

***ਜਥੇਦਾਰ ਬੀਰ ਸਿੰਘ ਜੀ ਪੁਆਦੜਾ*** *(ਸਫ਼ਾ ੬੨ ਦਾ ਬਾਕੀ ਹਿੱਸਾ)*

ਸਿੰਘ ਦਾ ਅਨੰਦ ਕਾਰਜ ਮੀਓਵਾਲ ਪਿੰਡ ਵਿਚ ਬੀਬੀ ਗੁਰਮੇਜ ਕੌਰ ਨਾਲ ਹੋਇਆ। ਇਨ੍ਹਾਂ ਦੇ ਘਰ ਤਿੰਨ ਪੁੱਤਰ— ਸ. ਬਲਹਾਰ ਸਿੰਘ, ਸ. ਸੁਖਦੇਵ ਸਿੰਘ ਅਤੇ ਸ. ਬਹਾਦਰ ਸਿੰਘ ਅਤੇ ਦੋ ਪੁੱਤਰੀਆਂ— ਬੀਬੀ ਕਸ਼ਮੀਰ ਕੌਰ ਅਤੇ ਬੀਬੀ ਸੁਖਬੀਰ ਕੌਰ ਦਾ ਜਨਮ ਹੋਇਆ। ਬੀਬੀ ਕਸ਼ਮੀਰ ਕੌਰ ਦਾ ਅਨੰਦ ਕਾਰਜ ਧਲੇਟਾ ਪਿੰਡ ਅਤੇ ਬੀਬੀ ਸੁਖਬੀਰ ਕੌਰ ਦਾ ਅਨੰਦ ਕਾਰਜ ਚੱਕ ਅਪਰਾ ਪਿੰਡ ਵਿਚ ਹੋਇਆ। ਸ. ਬਲਹਾਰ ਸਿੰਘ ਦਾ ਅਨੰਦ ਕਾਰਜ ਬਹੋਦੀਪੁਰ ਪਿੰਡ ਦੀ ਬੀਬੀ ਹਰਜਿੰਦਰ ਕੌਰ ਨਾਲ ਹੋਇਆ। ਸ. ਬਹਾਦਰ ਸਿੰਘ ਮਸਕਟ ਚਲੇ ਗਏ ਜਿੱਥੇ ਉਹ ਅਕਾਲ ਚਲਾਣਾ ਕਰ ਗਏ। ਸ. ਬਹਾਦਰ ਸਿੰਘ ਦਾ ਅਨੰਦ ਕਾਰਜ ਯੂ.ਪੀ. ਨਿਵਾਸੀ ਬੀਬੀ ਰਜਵਿੰਦਰ ਕੌਰ ਨਾਲ ਹੋਇਆ। ਇਨ੍ਹਾਂ ਦੇ ਘਰ ਪੁੱਤਰੀ ਬੀਬੀ ਜਸਕਮਲ ਕੌਰ ਅਤੇ ਪੁੱਤਰ ਕਾਕਾ ਪ੍ਰਭਜੀਤ ਸਿੰਘ ਨੇ ਜਨਮ ਲਿਆ। ਇਹ ਪਿੰਡ ਪੁਆਦੜਾ ਵਿਚ ਰਹਿ ਰਹੇ ਹਨ।

ਜਥੇਦਾਰ ਬੀਰ ਸਿੰਘ ਜੀ ਦੇ ਪੰਜਵੇਂ ਪੁੱਤਰ ਸ. ਭਗਤ ਸਿੰਘ ਨੇ ਅਨੰਦ ਕਾਰਜ ਨਹੀਂ ਸੀ ਕਰਵਾਇਆ।

੧ ਅਕਤੂਬਰ ੨੦੧੧ ਈ: ਨੂੰ ਜਥੇਦਾਰ ਬੀਰ ਸਿੰਘ ਜੀ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ, ਸ੍ਰੀ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਕੀਤੀ ਗਈ।

■

*ਇਤਿਹਾਸਿਕ ਗੁਰ-ਅਸਥਾਨ:੧੭*

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨਾਲ ਸੰਬੰਧਿਤ ਇਤਿਹਾਸਿਕ ਅਸਥਾਨ

*-ਮਨਮੋਹਨ ਕੌਰ*

ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਜਨਮ ਛੇਵੇਂ ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਦੇ ਘਰ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਸੰਮਤ ੧੬੮੬ ਬਿਕ੍ਰਮੀ ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਆਪ ਜੀ ਨੇ ਧਾਰਮਿਕ ਅਤੇ ਜੰਗੀ ਸਿੱਖਿਆ ਆਪਣੇ ਦਾਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਪ੍ਰਾਪਤ ਕੀਤੀ। ਆਪ ਜੀ ਬਹੁਤ ਹੀ ਕੋਮਲ ਸੁਭਾਅ ਦੇ ਮਾਲਕ ਸਨ। ਆਪ ਜੀ ਦਾ ਵਿਆਹ ਜ਼ਿਲ੍ਹਾ ਬੁਲੰਦ ਸ਼ਹਿਰ (ਉੱਤਰ ਪ੍ਰਦੇਸ਼) ਦੇ ਅਨੂਪ ਸ਼ਹਿਰ ਦੇ ਨਿਵਾਸੀ ਭਾਈ ਦਯਾ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਨਾਲ ਹੋਇਆ। ਆਪ ਜੀ ਦੇ ਘਰ ਦੋ ਪੁੱਤਰ ਬਾਬਾ ਰਾਮਰਾਇ ਤੇ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਪੈਦਾ ਹੋਏ। ਆਪ ਜੀ ਦੇ ਦਾਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਜੀਵਨ-ਕਾਲ ਦੌਰਾਨ ਹੀ ਆਪ ਜੀ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕਰ ਦਿੱਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ-ਜੋਤ ਸਮਾ ਜਾਣ ਉਪਰੰਤ ਬਾਬਾ ਬੁੱਢਾ ਜੀ ਦੇ ਸਪੁੱਤਰ ਬਾਬਾ ਭਾਨਾ ਜੀ ਨੇ ਆਪ ਜੀ ਨੂੰ ਗੁਰਿਆਈ ਦੇਣ ਦੀ ਰਸਮ ਨਿਭਾਈ। ਗੁਰਿਆਈ ਮਿਲਣ ਸਮੇਂ ਆਪ ਜੀ ਦੀ ਉਮਰ ਤਕਰੀਬਨ ੧੪ ਕੁ ਸਾਲ ਸੀ। ਆਪ ਜੀ ਨੇ ਲੋਕਾਂ ਨੂੰ ਸਰੀਰਿਕ ਬਿਮਾਰੀਆਂ ਤੋਂ ਅਰਾਮ ਦਿਵਾਉਣ ਲਈ ਇਕ ਵੱਡਾ ਦਵਾਖ਼ਾਨਾ ਖੋਲ੍ਹਿਆ, ਜਿਸ ਵਿਚ ਬਹੁਤ ਕੀਮਤੀ ਅਤੇ ਦੁਰਲੱਭ ਜੜ੍ਹੀਆਂ ਬੂਟੀਆਂ ਤੋਂ ਬਣੀਆਂ ਦਵਾਈਆਂ ਹਰ ਸਮੇਂ ਮੌਜੂਦ ਰਹਿੰਦੀਆਂ ਸਨ। ਇੱਥੋਂ ਤਕ ਕਿ ਦਿੱਲੀ ਦੇ ਬਾਦਸ਼ਾਹ ਸ਼ਾਹ ਜਹਾਨ ਦੇ ਵੱਡੇ ਪੁੱਤਰ ਦਾਰਾ ਸ਼ਿਕੋਹ ਦੀ ਇਕ ਲਾਇਲਾਜ ਬਿਮਾਰੀ ਦਾ ਇਲਾਜ ਵੀ ਆਪ ਜੀ ਦੇ ਦਵਾਖ਼ਾਨੇ ਦੀ ਦਵਾਈ ਖਾਣ ਉਪਰੰਤ ਹੋਇਆ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਹੀ ਲੰਗਰ ਵਿਚ ਲੰਗਰ ਵਰਤਾਉਣ ਤੋਂ ਪਹਿਲਾਂ ਨਗਾਰਾ ਵਜਾਉਣ ਦੀ ਰੀਤ ਚਲਾਈ, ਤਾਂ ਜੋ ਨਗਾਰੇ ਦੀ ਅਵਾਜ਼ ਸੁਣ ਕੇ ਦੂਰ-ਦੁਰਾਡੇ ਤੋਂ ਵੀ ਜ਼ਰੂਰਤਮੰਦ ਲੰਗਰ ਛਕਣ ਲਈ ਆ ਸਕਣ। ਆਪ ਨੇ ਸਿੱਖੀ ਦੇ ਪ੍ਰਚਾਰ ਦਾ ਪ੍ਰਸਾਰ ਕਰਨ ਲਈ ਭਾਈ ਗੋਂਡਾ ਜੀ ਨੂੰ ਕਾਬਲ, ਭਾਈ ਨੱਥਾ ਜੀ ਨੂੰ ਢਾਕਾ ਅਤੇ ਭਾਈ ਜੋਧ ਜੀ ਨੂੰ ਮੁਲਤਾਨ ਵੱਲ ਲਈ ਭੇਜਿਆ। ਇਸ ਤੋਂ ਇਲਾਵਾ ਆਪ ਜੀ ਨੇ ਬਾਗੜੀਆਂ ਅਤੇ ਕੈਥਲ ਦੇ ਰਈਸਾਂ ਦੇ ਪੂਰਵਜਾਂ ਨੂੰ ਮਾਲਵੇ ਵਿਚ ਧਰਮ ਪ੍ਰਚਾਰ ਲਈ ਨਿਯੁਕਤ ਕੀਤਾ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪ ਖੁਦ

** # ੮੩੬੩, ਗਲੀ ਨੰ: ੨, ਗੁਰੂ ਰਾਮਦਾਸ ਨਗਰ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ।*

ਕਸ਼ਮੀਰ, ਜੰਮੂ, ਅਖਨੂਰ, ਸਿਆਲਕੋਟ, ਗੋਇੰਦਵਾਲ ਸਾਹਿਬ ਅਤੇ ਹੋਰ ਅਨੇਕਾਂ ਥਾਵਾਂ 'ਤੇ ਜਾ ਕੇ ਸਿੱਖੀ ਦੇ ਪ੍ਰਚਾਰ ਕੇਂਦਰ ਸਥਾਪਿਤ ਕੀਤੇ। ਭਾਈ ਬਹਿਲੋ, ਭਾਈ ਭੂੰਦੜ, ਭਾਈ ਪੰਜਾਬ, ਭਾਈ ਭਗਤੂ ਆਦਿ ਪ੍ਰਮੁੱਖ ਸਿੱਖਾਂ ਨੂੰ ਮਸੰਦ ਥਾਪ ਕੇ ਧਰਮ ਪ੍ਰਚਾਰ ਦੀ ਗਤੀ ਨੂੰ ਤੇਜ ਕੀਤਾ। ਆਪ ਜੀ ਨੇ ਗੁਰਬਾਣੀ ਦੀ ਤੁਕ ਬਦਲਣ ਦੀ ਸਜ਼ਾ ਵਜੋਂ ਆਪਣੇ ਪੁੱਤਰ ਰਾਮ ਰਾਇ ਨੂੰ ਸਦਾ ਲਈ ਤਿਆਗ ਦਿੱਤਾ। ਆਪ ੭ ਕੱਤਕ ੧੭੧੮ ਬਿਕ੍ਰਮੀ ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ। ਆਪ ਜੀ ਆਪਣੇ ਜੀਵਨ-ਕਾਲ ਦੌਰਾਨ ਜਿਸ-ਜਿਸ ਅਸਥਾਨ 'ਤੇ ਗਏ, ਸੰਗਤਾਂ ਨੇ ਆਪ ਜੀ ਦੀ ਯਾਦ ਨੂੰ ਸਦੀਵੀ ਬਣਾਈ ਰੱਖਣ ਲਈ ਉੱਥੇ-ਉੱਥੇ ਯਾਦਗਰੀ ਅਸਥਾਨਾਂ ਦੀ ਸਥਾਪਨਾ ਕਰ ਦਿੱਤੀ। ਆਓ ਉਨ੍ਹਾਂ ਅਸਥਾਨਾਂ ਬਾਰੇ ਜਾਣੀਏ:

## ਜ਼ਿਲ੍ਹਾ ਜਲੰਧਰ

**੧. ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਸਤਵੀਂ, ਕਰਤਾਰਪੁਰ ਸਾਹਿਬ:** ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਸਤਵੀਂ ਜ਼ਿਲ੍ਹਾ ਜਲੰਧਰ ਦੇ ਨਗਰ ਕਰਤਾਰਪੁਰ ਸਾਹਿਬ ਵਿਚ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਸ੍ਰੋਤ ਦੱਸਦੇ ਹਨ ਕਿ ਗੁਰੂ ਸਾਹਿਬ ਕੀਰਤਪੁਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਜਾਣ ਸਮੇਂ ਇੱਥੇ ਠਹਿਰੇ ਸਨ। ਇੱਥੇ ਟਾਹਲੀ ਦੇ ਦਰੱਖਤ ਨਾਲ ਗੁਰੂ ਸਾਹਿਬ ਨੇ ਆਪਣਾ ਘੋੜਾ ਬੰਨ੍ਹਿਆ ਸੀ, ਜਿਸ ਕਾਰਨ ਗੁਰਦੁਆਰਾ ਸਾਹਿਬ ਦਾ ਨਾਂ ਟਾਹਲੀ ਸਾਹਿਬ ਪ੍ਰਸਿੱਧ ਹੋ ਗਿਆ।

**੨. ਗੁਰਦੁਆਰਾ ਮੰਜੀ ਸਾਹਿਬ, ਕਰਤਾਰਪੁਰ ਸਾਹਿਬ:** ਕਰਤਾਰਪੁਰ ਸਾਹਿਬ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਜੋਂ ਗੁਰਦੁਆਰਾ ਮੰਜੀ ਸਾਹਿਬ ਸੁਸ਼ੋਭਿਤ ਹੈ। ਗੁਰੂ-ਘਰ ਦੇ ਅਨਿੰਨ ਸਿੱਖ ਭਾਈ ਭਗਤੂ ਜੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਸ਼ਨਾਂ ਲਈ ਕਰਤਾਰਪੁਰ ਸਾਹਿਬ ਆਉਂਦੇ ਸਮੇਂ ਰਸਤੇ ਵਿਚ ਹੀ ਕੁਝ ਸਮਾਂ ਬਿਮਾਰ ਰਹਿ ਕੇ ਅਕਾਲ ਪੁਰਖ ਨੂੰ ਪਿਆਰੇ ਹੋ ਗਏ ਤਾਂ ਇਸ ਅਸਥਾਨ 'ਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਸੇਵਕ ਭਾਈ ਭਗਤੂ ਜੀ ਦਾ ਆਪਣੇ ਹੱਥੀਂ ਅੰਤਮ ਸਸਕਾਰ ਕੀਤਾ ਸੀ।

**੩. ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ, ਦੁਸਾਂਝ ਕਲਾਂ :** ਮਹਾਨ ਕੋਸ਼ ਅਨੁਸਾਰ ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ ਪਾਤਸ਼ਾਹੀ ਸਤਵੀਂ ਜਲੰਧਰ ਦੇ ਪਿੰਡ ਦੁਸਾਂਝ ਕਲਾਂ ਵਿਖੇ ਗੁਰੂ ਸਾਹਿਬ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਕਰਤਾਰਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਜਾਂਦੇ ਸਮੇਂ ਵਿਸ਼ਰਾਮ ਕਰਨ ਲਈ ਇੱਥੇ ਬਿਰਾਜੇ ਸਨ।

**੪. ਗੁਰਦੁਆਰਾ ਮੰਜੀ ਸਾਹਿਬ, ਨੂਰਮਹਿਲ :** ਗੁਰਦੁਆਰਾ ਮੰਜੀ ਸਾਹਿਬ, ਜ਼ਿਲ੍ਹਾ ਜਲੰਧਰ ਦੇ ਇਕ ਪਿੰਡ ਨੂਰਮਹਿਲ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ

ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਮਹਾਨ ਕੋਸ਼ ਅਨੁਸਾਰ ਗੁਰੂ ਸਾਹਿਬ ਆਪਣੇ ਇਕ ਸਿੱਖ ਭਾਈ ਫਤੇ ਸ਼ਾਹ ਦੀ ਪ੍ਰੇਮ ਮਈ ਬੇਨਤੀ ਉਪਰੰਤ ਇੱਥੇ ਠਹਿਰੇ ਸਨ।

**੫. ਗੁਰਦੁਆਰਾ ਗੁਰੂ ਹਰਿਰਾਇ ਸਾਹਿਬ ਪਾਤਸ਼ਾਹੀ ਸਤਵੀਂ, ਪੁਆਦੜਾ:** ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਫਿਲੌਰ ਦੇ ਇਕ ਪਿੰਡ ਪੁਆਦੜਾ ਵਿਖੇ ਗੁਰਦੁਆਰਾ ਗੁਰੂ ਹਰਿਰਾਇ ਸਾਹਿਬ ਪਾਤਸ਼ਾਹੀ ਸਤਵੀਂ ਸੁਸ਼ੋਭਿਤ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਨੂਰਮਹਿਲ ਤੋਂ ਚੱਲ ਕੇ ਇੱਥੇ ਬਿਰਾਜੇ ਸਨ।

**੬. ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ, ਫ਼ਰਾਲਾ :** ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ ਜ਼ਿਲ੍ਹਾ ਜਲੰਧਰ ਦੇ ਪਿੰਡ ਫ਼ਰਾਲਾ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਕਰਤਾਰਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਜਾਂਦੇ ਸਮੇਂ ਇੱਥੇ ਠਹਿਰੇ ਸਨ।

**੭. ਗੁਰਦੁਆਰਾ ਸਾਹਿਬ ਪਾਤਸ਼ਾਹੀ ਸਤਵੀਂ ਬਾਠ:** ਮਹਾਨ ਕੋਸ਼ ਅਨੁਸਾਰ ਫਿਲੌਰ ਦੇ ਪਿੰਡ ਬਾਠ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

## ਜ਼ਿਲ੍ਹਾ ਕਪੂਰਥਲਾ

**੮. ਗੁਰਦੁਆਰਾ ਪਲਾਹ ਸਾਹਿਬ:** ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਫਗਵਾੜਾ ਦੇ ਨਜ਼ਦੀਕ ਪਿੰਡ ਪਲਾਹੀ ਵਿਖੇ ਗੁਰਦੁਆਰਾ ਪਲਾਹ ਸਾਹਿਬ ਸੁਸ਼ੋਭਿਤ ਹੈ। ਗੁਰੂ ਸਾਹਿਬ ਆਪਣੀ ਮਾਲਵਾ ਫੇਰੀ ਤੋਂ ਵਾਪਸ ਕਰਤਾਰਪੁਰ ਸਾਹਿਬ ਆਉਂਦੇ ਸਮੇਂ ਰਸਤੇ ਵਿਚ ਇੱਥੇ ਠਹਿਰੇ ਸਨ। ਇਸ ਨੂੰ ਗੁਰਦੁਆਰਾ ਗੁਰਪਲਾਹ ਵੀ ਕਿਹਾ ਜਾਂਦਾ ਹੈ।

**੯. ਗੁਰਦੁਆਰਾ ਗੁਰੂ ਹਰਿਰਾਇ ਸਾਹਿਬ, ਫਗਵਾੜਾ :** ਮਹਾਨ ਕੋਸ਼ ਅਨੁਸਾਰ ਗੁਰਦੁਆਰਾ ਗੁਰੂ ਹਰਿਰਾਇ ਸਾਹਿਬ ਸ਼ਹਿਰ ਫਗਵਾੜਾ ਦੇ ਬਾਂਸਾਂ ਵਾਲੇ ਬਜ਼ਾਰ ਵਿਚ ਸੁਸ਼ੋਭਿਤ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਕਰਤਾਰਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਵਾਪਸ ਆਉਂਦੇ ਸਮੇਂ ਆਪਣੇ ਸਿੱਖ ਭਾਈ ਸੰਤੂ ਲੁਹਾਰ ਦੀ ਪ੍ਰੇਮ ਮਈ ਬੇਨਤੀ ਉਪਰੰਤ ਇੱਥੇ ਠਹਿਰੇ ਸਨ।

**੧੦. ਗੁਰਦੁਆਰਾ ਸੁਖਚੈਨਆਣਾ ਸਾਹਿਬ, ਫਗਵਾੜਾ:**ਗੁਰਦੁਆਰਾ ਸੁਖਚੈਨਆਣਾ ਸਾਹਿਬ ਫਗਵਾੜਾ ਸ਼ਹਿਰ ਤੋਂ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸੁਸ਼ੋਭਿਤ ਹੈ। ਇਸ ਅਸਥਾਨ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਤੋਂ ਇਲਾਵਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਛੋਹ ਵੀ ਪ੍ਰਾਪਤ ਹੈ। ਮਹਾਨ ਕੋਸ਼ ਅਨੁਸਾਰ ਗੁਰਦੁਆਰਾ ਸਾਹਿਬ

ਦੇ ਨਾਂ ਨਾਲ ਰਿਆਸਤ ਕਪੂਰਥਲਾ ਵੱਲੋਂ ਜ਼ਮੀਨ ਲੱਗੀ ਹੋਈ ਹੈ।

**੧੧. ਗੁਰਦੁਆਰਾ ਝੰਡਾ ਸਾਹਿਬ :** ਮਹਾਨ ਕੋਸ਼ ਅਨੁਸਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਝੰਡਾ ਸਾਹਿਬ ਫਗਵਾੜੇ ਦੇ ਇਕ ਪਿੰਡ ਚੱਕ ਪ੍ਰੇਮਾ ਵਿਖੇ ਸੁਸ਼ੋਭਿਤ ਹੈ। ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਕਰਤਾਰਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਜਾਂਦੇ ਸਮੇਂ ਇੱਥੇ ਵਿਸ਼ਰਾਮ ਲਈ ਰੁਕੇ ਸਨ।

**੧੨. ਗੁਰਦੁਆਰਾ ਸਾਹਿਬ ਚੌਂਤੇ ਜੀ :** ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਫਗਵਾੜੇ ਦੇ ਇਕ ਪਿੰਡ ਬੰਬੇਲੀ ਵਿਖੇ ਗੁਰਦੁਆਰਾ ਸਾਹਿਬ ਚੌਂਤੇ ਜੀ ਸੁਸ਼ੋਭਿਤ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਭੁੰਗਰਨੀ ਤੋਂ ਚੱਲ ਕੇ ਇੱਥੇ ਬਿਰਾਜੇ ਸਨ।

## ਜ਼ਿਲ੍ਹਾ ਨਵਾਂ ਸ਼ਹਿਰ

**੧੩. ਗੁਰਦੁਆਰਾ ਨਾਨਕਸਰ ਸਾਹਿਬ, ਹਕੀਮਪੁਰ :** ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਨੂੰ ਦਰਸਾਉਂਦਾ ਗੁਰਦੁਆਰਾ ਨਾਨਕਸਰ ਸਾਹਿਬ ਨਵਾਂ ਸ਼ਹਿਰ ਦੇ ਪਿੰਡ ਹਕੀਮਪੁਰ ਵਿਚ ਸੁਸ਼ੋਭਿਤ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਕਰਤਾਰਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਜਾਂਦੇ ਸਮੇਂ ਇੱਥੇ ਰੁਕੇ ਸਨ। ਇਸ ਅਸਥਾਨ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਵੀ ਪਵਿੱਤਰ ਛੋਹ ਪ੍ਰਾਪਤ ਹੈ। ਗੁਰਦੁਆਰਾ ਸਾਹਿਬ ਦੀ ਸੁੰਦਰ ਅਤੇ ਵਿਸ਼ਾਲ ਇਮਾਰਤ ਦਾ ਨਿਰਮਾਣ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਨੇ ਕਰਵਾਇਆ ਹੈ ਅਤੇ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਵੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ ਹੀ ਕਰਦੇ ਹਨ।

**੧੪. ਗੁਰਦੁਆਰਾ ਡੰਡਾ ਸਾਹਿਬ ਪਾਤਸ਼ਾਹੀ ਸਤਵੀਂ:** ਗੁਰਦੁਆਰਾ ਡੰਡਾ ਸਾਹਿਬ ਪਾਤਸ਼ਾਹੀ ਸਤਵੀਂ ਨਵਾਂ ਸ਼ਹਿਰ ਦੇ ਪਿੰਡ ਸਿੱਧਵਾਂ ਵਿਚ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਕਰਤਾਰਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਜਾਂਦੇ ਸਮੇਂ ਇੱਥੇ ਠਹਿਰੇ ਸਨ। ਗੁਰੂ ਜੀ ਦੀ ਪਵਿੱਤਰ ਛੋਹ ਪ੍ਰਾਪਤ ਦਰੱਖਤ ਅੱਜ ਵੀ ਇੱਥੇ ਮੌਜੂਦ ਹੈ।

**੧੫. ਗੁਰਦੁਆਰਾ ਸਾਹਿਬ ਮੁਕੰਦਪੁਰ:** ਮਾਲਵਾ ਸਿੱਖ ਇਤਿਹਾਸ ਅਨੁਸਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਕੀਰਤਪੁਰ ਸਾਹਿਬ ਜਾਂਦੇ ਹੋਏ ਰਸਤੇ ਵਿਚ ਸੰਗਤਾਂ ਨੂੰ ਗੁਰ-ਉਪਦੇਸ ਦੇਣ ਲਈ ਮੁਕੰਦਪੁਰ ਬਿਰਾਜੇ ਸਨ। ਇੱਥੇ ਆਪ ਜੀ ਦੀ ਆਮਦ ਦੀ ਪਵਿੱਤਰ ਯਾਦਗਾਰ ਸੁਸ਼ੋਭਿਤ ਹੈ।

## ਜ਼ਿਲ੍ਹਾ ਰੂਪ ਨਗਰ

**੧੬. ਗੁਰਦੁਆਰਾ ਸਾਹਿਬ ਸ਼ੀਸ਼ ਮਹੱਲ, ਕੀਰਤਪੁਰ ਸਾਹਿਬ:** ਗੁਰਦੁਆਰਾ ਸਾਹਿਬ ਸ਼ੀਸ਼ ਮਹੱਲ ਰੂਪ ਨਗਰ ਦੇ ਨਗਰ ਕੀਰਤਪੁਰ ਸਾਹਿਬ ਵਿਖੇ ਸੁਸ਼ੋਭਿਤ ਹੈ।

ਇਸ ਅਸਥਾਨ 'ਤੇ ਪਿਤਾ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਜਨਮ ਹੋਇਆ ਸੀ। ਇਸ ਅਸਥਾਨ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਪਵਿੱਤਰ ਛੋਹ ਵੀ ਪ੍ਰਾਪਤ ਹੈ।

**੧੭. ਗੁਰਦੁਆਰਾ ਤਖ਼ਤ ਕੋਟ ਸਾਹਿਬ ਕੀਰਤਪੁਰ ਸਾਹਿਬ:** ਗੁਰਦੁਆਰਾ ਸਾਹਿਬ ਤਖ਼ਤ ਕੋਟ ਕੀਰਤਪੁਰ ਸਾਹਿਬ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਦੀ ਪਵਿੱਤਰ ਯਾਦ ਵਿਚ ਸੁਸ਼ੋਭਿਤ ਹੈ। ਇਤਿਹਾਸਿਕ ਸ੍ਰੋਤ ਦੱਸਦੇ ਹਨ ਕਿ ਸ੍ਰੀ ਗੁਰੂ ਹਰਿ ਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਗੱਦੀਨਸ਼ੀਨੀ ਇਸ ਅਸਥਾਨ 'ਤੇ ਹੋਈ ਸੀ।

**੧੮. ਗੁਰਦੁਆਰਾ ਹਰਿਮੰਦਰ ਸਾਹਿਬ ਕੀਰਤਪੁਰ ਸਾਹਿਬ:** ਗੁਰਦੁਆਰਾ ਹਰਿਮੰਦਰ ਸਾਹਿਬ ਉਹ ਪਵਿੱਤਰ ਅਸਥਾਨ ਹੈ ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇੱਕ ਨੌ ਲੱਖਾ ਬਾਗ ਲਗਵਾਇਆ ਸੀ। ਸ੍ਰੋਤਾਂ ਮੁਤਾਬਿਕ ਦਾਰਾ ਸ਼ਿਕੋਹ ਗੁਰੂ ਹਰਿਰਾਇ ਸਾਹਿਬ ਨੂੰ ਇਸੇ ਬਾਗ ਵਿਚ ਮਿਲਣ ਆਇਆ ਸੀ। ਗੁਰੂ ਸਾਹਿਬ ਨੇ ਉਸ ਨੂੰ ਇਕ ਹਰੜ ਦੇ ਕੇ ਉਸ ਨੂੰ ਲੰਬੀ ਬੀਮਾਰੀ ਤੋਂ ਛੁਟਕਾਰਾ ਦਿਵਾਇਆ ਸੀ।

**੧੯. ਗੁਰਦੁਆਰਾ ਦਮਦਮਾ ਸਾਹਿਬ, ਕੀਰਤਪੁਰ ਸਾਹਿਬ:** ਗੁਰਦੁਆਰਾ ਦਮਦਮਾ ਸਾਹਿਬ ਕੀਰਤਪੁਰ ਸਾਹਿਬ ਉਹ ਪਵਿੱਤਰ ਅਸਥਾਨ ਹੈ ਜਿੱਥੇ ਸੰਗਤਾਂ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਇਆ ਕਰਦੀਆਂ ਸਨ। ਗੁਰੂ ਸਾਹਿਬ ਇੱਥੇ ਰੋਜ਼ ਦੀਵਾਨ ਸਜਾਇਆ ਕਰਦੇ ਸਨ।

**੨੦. ਗੁਰਦੁਆਰਾ ਚੁਬੱਚਾ ਸਾਹਿਬ, ਕੀਰਤਪੁਰ ਸਾਹਿਬ:** ਗੁਰਦੁਆਰਾ ਚੁਬੱਚਾ ਸਾਹਿਬ ਕੀਰਤਪੁਰ ਸਾਹਿਬ ਵਿਖੇ ਗੁਰਦੁਆਰਾ ਦਮਦਮਾ ਸਾਹਿਬ ਦੇ ਨਜ਼ਦੀਕ ਹੀ ਸੁਸ਼ੋਭਿਤ ਹੈ। ਗੁਰੂ ਹਰਿਰਾਇ ਸਾਹਿਬ ਕੋਲ ਬਹੁਤ ਸਾਰੇ ਹਾਥੀ, ਘੋੜੇ ਆਦਿ ਸਨ। ਇੱਥੇ ਉਨ੍ਹਾਂ ਲਈ ਚੁਬੱਚਾ ਬਣਿਆ ਹੁੰਦਾ ਸੀ।

**੨੧. ਗੁਰਦੁਆਰਾ ਪਤਾਲਪੁਰੀ ਸਾਹਿਬ, ਕੀਰਤਪੁਰ ਸਾਹਿਬ:** ਗੁਰਦੁਆਰਾ ਪਤਾਲਪੁਰੀ ਸਾਹਿਬ, ਕੀਰਤਪੁਰ ਸਾਹਿਬ ਵਿਖੇ ਉਸ ਅਸਥਾਨ 'ਤੇ ਸੁਸ਼ੋਭਿਤ ਹੈ ਜਿੱਥੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਅੰਤਮ ਸਸਕਾਰ ਕੀਤਾ ਗਿਆ ਸੀ। ਇਤਿਹਾਸਿਕ ਸ੍ਰੋਤ ਦੱਸਦੇ ਹਨ ਕਿ ਇੱਥੇ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਉਨ੍ਹਾਂ ਦੇ ਬੇਟੇ ਅਣੀ ਰਾਏ ਜੀ ਦਾ ਵੀ ਅੰਤਮ ਸਸਕਾਰ ਕੀਤਾ ਗਿਆ ਸੀ ਅਤੇ ਇੱਥੇ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੋ ਦਿੱਲੀ ਵਿਚ ਜੋਤੀ ਜੋਤਿ ਸਮਾਏ ਸਨ, ਉਨ੍ਹਾਂ ਦੀਆਂ ਅਸਥੀਆਂ ਜਲ ਪ੍ਰਵਾਹ ਕੀਤੀਆਂ ਗਈਆਂ ਸਨ।

**੨੨. ਗੁਰਦੁਆਰਾ ਹਰਿਰਾਇ ਸਾਹਿਬ, ਚੰਦਪੁਰ :** ਮਹਾਨ ਕੋਸ਼ ਅਨੁਸਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਕੀਰਤਪੁਰ ਸਾਹਿਬ

ਦੇ ਨਜ਼ਦੀਕ ਹੀ ਪਿੰਡ ਚੰਦਪੁਰ ਵਿਖੇ ਗੁਰਦੁਆਰਾ ਸ੍ਰੀ ਹਰਿਰਾਇ ਸਾਹਿਬ ਸੁਸ਼ੋਭਿਤ ਹੈ ਜਿਸ ਨੂੰ ਗੁਰਦੁਆਰਾ ਨੀਰਾ ਸਾਹਿਬ ਵੀ ਆਖਿਆ ਜਾਂਦਾ ਹੈ।

**੨੩. ਗੁਰਦੁਆਰਾ ਸਾਹਿਬ ਪਾਤਸ਼ਾਹੀ ਸਤਵੀਂ, ਦੌਲੋਵਾਲ :** ਕੀਰਤਪੁਰ ਸਾਹਿਬ ਦੇ ਨਜ਼ਦੀਕ ਇਕ ਪਿੰਡ ਦੌਲੋਵਾਲ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਗੁਰਦੁਆਰਾ ਸਾਹਿਬ ਪਾਤਸ਼ਾਹੀ ਸਤਵੀਂ ਸੁਸ਼ੋਭਿਤ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਚੌਮਾਸੇ ਦੀ ਰੁੱਤ ਵਿਚ ਅਕਸਰ ਇੱਥੇ ਆਇਆ ਕਰਦੇ ਸਨ।

**੨੪. ਗੁਰਦੁਆਰਾ ਬਰੋਟਾ ਸਾਹਿਬ :** ਗੁਰਦੁਆਰਾ ਬਰੋਟਾ ਸਾਹਿਬ ਕੀਰਤਪੁਰ ਸਾਹਿਬ ਦੇ ਨਜ਼ਦੀਕ ਵੱਸੇ ਪਿੰਡ ਭਗੋਲਾ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਦੀ ਯਾਦ ਵਜੋਂ ਸੁਸ਼ੋਭਿਤ ਹੈ। ਇੱਥੇ ਗੁਰੂ ਸਾਹਿਬ ਦੀ ਪਵਿੱਤਰ ਛੋਹ ਪ੍ਰਾਪਤ ਬੋਹੜ ਦਾ ਦਰੱਖਤ ਅੱਜ ਵੀ ਮੌਜੂਦ ਹੈ।

**੨੫. ਗੁਰਦੁਆਰਾ ਚੁਬੱਚਾ ਸਾਹਿਬ :** ਗੁਰਦੁਆਰਾ ਚੁਬੱਚਾ ਸਾਹਿਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਯਾਦ ਵਿਚ ਰੋਪੜ-ਨੰਗਲ ਸੜਕ ਉੱਤੇ ਕੀਰਤਪੁਰ ਸਾਹਿਬ ਦੇ ਪਿੰਡ ਫਤਹਿਪੁਰ ਬੁੰਗਾ ਵਿਖੇ ਸੁਸ਼ੋਭਿਤ ਹੈ। ਇੱਥੇ ਗੁਰੂ ਸਾਹਿਬ ਦੇ ਘੋੜੇ ਰੱਖੇ ਜਾਂਦੇ ਸਨ।

**੨੬. ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਸਤਵੀਂ, ਫਤਹਿਪੁਰ ਸਿੰਘਾਂ:** ਪੰਜਾਬ ਦੇ ਜ਼ਿਲ੍ਹਾ ਰੂਪ ਨਗਰ ਦੇ ਇਲਾਕੇ ਫਤਹਿਪੁਰ ਸਿੰਘਾਂ ਵਿਚ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

**੨੭. ਗੁਰਦੁਆਰਾ ਦੇਗ ਸਾਹਿਬ, ਘੜੂੰਆਂ:** ਗੁਰਦੁਆਰਾ ਦੇਗ ਸਾਹਿਬ ਜ਼ਿਲ੍ਹਾ ਰੂਪ ਨਗਰ ਦੇ ਪਿੰਡ ਘੜੂੰਆ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਕੁਰੂਕਸ਼ੇਤਰ ਤੋਂ ਵਾਪਸ ਆਉਂਦੇ ਸਮੇਂ ਇੱਥੇ ਠਹਿਰੇ ਸਨ।

**੨੮. ਗੁਰਦੁਆਰਾ ਸਾਹਿਬ ਚਨੋਲੀ, ਕੀਰਤਪੁਰ ਸਾਹਿਬ :** ਜ਼ਿਲ੍ਹਾ ਰੂਪ ਨਗਰ ਦੇ ਬਲਾਕ ਨੂਰਪੁਰ ਬੇਦੀ ਦੇ ਪਿੰਡ ਚਨੋਲੀ ਨੂੰ 'ਚਰਨੌਲੀ' ਵੀ ਆਖਿਆ ਜਾਂਦਾ ਹੈ। ਇਸ ਪਿੰਡ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਤੋਂ ਇਲਾਵਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਵੀ ਚਰਨ ਛੋਹ ਪ੍ਰਾਪਤ ਹੈ। ਇੱਥੇ ਗੁਰੂ ਸਾਹਿਬਾਨ ਦੀ ਆਮਦ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

**੨੯. ਗੁਰਦੁਆਰਾ ਭੱਠਾ ਸਾਹਿਬ, ਕੋਟਲਾ ਨਿਹੰਗ ਖਾਂ :** ਦਰਿਆ ਸਤਲੁਜ ਦੇ ਕਿਨਾਰੇ ਸਥਿਤ ਜ਼ਿਲ੍ਹਾ ਰੂਪ ਨਗਰ ਦੇ ਕੋਟਲਾ ਨਿਹੰਗ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਇਲਾਵਾ ਸ੍ਰੀ ਗੁਰੂ ਹਰਿਰਾਇ ਸਾਹਿਬ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਪਵਿੱਤਰ ਛੋਹ ਪ੍ਰਾਪਤ

ਹੈ। ਇੱਥੇ ਗੁਰੂ ਸਾਹਿਬਾਨ ਦੀ ਯਾਦ ਵਿਚ ਗੁਰਦੁਆਰਾ ਭੱਠਾ ਸਾਹਿਬ ਸੁਸ਼ੋਭਿਤ ਹੈ।

## ਜ਼ਿਲ੍ਹਾ ਬਠਿੰਡਾ

**੩੦. ਗੁਰਦੁਆਰਾ ਸ੍ਰੀ ਹਰਿਰਾਇ ਸਾਹਿਬ ਪਾਤਸ਼ਾਹੀ ਸਤਵੀਂ, ਗਹਿਲ :** ਗੁਰਦੁਆਰਾ ਸ੍ਰੀ ਹਰਿਰਾਇ ਸਾਹਿਬ ਪਾਤਸ਼ਾਹੀ ਸਤਵੀਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਬਰਨਾਲਾ ਦੇ ਪਿੰਡ ਗਹਿਲ ਵਿਖੇ ਸੁਸ਼ੋਭਿਤ ਹੈ। ਮਹਾਨ ਕੋਸ਼ ਅਨੁਸਾਰ ਗੁਰੂ ਸਾਹਿਬ ਮਹਿਰਾਜ ਵੱਲ ਜਾਂਦੇ ਹੋਏ ਇਸ ਥਾਂ 'ਤੇ ਬਿਰਾਜੇ ਸਨ।

**੩੧. ਗੁਰਦੁਆਰਾ ਸਾਹਿਬ ਪਾਤਸ਼ਾਹੀ ਸਤਵੀਂ, ਭੋਖੜੀ:** ਬਠਿੰਡਾ ਦੇ ਪਿੰਡ ਹਰਿਰਾਇਪੁਰ ਉਰਫ ਭੋਖੜੀ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਸ੍ਰੋਤਾਂ ਅਨੁਸਾਰ ਇਸ ਅਸਥਾਨ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਛੋਹ ਵੀ ਪ੍ਰਾਪਤ ਹੈ।

**੩੨. ਗੁਰਦੁਆਰਾ ਸਾਹਿਬ ਭਾਈ ਰੂਪਾ :** ਜ਼ਿਲ੍ਹਾ ਬਠਿੰਡਾ ਦਾ ਪਿੰਡ ਭਾਈ ਰੂਪਾ ਜੋ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪਰਮ ਸੇਵਕ ਭਾਈ ਰੂਪਾ ਦੇ ਨਾਂ 'ਤੇ ਵਸਾਇਆ ਸੀ। ਇੱਥੇ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਭਾਈ ਰੂਪਾ ਸੁਸ਼ੋਭਿਤ ਹੈ। ਇੱਥੇ ਇਕ ਰੱਥ ਅੱਜ ਵੀ ਮੌਜੂਦ ਹੈ। ਇਤਿਹਾਸਿਕ ਸ੍ਰੋਤ ਦੱਸਦੇ ਹਨ ਕਿ ਇਹ ਰੱਥ ਸ੍ਰੀ ਗੁਰੂ ਹਰਿਰਾਇ ਸਾਹਿਬ ਤੋਂ ਇਲਾਵਾ ਸ੍ਰੀ ਗੁਰੂ ਅਰਜਨ ਸਾਹਿਬ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਵੀ ਇਸਤੇਮਾਲ ਕੀਤਾ ਸੀ। ਮਾਲਵਾ ਸਿੱਖ ਇਤਿਹਾਸ ਅਨੁਸਾਰ ਗੁਰੂ ਸਾਹਿਬ ਇੱਥੋਂ ਹੁੰਦੇ ਹੋਏ ਸੁੱਖਾ ਨੰਦ ਕਾਂਗੜ ਅਤੇ ਗਿੱਲ ਆਦਿ ਪਿੰਡਾਂ ਵਿੱਚੋਂ ਦੀ ਹੁੰਦੇ ਹੋਏ ਮਹਿਰਾਜ ਗਏ।

**੩੩. ਗੁਰਦੁਆਰਾ ਸਾਹਿਬ ਪਾਤਸ਼ਾਹੀ ਸਤਵੀਂ, ਮਹਿਰਾਜ:** ਮਾਲਵਾ ਸਿੱਖ ਇਤਿਹਾਸ ਅਨੁਸਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਆਪਣੀ ਇਕ ਪ੍ਰਚਾਰ ਫੇਰੀ ਦੌਰਾਨ ਮਹਿਰਾਜ ਪਹੁੰਚੇ। ਇੱਥੇ ਪਹੁੰਚ ਕੇ ਉਨ੍ਹਾਂ ਨੇ ਆਪਣੇ ਦਾਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਫੂਲ ਬੰਸ ਨੂੰ ਦਿੱਤੇ ਵਰਦਾਨ ਦੀ ਪੁਸ਼ਟੀ ਕਰਦਿਆਂ ਉਨ੍ਹਾਂ ਨੂੰ ਅਸ਼ੀਰਵਾਦ ਦਿੱਤਾ। ਇੱਥੇ ਮਹਿਰਾਜ ਵਿਖੇ ਗੁਰੂ ਸਾਹਿਬ ਦੀ ਪਵਿੱਤਰ ਆਮਦ ਦੀ ਯਾਦਗਾਰ ਵਜੋਂ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

## ਜ਼ਿਲ੍ਹਾ ਹੁਸ਼ਿਆਰਪੁਰ

**੩੪. ਗੁਰਦੁਆਰਾ ਜੰਡ ਸਾਹਿਬ ਗੁਰਦੁਆਰਾ, ਲਹਿਲੀ ਕਲਾਂ :** ਇਤਿਹਾਸਿਕ ਪਿੰਡ ਲਹਿਲੀ ਕਲਾਂ ਹੁਸ਼ਿਆਰਪੁਰ ਦਾ ਪਿੰਡ ਹੈ ਜੋ ਚੱਬੇਵਾਲ ਅਤੇ ਬਜਰੌਰ ਆਦਿ ਪਿੰਡਾਂ ਦੇ ਨਜ਼ਦੀਕ ਸਥਿਤ ਹੈ। ਇਸ ਪਿੰਡ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਜੰਡ ਸਾਹਿਬ ਸੁਸ਼ੋਭਿਤ ਹੈ। ਇੱਥੇ ਇਕ ਜੰਡ ਦੇ ਦਰੱਖਤ ਨਾਲ ਗੁਰੂ ਸਾਹਿਬ ਨੇ ਆਪਣਾ ਘੋੜਾ ਬੰਨ੍ਹਿਆ ਸੀ। ਗੁਰੂ ਸਾਹਿਬ

ਕੀਰਤਪੁਰ ਸਾਹਿਬ ਤੋਂ ਚੱਲ ਕੇ ਇੱਥੇ ਪਧਾਰੇ ਸਨ। ਇੱਥੇ ਹੀ ਦਾਰਾ ਸ਼ਿਕੋਹ ਨੇ ਆਪ ਜੀ ਨੂੰ ਘੋੜੇ ਭੇਟ ਕੀਤੇ ਸਨ।

**੩੫. ਗੁਰਦੁਆਰਾ ਹਰੀਆਂ ਵੇਲਾਂ, ਪਾਤਸ਼ਾਹੀ ਸਤਵੀਂ, ਬਜਰੌਰ:** ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪਿੰਡ ਚੱਗਰਾ, ਬੋਹਣ, ਚੱਬੇਵਾਲ ਅਤੇ ਬਜਰੌਰ ਦੇ ਵਿਚਕਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਹਰੀਆਂ ਵੇਲਾਂ ਸੁਸ਼ੋਭਿਤ ਹੈ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਇੱਥੋਂ ਦੀ ਧਰਤੀ ਨੂੰ ਹਰੀ ਭਰੀ ਰਹਿਣ ਦਾ ਬਚਨ ਕੀਤਾ ਸੀ।

**੩੬. ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ, ਭੁੰਗਰਾਨੀ:** ਇਤਿਹਾਸਿਕ ਗੁਰਦੁਆਰਾ ਗੁਰੂ ਹਰਿਰਾਇ ਸਾਹਿਬ ਪਾਤਸ਼ਾਹੀ ਸਤਵੀਂ, ਹੁਸ਼ਿਆਰਪੁਰ ਦੇ ਪਿੰਡ ਭੁੰਗਰਾਨੀ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ।

## ਜ਼ਿਲ੍ਹਾ ਮੋਗਾ

**੩੭. ਗੁਰਦੁਆਰਾ ਤੰਬੂ ਮਾਲ ਸਾਹਿਬ ਪਾਤਸ਼ਾਹੀ ਸਤਵੀਂ:** ਗੁਰਦੁਆਰਾ ਤੰਬੂ ਮਾਲ ਸਾਹਿਬ ਮੋਗੇ ਦੇ ਇਕ ਪਿੰਡ ਡਗਰੂ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਮਹਾਨ ਕੋਸ਼ ਅਨੁਸਾਰ ਇੱਥੇ ਵਣ ਦਾ ਉਹ ਦਰੱਖਤ ਅੱਜ ਵੀ ਮੌਜੂਦ ਹੈ ਜਿਸ ਹੇਠਾਂ ਗੁਰੂ ਸਾਹਿਬ ਦੀਵਾਨ ਸਜਾਇਆ ਕਰਦੇ ਸਨ।

**੩੮. ਗੁਰਦੁਆਰਾ ਨਾਨਕਸਰ ਤਖਤੂਪੁਰਾ:** ਪੰਜਾਬ ਦੇ ਜ਼ਿਲ੍ਹਾ ਮੋਗਾ ਦੀ ਤਹਿਸੀਲ ਨਿਹਾਲ ਸਿੰਘ ਵਾਲਾ ਦੇ ਪਿੰਡ ਤਖਤੂਪੁਰਾ ਵਿਚ ਚਾਰ ਗੁਰੂ ਸਾਹਿਬਾਨ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੁਬਾਰਕ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬਾਨ ਸੁਸ਼ੋਭਿਤ ਹੈ ਜਿਨ੍ਹਾਂ ਨੂੰ ਗੁਰੁਦਆਰਾ ਨਾਨਕਸਰ ਆਖਿਆ ਜਾਂਦਾ ਹੈ।

**੩੯. ਗੁਰਦੁਆਰਾ ਗੁਰੂਸਰ ਸਾਹਿਬ ਪੱਤੋ ਹੀਰਾ ਸਿੰਘ:** ਮੋਗਾ ਦੀ ਤਹਿਸੀਲ ਨਿਹਾਲ ਸਿੰਘ ਵਾਲਾ ਦੇ ਪਿੰਡ ਪੱਤੋ ਹੀਰਾ ਸਿੰਘ ਵਿਖੇ ਸ੍ਰੀ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਹਰਿਰਾਇ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਇਕ ਗੁਰਦੁਆਰਾ ਗੁਰੂਸਰ ਸਾਹਿਬ ਸੁਸ਼ੋਭਿਤ ਹੈ।

## ਜ਼ਿਲ੍ਹਾ ਮੋਹਾਲੀ

**੪੦. ਗੁਰਦੁਆਰਾ ਅੰਬ ਸਾਹਿਬ, ਪਾਤਸ਼ਾਹੀ ਸਤਵੀਂ:** ਗੁਰਦੁਆਰਾ ਅੰਬ ਸਾਹਿਬ ਪਾਤਸ਼ਾਹੀ ਸਤਵੀਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਚੰਡੀਗੜ੍ਹ ਦੇ ਮਨੀਮਾਜਰਾ ਦੇ ਨਜ਼ਦੀਕ ਪਿੰਡ ਲੰਬੇ ਵਿਚ ਸੁਸ਼ੋਭਿਤ ਹੈ। ਗੁਰੂ ਸਾਹਿਬ

ਦੀ ਪਵਿੱਤਰ ਛੋਹ ਪ੍ਰਾਪਤ ਅੰਬ ਦਾ ਦਰੱਖਤ ਇੱਥੇ ਅੱਜ ਵੀ ਮੌਜੂਦ ਹੈ।

## ਜ਼ਿਲ੍ਹਾ ਲੁਧਿਆਣਾ

**੪੧. ਗੁਰਦੁਆਰਾ ਸਾਹਿਬ ਪਾਤਸ਼ਾਹੀ ਸਤਵੀਂ, ਜਸਪਾਲ ਭਾਈਕੇ :** ਲੁਧਿਆਣਾ ਦੇ ਇਕ ਪਿੰਡ ਜਸਪਾਲ ਭਾਈਕੇ ਵਿਚ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਇੱਥੇ ਗੁਰੂ ਸਾਹਿਬ ਨੇ ਆਪਣੇ ਲਾਂਗਰੀ ਸਿੱਖ ਸਾਗਰ ਮੱਲ ਨੂੰ ਇੱਕ ਜੋੜੀ ਤਖਤਾ ਅਤੇ ਇੱਕ ਲੋਹ ਤਵੀ ਦੀ ਬਖ਼ਸ਼ਿਸ਼ ਵੀ ਕੀਤੀ ਸੀ। ਇਸ ਨਗਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਛੋਹ ਵੀ ਪ੍ਰਾਪਤ ਹੈ।

## ਜ਼ਿਲ੍ਹਾ ਫਿਰੋਜ਼ਪੁਰ

**੪੨. ਗੁਰਦੁਆਰਾ ਸਾਹਿਬ ਪਾਤਸ਼ਾਹੀ ਸਤਵੀਂ, ਡਰੋਲੀ :** ਮਾਲਵਾ ਸਿੱਖ ਇਤਿਹਾਸ ਅਨੁਸਾਰ ਜ਼ਿਲ੍ਹਾ ਫਿਰੋਜ਼ਪੁਰ ਦੇ ਨਗਰ ਡਰੋਲੀ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਇੱਥੇ ਦੋ ਮਹੀਨੇ ਠਹਿਰ ਕੇ ਸੰਗਤਾਂ ਦੀ ਸਹੂਲਤ ਲਈ ਖੂਹ ਲਗਵਾਇਆ।

## ਜ਼ਿਲ੍ਹਾ ਸੰਗਰੂਰ

**੪੩ ਗੁਰਦੁਆਰਾ ਸਾਹਿਬ ਮਹਿਲ:** ਮਾਲਵਾ ਸਿੱਖ ਇਤਿਹਾਸ ਅਨੁਸਾਰ ਜ਼ਿਲ੍ਹਾ ਸੰਗਰੂਰ ਦੇ ਸ਼ਹਿਰ ਬਰਨਾਲਾ ਤੋਂ ੨੫ ਕਿਲੋਮੀਟਰ ਦੂਰ ਇਕ ਨਗਰ ਭਦੌੜ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਯਾਦਗਾਰ ਸੁਸ਼ੋਭਿਤ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਇਸ ਨਗਰ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਪਵਿੱਤਰ ਛੋਹ ਵੀ ਪ੍ਰਾਪਤ ਹੈ।

## ਹਰਿਆਣਾ

**੪੪. ਗੁਰਦੁਆਰਾ ਸਾਹਿਬ ਪਾਤਸ਼ਾਹੀ ਤੀਸਰੀ ਅਤੇ ਸਤਵੀਂ, ਥਾਨੇਸਰ:** ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਕੁਰੂਕਸ਼ੇਤਰ ਦੇ ਪ੍ਰਸਿੱਧ ਨਗਰ ਥਾਨੇਸਰ ਦੇ ਮਹੱਲਾ 'ਖ਼ਾਕਰੋਬਾ' ਵਿਖੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਤੀਸਰੀ ਅਤੇ ਸਤਵੀਂ ਥਾਨੇਸਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸਥਿਤ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਇਸ ਅਸਥਾਨ ਨੂੰ ਤੀਸਰੀ ਪਾਤਸ਼ਾਹੀ ਦੀ ਪਵਿੱਤਰ ਛੋਹ ਵੀ ਪ੍ਰਾਪਤ ਹੈ।

**੪੫. ਗੁਰਦੁਆਰਾ ਮੰਜੀ ਸਾਹਿਬ, ਪਹੋਆ:** ਪਹੋਆ ਹਰਿਆਣਾ ਪ੍ਰਾਂਤ ਦੇ ਕੁਰੂਕਸ਼ੇਤਰ ਜ਼ਿਲ੍ਹੇ ਦਾ ਪੁਰਾਤਨ ਹਿੰਦੂ ਤੀਰਥ ਹੈ ਜੋ ਸਰਸਵਤੀ ਨਦੀ ਦੇ ਕੰਢੇ 'ਤੇ ਵਸਿਆ ਹੋਇਆ ਹੈ। ਇਸ ਨਗਰ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੋਂ ਇਲਾਵਾ

ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਛੋਹ ਪ੍ਰਾਪਤ ਹੈ। ਇੱਥੇ ਗੁਰੂ ਸਾਹਿਬਾਨ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਮੰਜੀ ਸਾਹਿਬ ਸੁਸ਼ੋਭਿਤ ਹੈ। ਪਹਿਲਾਂ ਇਸ ਗੁਰ ਅਸਥਾਨ ਦੀ ਉਸਾਰੀ ਕੈਥਲ ਦੇ ਰਾਜਾ ਭਾਈ ਉਦੈ ਸਿੰਘ ਨੇ ਕਰਵਾਈ ਸੀ। ੨੦ਵੀਂ ਸਦੀ ਦੇ ਅੰਤ ਵਿਚ ਇਸ ਦੀ ਨਵੀਂ ਉਸਾਰੀ ਕਰਵਾਈ ਗਈ ਜਿਸ ਦੀ ਦੇਖਭਾਲ ਗੁਰਦੁਆਰਾ ਬਾਉਲੀ ਸਾਹਿਬ ਵਾਲੀ ਕਮੇਟੀ ਹੀ ਕਰਦੀ ਹੈ।

## ਜੰਮੂ-ਕਸ਼ਮੀਰ

**੪੬. ਗੁਰਦੁਆਰਾ ਚਾਏ ਗੁਰੂ ਹਰਿਰਾਇ ਸਾਹਿਬ, ਸ੍ਰੀਨਗਰ:** ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਕਸ਼ਮੀਰ ਦੇ ਸ਼ਹਿਰ ਸ੍ਰੀਨਗਰ ਵਿਖੇ ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ ਸੁਸ਼ੋਭਿਤ ਸੀ ਜਿਸ ਨੂੰ ਚਾਏ ਗੁਰੂ ਹਰਿਰਾਇ ਸਾਹਿਬ, ਗੁਰਦੁਆਰਾ ਕਿਹਾ ਜਾਂਦਾ ਸੀ, ਇੱਥੇ ਇੱਕ ਖੂਹ ਹੁੰਦਾ ਸੀ 'ਚਾਏ' ਦਾ ਅਰਥ ਖੂਹ ਤੋਂ ਹੀ ਹੈ। ਇਹ ਕਾਠੀ ਦਰਵਾਜ਼ੇ ਦੇ ਨਜ਼ਦੀਕ ਹੀ ਸਥਿਤ ਸੀ। ਇਹ ਗੁਰਦੁਆਰਾ ਸਾਹਿਬ ਹੁਣ ਅਲੋਪ ਹੋ ਚੁੱਕਾ ਹੈ।

**੪੭. ਗੁਰਦੁਆਰਾ ਨਾਨਕਸਰ (ਮਟਨ ਸਾਹਿਬ):** ਅਨੰਤਨਾਗ ਦੇ ਇਕ ਕਸਬੇ ਮਟਨ ਵਿਖੇ ਸ੍ਰੀ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਜੋਂ ਗੁਰਦੁਆਰਾ ਨਾਨਕਸਰ ਸਾਹਿਬ ਸੁਸ਼ੋਭਿਤ ਹੈ।

## ਪਾਕਿਸਤਾਨ

**੪੮. ਗੁਰਦੁਆਰਾ ਸਾਹਿਬ ਪਾਤਸ਼ਾਹ ਸਤਵੀਂ, ਗਲੋਟੀਆਂ ਖੁਰਦ :** ਪਾਕਿਸਤਾਨ ਵਿਖੇ ਗੁਜਰਾਂਵਾਲਾ ਤੋਂ ਕੋਈ ੨੩ ਕਿਲੋਮੀਟਰ ਦੂਰ ਗੁਜਰਾਂਵਾਲਾ-ਸਿਆਲਕੋਟ ਸੜਕ 'ਤੇ ਸਥਿਤ ਪਿੰਡ ਗਲੋਟੀਆਂ ਖੁਰਦ ਦੇ ਵਿਚਕਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਯਾਦਗਾਰ ਵਜੋਂ ਗੁਰਦੁਆਰਾ ਸਾਹਿਬ ਪਾਤਸ਼ਾਹੀ ਸਤਵੀਂ ਸੁਸ਼ੋਭਿਤ ਹੈ।

**੪੯. ਗੁਰਦੁਆਰਾ ਟਾਹਲੀ ਸਾਹਿਬ ਘੱਕਾ ਕੋਟਲੀ, ਸ਼ੱਕਰਗੜ੍ਹ :** ਜਨਾਬ ਇਕਬਾਲ ਕੈਸਰ ਅਨੁਸਾਰ ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਦੀ ਤਹਿਸੀਲ ਸ਼ੱਕਰਗੜ੍ਹ ਦੇ ਪਿੰਡ ਘੱਕਾ ਕੋਟਲੀ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦਗਾਰ ਗੁਰਦੁਆਰਾ ਟਾਹਲੀ ਸਾਹਿਬ ਸੁਸ਼ੋਭਿਤ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਇੱਥੇ ਆਪਣੇ ਸਿੱਖ ਭਾਈ ਫਤਹਿ ਚੰਦ ਦੀ ਪ੍ਰੇਮ ਮਈ ਬੇਨਤੀ ਉਪਰੰਤ ਪਧਾਰੇ ਸਨ। ਇੱਥੇ ਗੁਰੂ ਸਾਹਿਬ ਦੀ ਪਵਿੱਤਰ ਛੋਹ ਪ੍ਰਾਪਤ ਟਾਹਲੀ ਅਤੇ ਬੇਰੀ ਦੇ ਦਰੱਖਤ ਅੱਜ ਵੀ ਮੌਜੂਦ ਹਨ।

■

*ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ-੨੬*

# ਜਥੇਦਾਰ ਅਵਤਾਰ ਸਿੰਘ ਜੀ

*-ਸ. ਰੂਪ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਪਹਿਲੇ ਚਾਂਸਲਰ, ਮੈਂਬਰ ਕੋਰ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਪੰਜਾਬੀ, ਅੰਗਰੇਜ਼ੀ ਤੇ ਹਿੰਦੀ ਭਾਸ਼ਾਵਾਂ ਦੇ ਗਿਆਤਾ, ਕੀਰਤਨ ਪ੍ਰੇਮੀ, ਗੁਰਮੁਖ-ਦਰਸ਼ਨੀ ਸ਼ਖ਼ਸੀਅਤ, ਖੁਸ਼ਕਿਸਮਤ, ਹਸਮੁਖ-ਮਿਲਣਸਾਰ ਸੁਭਾਉ ਦੇ ਮਾਲਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਪ੍ਰਧਾਨਗੀ ਪਦਵੀ 'ਤੇ ਨਿਰੰਤਰ ਪੰਜਵੀਂ ਵਾਰ ਸੁਸ਼ੋਭਿਤ ਹੋਣ ਵਾਲੀ ਸ਼ਖ਼ਸੀਅਤ ਜਥੇਦਾਰ ਅਵਤਾਰ ਸਿੰਘ ਦਾ ਜਨਮ ੦੩ ਜਨਵਰੀ, ੧੯੪੩ ਨੂੰ ਸ. ਹਰਬੰਸ ਸਿੰਘ ਤੇ ਮਾਤਾ ਕਿਸ਼ਨ ਕੌਰ ਦੇ ਘਰ ਸਰਗੋਧਾ (ਪਾਕਿਸਤਾਨ) 'ਚ ਹੋਇਆ। ਦੇਸ਼ ਵੰਡ ਉਪਰੰਤ ਇਨ੍ਹਾਂ ਦਾ ਪਰਵਾਰ ਪਹਿਲਾਂ ਮੁਸਤਫਾਬਾਦ ਫਿਰ ਰੁੜਕੀ ਅਖੀਰ ਜਗਰਾਓਂ ਅਬਾਦ ਹੋਇਆ। ਗੁਰਸਿੱਖੀ ਜੀਵਨ-ਜਾਚ ਦੀ ਘਾੜ੍ਹਤ ਘੜ੍ਹਨ ਵਿਚ ਇਨ੍ਹਾਂ ਦੇ ਪਰਵਾਰਿਕ ਵਾਤਾਵਰਨ ਨੇ ਚੋਖਾ ਯੋਗਦਾਨ ਪਾਇਆ। ਇਹ ਪ੍ਰਾਇਮਰੀ ਵਿੱਦਿਆ ਦੀ ਪ੍ਰਾਪਤੀ ਉਪਰੰਤ ਉਚੇਰੀ ਵਿੱਦਿਆ ਲਈ ਖਾਲਸਾ ਨੈਸ਼ਨਲ ਹਾਈ ਸਕੂਲ, ਲੁਧਿਆਣਾ ਵਿਖੇ ਦਾਖਲ ਹੋਏ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਵੱਲੋਂ ਲਈ ਜਾਂਦੀ ਧਾਰਮਿਕ ਪ੍ਰੀਖਿਆ 'ਚ ਸਕੂਲ ਦੀ ਪੜ੍ਹਾਈ ਸਮੇਂ ਜਥੇਦਾਰ ਅਵਤਾਰ ਸਿੰਘ ਨੇ ਵਜੀਫਾ ਪ੍ਰਾਪਤ ਕੀਤਾ। ਐਫ.ਐਸ.ਸੀ. (ਨਾਨ ਮੈਡੀਕਲ) ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਤੋਂ ਕਰਨ ਉਪਰੰਤ ਇਨ੍ਹਾਂ ਨੂੰ ਭਾਰਤੀ ਜੀਵਨ ਬੀਮਾ ਨਿਗਮ 'ਚ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਅਤੇ ੧੯੭੦ ਈ: 'ਚ ਉਚੇਰੀ ਪਦਵੀ ਤੋਂ ਸੇਵਾ ਮੁਕਤ ਹੋਏ।

ਜਥੇਦਾਰ ਅਵਤਾਰ ਸਿੰਘ ਜੀ ਦਾ ਅਨੰਦ ਕਾਰਜ ਬੀਬੀ ਮਹਿੰਦਰ ਕੌਰ ਨਾਲ ੧੯੬੧ ਈ: 'ਚ ਲੁਧਿਆਣਾ ਵਿਖੇ ਹੋਇਆ। ਇਨ੍ਹਾਂ ਦੇ ਘਰ ਤਿੰਨ ਸਪੁੱਤਰਾਂ ਤੇ ਇੱਕ ਸਪੁੱਤਰੀ ਨੇ ਜਨਮ ਲਿਆ ਜੋ ਆਪੋ-ਆਪਣੇ ਕਾਰੋਬਾਰਾਂ 'ਚ ਮਸਰੂਫ਼ ਹਨ। ਬਚਪਨ ਤੋਂ ਹੀ ਧਾਰਮਿਕ ਰੁਚੀ ਤੇ ਸਿੱਖ ਵਿਚਾਰਧਾਰਾ ਦੀ ਸੂਝ ਤੇ ਸਮਝ ਹੋਣ ਕਰਕੇ ਧਾਰਮਿਕ ਕਾਰਜਾਂ ਨੂੰ ਸਮਰਪਿਤ ਭਾਵਨਾ ਨਾਲ ਕਰਦੇ ਹਨ। ਇਨ੍ਹਾਂ ਨੇ ੧੯੭੯ ਤੋਂ ੧੯੮੮ ਈ: ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਮਿਲਰਗੰਜ, ਲੁਧਿਆਣਾ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਨਿਭਾਈ। ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ ਦਾ ਨਿਰਮਾਣ ਕਾਰਜ ਇਨ੍ਹਾਂ ਨੇ ੧੯੯੫ ਈ: 'ਚ ਕਰਵਾਇਆ ਹੁਣ ਜਿਸ ਦਾ

---

** ਡਾਇਰੈਕਟਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ। ਮੋ: ੯੮੧੪੬-੩੭੯੭੯*

ਆਦਰਸ਼ਕ ਪ੍ਰਬੰਧ ਇਕ ਮਿਸਾਲ ਹੈ। ਜਥੇਦਾਰ ਅਵਤਾਰ ਸਿੰਘ ਜੀ ਲੱਗਭਗ ੩੦ ਸਾਲ ਤੋਂ ਗੁਰਦੁਆਰਾ ਪ੍ਰਬੰਧ ਤੇ ਸੇਵਾ ਨਾਲ ਨਿਰੰਤਰ ਜੁੜੇ ਹੋਏ ਹਨ। ਗੁਰੂ-ਘਰ ਦੀ ਸੇਵਾ ਤੋਂ ਇਲਾਵਾ ਇਨ੍ਹਾਂ ਨੇ ਗੁਰੂ ਨਾਨਕ ਮਾਰਕੀਟ ਲੁਧਿਆਣਾ ਦਾ ਨਿਰਮਾਣ ਕਾਰਜ ਕਰਵਾਇਆ ਅਤੇ ਗੁਰਮਤਿ ਗਿਆਨ ਤੇ ਵਿੱਦਿਆ ਦੇ ਪਸਾਰ ਲਈ ੧੯੯੯ ਈ: 'ਚ ਖਾਲਸਾ ਪੰਥ ਦੇ ੩੦੦ ਸਾਲਾ ਸਿਰਜਣਾ ਦਿਵਸ ਸਮੇਂ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਦੀ ਅਰੰਭਤਾ ਕੀਤੀ ਜੋ ਵਿਕਾਸ ਕਰ ਸੀਨੀਅਰ ਸੈਕੰਡਰੀ ਸਕੂਲ ਵਜੋਂ ਨਾਮਣਾ ਖੱਟ ਰਿਹਾ ਹੈ।

ਜਥੇਦਾਰ ਅਵਤਾਰ ਸਿੰਘ ਜੀ ਧਾਰਮਿਕ, ਸਮਾਜਿਕ, ਰਾਜਨੀਤਿਕ ਗਤੀਵਿਧੀਆਂ ਦੀ ਲਗਨ ਸਦਕਾ ਹਮੇਸ਼ਾਂ ਸ਼੍ਰੋਮਣੀ ਅਕਾਲੀ ਦਲ ਦੇ ਵਫ਼ਾਦਾਰ ਸਿਪਾਹੀ ਵਾਂਗ ਵਿਚਰਦੇ ਹਨ। ਇਨ੍ਹਾਂ ਵੱਲੋਂ ਪੰਥਕ ਸੇਵਾਵਾਂ ਵਿਚ ਸਰਗਰਮੀ ਨਾਲ ਹਿੱਸਾ ਲੈਣ ਕਰਕੇ ਕਈ ਵਾਰ ਜੇਲ੍ਹ ਯਾਤਰਾ ਵੀ ਕਰਨੀ ਪਈ ਪਰ ਇਨ੍ਹਾਂ ਪੰਥਕ ਸੇਵਾ ਤੋਂ ਕਦੇ ਮੁਖ ਨਹੀਂ ਮੋੜਿਆ। ਇਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਇਕ ਸਧਾਰਨ ਮੈਂਬਰ ਤੋਂ ਸੇਵਾ ਅਰੰਭ ਕਰਕੇ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀ ਪਦਵੀ ਦਾ ਸਫਰ, ਸਫਲਤਾ ਸਹਿਤ ਸਫਲਾ ਕੀਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀਆਂ ਆਮ ਚੋਣਾਂ ੨੦੦੪ ਈ: ਵਿਚ ਹੋਈਆਂ ਤਾਂ ਜਥੇਦਾਰ ਅਵਤਾਰ ਸਿੰਘ ਲੁਧਿਆਣਾ ਪੱਛਮੀ ਹਲਕੇ ਤੋਂ ਪੰਥਕ ਟਿਕਟ 'ਤੇ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੁਣੇ ਗਏ। ਇੱਕ ਸਾਲ ਬਾਅਦ ੨੩ ਅਕਤੂਬਰ, ੨੦੦੫ ਦਾ ਦਿਨ ਇਨ੍ਹਾਂ ਦੀ ਜ਼ਿਦਗੀ ਦਾ ਇਤਿਹਾਸਿਕ ਦਿਨ ਹੋ ਨਿਬੜਿਆ ਜਦ ਇਨ੍ਹਾਂ ਨੂੰ ਪਹਿਲੀ ਵਾਰ ਸਰਬ-ਸੰਮਤੀ ਨਾਲ ਸ਼੍ਰੋਮਣੀ ਸਿੱਖ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਚੁਣੇ ਜਾਣ ਦਾ ਮਾਣ ਹਾਸਿਲ ਹੋਇਆ। ਕੇਵਲ ਇੱਕ ਸਾਲ ਮੈਂਬਰ ਸ਼੍ਰੋਮਣੀ ਕਮੇਟੀ ਰਹਿਣ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਪਦਵੀ 'ਤੇ ਬਿਰਾਜਮਾਨ ਹੋਣਾ ਜਥੇਦਾਰ ਅਵਤਾਰ ਸਿੰਘ 'ਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਬਖ਼ਸ਼ਿਸ਼ ਹੀ ਕਹੀ ਜਾ ਸਕਦੀ ਹੈ। ਗੁਰੂ ਦਰ-ਘਰ ਤੋਂ ਵਰੋਸਾਏ ਜਥੇਦਾਰ ਅਵਤਾਰ ਸਿੰਘ ਜੀ ਨੂੰ ਪ੍ਰਧਾਨਗੀ ਪਦਵੀ 'ਤੇ ਬਿਰਾਜਮਾਨ ਹੋਣ ਦਾ ਪੰਜਵੀਂ ਵਾਰ ਨਿਰੰਤਰ ਮਾਣ-ਸਤਿਕਾਰ ਹਾਸਲ ਹੋਇਆ। ਜਥੇਦਾਰ ਅਵਤਾਰ ਸਿੰਘ ਸਵੀਕਾਰਦੇ ਹਨ ਕਿ ਮੈਨੂੰ ਇਹ ਪਦਵੀ ਗੁਰੂ ਬਖ਼ਸ਼ਿਸ਼ ਅਤੇ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਵਫ਼ਾਦਾਰੀ ਤੇ ਸਮਰਪਿਤ ਭਾਵਨਾ ਕਰਕੇ ਪ੍ਰਾਪਤ ਹੋਈ ਤੇ ਕਰਤਾ ਪੁਰਖ ਵਾਹਿਗੁਰੂ ਹੀ ਮੇਰੇ ਪਾਸੋਂ ਪੰਥਕ ਸੇਵਾ ਸਫਲੀ ਕਰਵਾ ਰਿਹਾ ਹੈ।

ਜਥੇਦਾਰ ਅਵਤਾਰ ਸਿੰਘ ਜੀ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੀਰਤਨ-ਪਰੰਪਰਾ ਤੇ ਮਰਯਾਦਾ ਦੀ ਪੂਰਨ ਸੂਝ-ਬੂਝ ਹੈ। ਉਨ੍ਹਾਂ ਨੇ ਪ੍ਰਧਾਨਗੀ ਪਦਵੀ

ਸੰਭਾਲਦਿਆਂ ਹੀ ਸ੍ਰੀ ਹਰਿਮੰਦਰ ਸਾਹਿਬ 'ਚ ਪੁਰਾਤਨ ਕੀਰਤਨ ਪਰੰਪਰਾ ਨੂੰ ਬਹਾਲ ਕਰਨ ਲਈ ਤੰਤੀ ਸਾਜਾਂ ਨਾਲ ਕੀਰਤਨ ਅਰੰਭ ਕਰਵਾਇਆ। ਨਸ਼ਿਆਂ, ਪਤਿਤਪੁਣੇ ਤੇ ਭਰੂਣ-ਹੱਤਿਆ ਆਦਿ ਸਮਾਜਿਕ ਬੁਰਾਈਆਂ ਦੇ ਵਿਰੁੱਧ ਤੇ ਕੁਦਰਤੀ ਵਾਤਾਵਰਣ ਨੂੰ ਬਚਾਉਣ ਲਈ ਲਹਿਰ ਅਰੰਭ ਕੀਤੀ। ਅੰਮ੍ਰਿਤ ਛਕੋ ਲਹਿਰ ਚਲਾ ਕੇ ਹਰ ਪ੍ਰਾਂਤ 'ਚ ਅੰਮ੍ਰਿਤ-ਸੰਚਾਰ ਸਮਾਗਮ ਕਰਵਾਏ। ਇਕੱਲੇ ਜੰਮੂ ਕਸ਼ਮੀਰ 'ਚ ਹੀ ੩੦ ਹਜ਼ਾਰ ਤੋਂ ਵਧੇਰੇ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਵਾਇਆ।

ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਵਾਸਤੇ ਜਥੇਦਾਰ ਅਵਤਾਰ ਸਿੰਘ ਨੇ ਜਿੰਨਾ ਦੇਸ਼-ਵਿਦੇਸ਼ 'ਚ ਸਫਰ ਕੀਤਾ ਹੈ ਉਹ ਵੀ ਇਕ ਕੀਰਤੀਮਾਨ ਹੈ। ਸਰੀਰਿਕ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਵੀ ਉਹ ਹਰ ਧਾਰਮਿਕ ਸਮਾਗਮ ਸਮੇਂ ਪਹੁੰਚਣ ਲਈ ਯਤਨਸ਼ੀਲ ਹੁੰਦੇ ਹਨ। ਇਨ੍ਹਾਂ ਦੇ ਉੱਦਮ ਉਤਸ਼ਾਹ ਸਦਕਾ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਸਿੱਖ-ਮਿਸ਼ਨ ਸਥਾਪਿਤ ਹੋਏ ਹਨ। ਜਥੇਦਾਰ ਅਵਤਾਰ ਸਿੰਘ ਜੀ ਦੇ ਪ੍ਰਧਾਨਗੀ ਕਾਰਜਕਾਲ ਸਮੇਂ ਸਿੱਖ ਮਿਸ਼ਨ ਜੰਮੂ, ਸਿੱਖ ਮਿਸ਼ਨ ਦਿੱਲੀ, ਸਿੱਖ ਮਿਸ਼ਨ ਹੈਦਰਾਬਾਦ, ਸਿੱਖ ਮਿਸ਼ਨ ਕਾਸ਼ੀਪੁਰ, ਉਤਰਾਖੰਡ; ਸਿੱਖ ਮਿਸ਼ਨ ਰਾਏਪੁਰ, ਛੱਤੀਸਗੜ੍ਹ; ਸਿੱਖ ਮਿਸ਼ਨ ਗੰਗਾ ਨਗਰ, ਰਾਜਸਥਾਨ; ਸਿੱਖ ਮਿਸ਼ਨ, ਗੁਰਦੁਆਰਾ ਪਲਾਹ ਸਾਹਿਬ ਹਿਮਾਚਲ; ਸਿੱਖ ਮਿਸ਼ਨ ਇੰਦੌਰ ਆਦਿ ਸਥਾਪਿਤ ਕੀਤੇ ਗਏ । ਧਰਮ ਪ੍ਰਚਾਰ ਲਹਿਰ ਤੇ ਸਿੱਖ ਵਿਰਸਾ ਸੰਭਾਲ ਮੁਹਿੰਮ ਅਰੰਭ ਕੀਤੀਆਂ ਗਈਆਂ ਜੋ ਸਫਲਤਾ ਪੂਰਵਕ ਚਲ ਰਹੀਆਂ ਹਨ। ਅੰਮ੍ਰਿਤ ਸੰਚਾਰ, ਨਗਰ ਕੀਰਤਨ, ਢਾਡੀ ਦਰਬਾਰ, ਪਾਠ ਬੋਧ ਸਮਾਗਮਾਂ, ਰਾਗਾਂ ਅਧਾਰਿਤ ਕੀਰਤਨ ਦਰਬਾਰ, ਮੈਡੀਕਲ ਕੈਂਪਾਂ, ਵਿਦਿਆਰਥੀ ਕੈਂਪਾਂ, ਗ੍ਰੰਥੀ ਤੇ ਪਾਠੀ ਸਿੰਘਾਂ ਦੇ ਕੈਂਪ ਲਗਾ ਕੇ ਨਵਾਂ ਕੀਰਤੀਮਾਨ ਸਥਾਪਿਤ ਕੀਤਾ।

ਜਥੇਦਾਰ ਅਵਤਾਰ ਸਿੰਘ ਜੀ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਗੁਰੂ-ਪੰਥ ਨਾਲ ਸੰਬੰਧਿਤ ਸ਼ਤਾਬਦੀਆਂ ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਹੀਦੀ ਸ਼ਤਾਬਦੀ ੧੬ ਜੂਨ, ੨੦੦੬, ਸ੍ਰੀ ਅਕਾਲ ਤਖਤ ਸਾਹਿਬ ਦਾ ੪੦੦ ਸਾਲਾ ਸਿਰਜਣਾ ਦਿਵਸ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ੩੦੦ ਸਾਲਾ ਸੰਪੂਰਨਤਾ ਦਿਵਸ, ਬਾਬਾ ਬੁੱਢਾ ਜੀ ਦੀ ਜਨਮ ਸ਼ਤਾਬਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਸ਼ਤਾਬਦੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਸਰਹਿੰਦ ਫਤਿਹ ਦਿਵਸ ਦੀ ਸ਼ਤਾਬਦੀ ਮਨਾਉਣ ਦਾ ਸੁਭਾਗ ਪ੍ਰਾਪਤ ਹੋਇਆ। ਸ਼ਹੀਦ ਬਾਬਾ ਦੀਪ ਸਿੰਘ ਨਿਵਾਸ, ਪ੍ਰਬੰਧਕੀ ਬਲਾਕ ਤੇ ਐਨ.ਆਰ.ਆਈ ਨਿਵਾਸ ਨਿਰਮਾਣ ਕਾਰਜ ਤੋਂ ਇਲਾਵਾ ਅਨੇਕਾਂ ਸਕੂਲਾਂ, ਕਾਲਜਾਂ ਦਾ ਉਦਘਾਟਨ ਕਰਨ ਦਾ ਸੁਭਾਗ ਵੀ ਜਥੇਦਾਰ ਅਵਤਾਰ ਸਿੰਘ ਜੀ ਨੂੰ ਪ੍ਰਾਪਤ ਹੋਇਆ। ਇਨ੍ਹਾਂ ਨੇ ਭਾਰਤ ਸਰਕਾਰ, ਵੱਖ-ਵੱਖ ਦੇਸ਼ਾਂ ਦੇ ਦੂਤ-ਘਰਾਂ ਤੇ ਯੂ.ਐਨ.ਓ. ਤਕ ਪੱਤਰ ਲਿਖ ਕੇ ਸਿੱਖ ਸਮੱਸਿਆਵਾਂ ਤੋਂ ਜਾਣੂ ਕਰਵਾਇਆ।

ਜਥੇਦਾਰ ਅਵਤਾਰ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲੇ

ਅਰੰਭੇ ਕਾਰਜਾਂ ਨੂੰ ਸੰਪੂਰਨ ਕਰਵਾਇਆ ਗਿਆ। ਦੋ ਸਾਲਾ ਪੱਤਰ ਵਿਹਾਰ ਕੋਰਸ, ਧਰਮ ਪ੍ਰਚਾਰ ਲਹਿਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੀ ਅਰੰਭਤਾ, ਡਾਇਰੈਕਟੋਰੇਟ ਆਫ ਐਜੂਕੇਸ਼ਨ ਸਥਾਪਿਤ ਕਰਨਾ, ਗੁਰਮਤਿ ਸਾਹਿਤ ਦੀ ਛਪਾਈ ਲਈ ਗੋਲਡਨ ਆਫਸੈੱਟ ਪ੍ਰੈੱਸ ਦਾ ਵਿਸਥਾਰ, ਨਵੀਂ ਕਰੋੜਾਂ ਰੁਪਇਆਂ ਵਾਲੀ ਆਧੁਨਿਕ ਮਸ਼ੀਨ, ਵਿਰਸੇ ਤੇ ਵਿਰਾਸਤੀ ਇਮਾਰਤਾਂ ਦੀ ਸਾਂਭ-ਸੰਭਾਲ, ਦਰਸ਼ਨ ਇਸ਼ਨਾਨ ਲਈ ਆਈਆਂ ਸੰਗਤਾਂ ਵਾਸਤੇ ਨਿਵਾਸ ਤੇ ਸਹੂਲਤਾਂ, ਹਿਸਾਬ ਕਿਤਾਬ ਨੂੰ ਪਾਰਦਰਸ਼ੀ ਕਰਨਾ, ਸ਼੍ਰੋਮਣੀ ਕਮੇਟੀ ਆਡਿਟ ਨੂੰ ਮੁਕੰਮਲ ਕਰਾਉਣਾ, ਸ੍ਰੀ ਹਰਿਮੰਦਰ ਸਾਹਿਬ ਤੇ ਸ਼੍ਰੋਮਣੀ ਕਮੇਟੀ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਾਲੀ ਟੱਚ ਸਕਰੀਨ, ਕੰਪਿਊਟਰ ਲਗਾਉਣੇ ਆਦਿ ਇਤਿਹਾਸਿਕ ਮਹੱਤਤਾ ਵਾਲੇ ਕਾਰਜ ਜਥੇਦਾਰ ਅਵਤਾਰ ਸਿੰਘ ਨੇ ਕਰਵਾਏ।

੧੦ ਮਾਰਚ, ੧੯੪੫ ਨੂੰ ਜਨਰਲ ਇਕੱਤਰਤਾ ਸਮੇਂ ਪਹਿਲੀ ਵਾਰ ਸਿੱਖ ਯੂਨੀਵਰਸਿਟੀ ਦੀ ਲੋੜ 'ਤੇ ਕਾਇਮੀ ਵਾਸਤੇ ਮਤਾ ਕੀਤਾ ਗਿਆ ਸੀ। ਜਥੇਦਾਰ ਅਵਤਾਰ ਸਿੰਘ ਨੂੰ ਇਹ ਮਾਣ ਹਾਸਲ ਹੈ ਕਿ ਉਹ ਪਹਿਲਾਂ ਹੋਏ ਮਤਿਆਂ ਨੂੰ ਅਮਲ 'ਚ ਲਿਆਉਣ 'ਚ ਕਾਮਯਾਬ ਹੋਏ। ਪਹਿਲੀ ਸਤੰਬਰ, ੨੦੦੮ ਨੂੰ ਸ. ਪਰਕਾਸ਼ ਸਿੰਘ ਜੀ ਬਾਦਲ ਮੁੱਖ ਮੰਤਰੀ, ਪੰਜਾਬ ਤੇ ਜਥੇਦਾਰ ਅਵਤਾਰ ਸਿੰਘ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਣ ਦਾ ਮਾਣ ਸਤਿਕਾਰ ਹਾਸਲ ਹੋਇਆ। ਜਥੇਦਾਰ ਅਵਤਾਰ ਸਿੰਘ ਨੂੰ ੮੦੦ ਸਾਲ ਪੁਰਾਣੀ ਵਿਸ਼ਵ ਪ੍ਰਸਿੱਧ ਕੈਂਬਰਿਜ ਯੂਨੀਵਰਸਿਟੀ, ਲੰਡਨ ਨਾਲ ੨੧ ਜੁਲਾਈ, ੨੦੦੯ ਨੂੰ ਸਮਝੌਤਾ ਕਰਨ ਦਾ ਮਾਣ ਪ੍ਰਾਪਤ ਹੋਇਆ,ਜਿਸ ਵਿਚ ਹਰ ਸਾਲ ੫ ਸਿੱਖ ਵਿਦਿਆਰਥੀਆਂ ਨੂੰ ਉਚੇਰੀ ਵਿੱਦਿਆ ਪ੍ਰਾਪਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਵਜੀਫੇ ਦਿੱਤੇ ਜਾਣਗੇ।ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ਼ ਮੈਡੀਕਲ ਸਇੰਸਜ਼ ਐਂਡ ਰੀਸਰਚ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਪੈਰੀਂ ਖੜ੍ਹੇ ਕਰਨ 'ਚ ਜਥੇਦਾਰ ਅਵਤਾਰ ਸਿੰਘ ਜੀ ਪ੍ਰਧਾਨ, ਸ਼੍ਰੋਮਣੀ ਕਮੇਟੀ ਨੇ ਵਿਸ਼ੇਸ਼ ਰੁਚੀ ਲਈ। ਇਨ੍ਹਾਂ ਦੇ ਯਤਨਾਂ ਸਦਕਾ ਐਮ. ਬੀ. ਬੀ. ਐਸ. ਦੇ ਵਿਦਿਆਰਥੀਆਂ ਦੀਆਂ ਸੀਟਾਂ ਵਧ ਕੇ ੫੦ ਤੋਂ ੧੦੦ ਅਤੇ ਪੀ.ਜੀ. ਦੇ ਵਿਦਿਆਰਥੀਆਂ ਦੀਆਂ ਸੀਟਾਂ ਦੀ ਗਿਣਤੀ ੯ ਤੋਂ ੪੩ ਹੋ ਗਈ ਹੈ। ਘੱਟ-ਗਿਣਤੀ ਕੋਟੇ ਦੀ ਬਹਾਲੀ ਵੀ ਇਨ੍ਹਾਂ ਦੇ ਸਮੇਂ ਹੀ ਹੋਈ। ਸਤਿਕਾਰ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦੀ ਇਕਸਾਰਤਾ ਤੇ ਇਕਸੁਰਤਾ ਨੂੰ ਬਣਾਈ ਰੱਖਣ ਤੇ ਸਤਿਕਾਰਤ ਪਵਿੱਤਰ ਸਰੂਪਾਂ ਦੇ ਵਪਾਰੀਕਰਨ ਨੂੰ ਰੋਕਣ ਲਈ ਜਥੇਦਾਰ ਅਵਤਾਰ ਸਿੰਘ ਜੀ ਦੇ ਯਤਨਾਂ ਸਦਕਾ ਪੰਜਾਬ ਸਰਕਾਰ ਨੇ ਕਾਨੂੰਨ ਪਾਸ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਪ੍ਰਵਾਨਗੀ ਤੋਂ ਬਿਨਾਂ ਕੋਈ ਵੀ ਪ੍ਰਕਾਸ਼ਿਤ ਨਹੀਂ ਕਰ ਸਕੇਗਾ।

ਕੇਂਦਰੀ ਸਿੱਖ ਅਜਾਇਬ-ਘਰ 'ਚ ੨੦ਵੀਂ ਸਦੀ ਦੇ ਮਹਾਨ ਸਿੱਖ ਪ੍ਰਚਾਰਕ ਤੇ ਜਰਨੈਲ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੀ ਤਸਵੀਰ ਸੁਸ਼ੋਭਿਤ ਕਰਨ ਦਾ ਸੁਭਾਗ ਵੀ ਜਥੇਦਾਰ ਅਵਤਾਰ ਸਿੰਘ ਜੀ ਨੂੰ ਹੀ ਪ੍ਰਾਪਤ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰਵ-ਪ੍ਰਵਾਨਿਤ ਟੀਕਾ ਤਿਆਰ ਕਰਨ ਲਈ ਨਵੇਂ ਖੋਜ-ਕੇਂਦਰ ਦੀ ਸਥਾਪਨਾ ਕੀਤੀ ਗਈ।

ਪ੍ਰਧਾਨ ਸਾਹਿਬ ਦੇ ਸੁਹਿਰਦ ਯਤਨਾ ਸਦਕਾ ਹੀ ਇਤਿਹਾਸਿਕ ਸਿੱਖ ਇਮਾਰਤਾਂ ਤੇ ਵਿਰਸੇ ਨੂੰ ਸੰਭਾਲਣ ਲਈ ਵਿਸ਼ੇ ਮਾਹਰਾਂ ਨਾਲ ਸੰਪਰਕ ਕਰ ਕੇ ਵਿਰਾਸਤੀ ਇਮਾਰਤਾਂ ਨੂੰ ਹੂ-ਬ-ਹੂ ਸੰਭਾਲਣ ਦਾ ਕਾਰਜ ਅਰੰਭਿਆ ਗਿਆ, ਜਿਸ ਤਹਿਤ ਦਰਸ਼ਨੀ ਡਿਉੜੀ ਸ੍ਰੀ ਹਰਿਮੰਦਰ ਸਾਹਿਬ, ਬੁੰਗਾ ਰਾਮਗੜੀਆ, ਗੁਰਦੁਆਰਾ ਬਾਬਾ ਅਟੱਲ ਰਾਇ ਜੀ, ਬਾਰਾਂਦਰੀ ਆਦਿ ਦੀ ਸੰਭਾਲ ਕੀਤੀ ਜਾ ਰਹੀ ਹੈ। ਦੀਵਾਨ ਟੋਡਰ ਮੱਲ ਦੀ ਇਤਿਹਾਸਿਕ ਜਹਾਜ਼ ਹਵੇਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਲਈ ਗਈ ਹੈ, ਜਿਸ ਨੂੰ ਸੰਭਾਲਿਆ ਜਾਵੇਗਾ। ਵਾਤਾਵਰਨ 'ਚ ਆ ਰਹੀ ਤਬਦੀਲੀ ਸਮੁੱਚੀ ਮਾਨਵਤਾ ਵਾਸਤੇ ਘਾਤਕ ਸਾਬਤ ਹੋ ਰਹੀ ਹੈ। ਵਾਤਾਵਰਨ ਦੇ ਸਮਤੋਲ ਨੂੰ ਬਣਾਈ ਰੱਖਣ 'ਚ ਦਰੱਖਤ ਸਭ ਤੋਂ ਵੱਧ ਸਹਾਇਕ ਹਨ। ਇਨ੍ਹਾਂ ਦੀ ਸੁਚੱਜੀ ਅਗਵਾਈ 'ਚ ਸ਼੍ਰੋਮਣੀ ਕਮੇਟੀ ਨੇ ਇਸ ਕਾਰਜ 'ਚ ਵਡਮੁੱਲਾ ਯੋਗਦਾਨ ਪਾਇਆ ਤੇ ਪਾ ਰਹੀ ਹੈ।

ਪ੍ਰਧਾਨ ਸਾਹਿਬ ਦੇ ਨਿਰਦੇਸ਼ਾਂ 'ਤੇ ਸਿੱਖ ਇਤਿਹਾਸ ਰੀਸਰਚ ਬੋਰਡ ਦਾ ਨਵੀਨੀਕਰਨ ਕੀਤਾ ਗਿਆ। ਪੁਰਾਤਨ ਵਡਮੁੱਲੇ ਸਾਹਿਤ ਨੂੰ ਸੰਭਾਲਣ ਲਈ ਫਿਊਮੀਗ੍ਰੇਸ਼ਨ ਚੈਂਬਰ ਸਥਾਪਿਤ ਕੀਤਾ ਗਿਆ ਅਤੇ ਹੱਥ-ਲਿਖਤ ਪਾਵਨ ਬੀੜਾਂ ਤੇ ਦੁਰਲੱਭ ਪੁਸਤਕਾਂ ਦੀ ਸੰਭਾਲ ਲਈ ਡਿਜ਼ੀਟਲਾਈਜ਼ੇਸ਼ਨ ਕਰਵਾਈ ਜਾ ਰਹੀ ਹੈ। ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਇਤਿਹਾਸਿਕ ਅਸਥਾਨਾਂ ਦੇ ਦਰਸ਼ਨ-ਇਸ਼ਨਾਨ ਵਾਸਤੇ ਆਈਆਂ ਸੰਗਤਾਂ ਦੀ ਸਹੂਲਤ ਲਈ ਰੇਲਵੇ ਸਟੇਸ਼ਨ, ਏਅਰ ਪੋਰਟ ਤੇ ਬੱਸ ਸਟੈਂਡ ਤੋਂ ਫ੍ਰੀ ਬੱਸ ਸੇਵਾਵਾਂ 'ਚ ਵਾਧਾ ਕੀਤਾ ਗਿਆ ਅਤੇ ਨੇੜਲੇ ਇਤਿਹਾਸਿਕ ਅਸਥਾਨਾਂ ਦੇ ਦਰਸ਼ਨਾਂ ਵਾਸਤੇ ਦੋ ਬੱਸਾਂ ਦੀ ਸੇਵਾ ਅਰੰਭ ਕੀਤੀ ਗਈ।

ਨਾਮਵਰ ਸਿੱਖ ਸ਼ਖ਼ਸੀਅਤਾਂ ਤੇ ਵਿਦਵਾਨਾਂ ਜਿਵੇਂ, ਭਾਈ ਜਸਬੀਰ ਸਿੰਘ ਖੰਨੇ ਵਾਲਿਆਂ ਨੂੰ ਪੰਥ-ਰਤਨ ਦੀ ਉਪਾਧੀ, ਡਾ. ਰਘਬੀਰ ਸਿੰਘ (ਬੈਂਸ), ਉੱਘੇ ਕਾਨੂੰਨਦਾਨ ਸ. ਹਰਦੇਵ ਸਿੰਘ ਮੱਤੇਵਾਲ, ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ, ਪਦਮ ਸ੍ਰੀ ਭਾਈ ਨਿਰਮਲ ਸਿੰਘ ਖਾਲਸਾ, ਪ੍ਰਿੰ. ਕਰਤਾਰ ਸਿੰਘ, ਸ. ਪਵਿਤ ਸਿੰਘ ਆਦਿ ਦਾ ਵਿਸ਼ੇਸ਼ ਸਨਮਾਨ ਤੇ ਸਤਿਕਾਰ ਕਰਨ ਦਾ ਸੁਭਾਗ ਵੀ ਜਥੇਦਾਰ ਅਵਤਾਰ ਸਿੰਘ ਜੀ ਨੂੰ ਪ੍ਰਾਪਤ ਹੋਇਆ ।ਜਥੇਦਾਰ ਅਵਤਾਰ ਸਿੰਘ ਨੇ ਜੂਨ,੧੯੮੪

*(ਬਾਕੀ ਸਫ਼ਾ ੮੭ 'ਤੇ)*

*ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ*

# ਸਨਮੁਖ ਸਿਖ ਹੁਇ ਜਬੈ। ਹੁਇ ਆਵਹਿ ਗੁਰ ਕਰੁਨਾ ਤਬੈ

*-ਸ. ਬਲਵਿੰਦਰ ਸਿੰਘ ਜੌੜਾਸਿੰਘਾ**

ਸੰਸਾਰ ਸਾਗਰ ਤੋਂ ਅਕਾਲ ਪੁਰਖ ਦੇ ਨਾਮ ਰੂਪੀ ਜਹਾਜ਼ ਰਾਹੀਂ ਤਰਿਆ ਜਾ ਸਕਦਾ ਹੈ। ਜਗਤ ਨੂੰ ਤਾਰਨ ਵਾਲਾ ਨਾਮ ਸਤਿਗੁਰ ਜੀ ਦੇ ਪ੍ਰਸੰਨ ਹੋਣ ਨਾਲ ਮਿਲਦਾ ਹੈ। ਭੱਟ ਨਲ ਜੀ ਬਿਆਨ ਕਰਦੇ ਹਨ ਕਿ ਗੁਰੂ ਅਰਜਨ ਸਾਹਿਬ ਜੀ ਦੇ ਦਰ ਉੱਤੇ ਸਾਰੇ ਕਾਰਜ ਰਾਸ ਆ ਜਾਂਦੇ ਹਨ:

*ਭਵਜਲੁ ਸਾਇਰੁ ਸੇਤੁ ਨਾਮੁ ਹਰੀ ਕਾ ਬੋਹਿਥਾ ॥*
*ਤੁਅ ਸਤਿਗੁਰ ਸੰ ਹੇਤੁ ਨਾਮਿ ਲਾਗਿ ਜਗੁ ਉਧਰ੍ਉ ॥੨॥*
*ਜਗਤ ਉਧਾਰਣੁ ਨਾਮੁ ਸਤਿਗੁਰ ਤੁਠੈ ਪਾਇਅਉ ॥*
*ਅਬ ਨਾਹਿ ਅਵਰ ਸਰਿ ਕਾਮੁ ਬਾਰੰਤਰਿ ਪੂਰੀ ਪੜੀ ॥* *(ਪੰਨਾ ੧੪੦੮)*

ਜੋ ਵੀ ਗੁਰੂ ਅਰਜਨ ਸਾਹਿਬ ਜੀ ਦੇ ਦਰ ਆਉਂਦਾ ਉਸ ਦੇ ਸਭ ਸ਼ੰਕੇ ਮੁੱਕ ਜਾਂਦੇ। ਗੁਰੂ ਜੀ ਦਾ ਦਰਬਾਰ ਲੱਗਾ ਹੋਇਆ ਸੀ। ਗੁਰੂ ਸਾਹਿਬ ਦਰ ਆਇਆਂ ਦੇ ਸ਼ੰਕੇ ਨਿਵਾਰ ਰਹੇ ਸਨ ਅਤੇ ਦੁੱਖ ਦੂਰ ਕਰ ਰਹੇ ਸਨ। ਇੱਕ ਸਿੱਖ ਭਾਈ ਸਮੁੰਦਾ ਸਤਿਗੁਰ ਦੀ ਸਰਨ ਆਇਆ। ਉਸ ਨੇ ਕੁਝ ਚਿਰ ਸੰਗਤ ਕੀਤੀ ਅਤੇ ਫਿਰ ਮਨ ਵਿਚ ਸਵਾਲ ਉੱਠਿਆ ਅਤੇ ਸਤਿਗੁਰਾਂ ਦੇ ਨੇੜੇ ਬੈਠ ਕੇ ਅਰਜ ਕੀਤੀ 'ਹੇ ਗਰੀਬ ਨਿਵਾਜ! ਗਿਆਨ ਦੇ ਦਾਤੇ ਸਤਿਗੁਰ ਜੀਓ! ਸਨਮੁਖ ਤੇ ਬੇਮੁਖ ਕੌਣ ਹਨ? ਉਨ੍ਹਾਂ ਦੇ ਲੱਛਣ ਕੀ ਹਨ?' ਭਾਈ ਸਮੁੰਦੇ ਦਾ ਸਵਾਲ ਸੁਣ ਕੇ ਸਤਿਗੁਰ ਜੀ ਮੁਸਕਰਾ ਰਹੇ ਸਨ। ਫਿਰ ਸਤਿਗੁਰ ਜੀ ਨੇ ਬਚਨ ਕੀਤਾ ' ਹੇ ਭਾਈ ਸਮੁੰਦਾ! ਜਿਵੇਂ ਕਿਸੇ ਪ੍ਰਾਣੀ ਨੂੰ ਕੋਈ ਕੰਮ ਲਈ ਭੇਜਿਆ ਜਾਂਦਾ ਹੈ ਉਹ ਤਾਕਤ, ਬੁੱਧੀ ਅਤੇ ਪ੍ਰੇਮ ਨਾਲ ਮਨ ਲਾ ਕੇ ਚੰਗੀ ਤਰ੍ਹਾਂ ਕਾਰਜ ਕਰ ਕੇ ਵਾਪਸ ਆਉਂਦਾ ਹੈ, ਉਹ ਸਨਮੁਖ ਹੁੰਦਾ ਹੈ। ਜੋ ਕੰਮ ਵਿਗਾੜ ਕੇ ਆਉਂਦਾ ਹੈ ਜਾਂ ਕਰਦਾ ਹੀ ਨਹੀਂ ਉਸ ਨੂੰ ਬੇਮੁਖ ਕਹੀਦਾ ਹੈ।' ਪਾਤਸ਼ਾਹ ਜੀ ਨੇ ਸਨਮੁਖ ਤੇ ਬੇਮੁਖ ਬਾਰੇ ਹੋਰ ਸਮਝਾਉਂਦਿਆਂ ਅੱਗੇ ਕਿਹਾ 'ਹੇ ਭਾਈ, ਨਿਰੰਕਾਰ ਨੇ ਮਨੁੱਖ ਨੂੰ ਨਾਮ ਸਿਮਰਨ ਕਰਦਿਆਂ ਸਨਮੁਖ ਹੋ ਕੇ ਰਹਿਣ ਲਈ ਭੇਜਿਆ ਹੈ। ਜੋ ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰ ਕੇ ਨਿਰੰਕਾਰ ਦਾ ਸਿਮਰਨ ਕਰਦਿਆਂ ਕਾਮਨਾ ਰਹਿਤ ਹੋ ਕੇ ਪ੍ਰੇਮ ਧਾਰਨ ਕਰਦੇ ਹਨ ਫਿਰ ਗੁਰਬਾਣੀ ਨੂੰ ਪੜ੍ਹ ਕੇ ਹਿਰਦੇ ਵਿਚ ਵਿਚਾਰਦੇ ਅਤੇ ਉਪਰੰਤ ਸੰਸਾਰੀ ਕਾਰ-ਵਿਹਾਰ ਕਰਦਿਆਂ ਸਮਰੱਥਾ ਅਨੁਸਾਰ ਲੋੜਵੰਦ ਨੂੰ ਦਾਨ ਕਰਦੇ ਹਨ, ਉਹ ਸਨਮੁਖ ਹੁੰਦੇ ਹਨ। ਸਨਮੁਖ ਵਿਅਕਤੀ ਆਪਣੇ ਸਰੀਰ ਤੇ ਮੋਹ ਤਿਆਗ ਕੇ ਆਤਮਿਕ ਤੌਰ ਤੇ ਪ੍ਰਸੰਨ ਰਹਿੰਦੇ ਹਨ ਉਨ੍ਹਾਂ ਨੂੰ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਉਹ

** ਮੀਤ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੮੧੪੮-੯੮੨੧੨*

ਆਪਣਾ ਜਨਮ ਸਵਾਰ ਕੇ ਨਿਰੰਕਾਰ ਨੂੰ ਪ੍ਰਾਪਤ ਕਰ ਕੇ ਪਰਮ ਅਨੰਦ ਨੂੰ ਪ੍ਰਾਪਤ ਹੋ ਜਾਂਦੇ ਹਨ। ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਇਸ ਬਾਰੇ ਇਸ ਤਰ੍ਹਾਂ ਬਿਆਨ ਕੀਤਾ ਹੈ :

*ਬੁਧਿ ਤੇ ਬਲ ਤੇ ਪ੍ਰੇਮ ਲਗਾਇ। ਜੋ ਕਾਰਜ ਕੋ ਲੇਤਿ ਬਨਾਇ॥*
*ਸੋ ਸਨਮੁਖ ਆਵਤਿ ਚਲਿ ਸ਼ਾਹੂ।... ਨਹੀਂ ਕਰਹਿੰ ਬੇਮੁਖ ਲਖਿ ਤਾਂਹੂ॥੧੯॥...*
*ਗੁਰੁਬਾਨੀ ਪਠਿ ਰਿਦੇ ਬਿਚਾਰਹਿ। ਤਰਨਿ ਉਦੇ ਨਿਜ ਕਾਜ ਸੰਭਾਰਹਿ॥੨੧॥*
*ਮੁਖ ਮਹਿੰ ਕਿਧੌਂ ਰਿਦੇ ਸਤਿਨਾਮੂ । ਸਦਾ ਸੰਭਾਰਹਿ ਕਰਤੇ ਕਾਮੂ।*
*ਜਿਨਹੁਂ ਨ ਮਨ ਤੇ ਪ੍ਰਭੁ ਬਿਸਾਰਯੋ ॥ ਸਤਿ ਸੰਗਤਿ ਮਿਲਬੇ ਹਿਤ ਧਾਰਯੋ॥੨੨'*
*ਜਥਾ ਸ਼ਕਿਤ ਨਿਤ ਦੇਤੇ ਦਾਨ ॥ ਨਗਨ ਛੁਧਿਤ ਕੋ ਦੇਖਿ ਸੁਜਾਨ।*
*ਜਿਨ ਜਗ ਮਹਿੰ ਇਮ ਕਾਜ ਬਨਾਯੋ। ਲਗਿ ਬਿਸ਼ਿਯਨਿ ਨਹਿੰ ਜਨਮ ਗਵਾਯੋ ॥੨੩॥*
*ਵਾਹਿਗੁਰੂ ਕੇ ਸਨਮੁਖ ਸੋਇ ॥ ਹਰਖਹਿੰ ਤਨ ਤਜਿ ਦਰਸ਼ਨ ਹੋਇ ॥*
*ਕਾਜ ਸੁਧਾਰ ਜਾਇ ਪ੍ਰਭੁ ਮਿਲੇ । ਲਹਿ ਆਨੰਦ ਮੁਕਤਿ ਸੇ ਭਲੇ ॥੨੪॥*

*(ਗੁ. ਪ੍ਰ. ਸੂ. ਗ੍ਰੰਥ ਰਾਸਿ ਤੀਜੀ, ਅਧਿ ੫੩)*

ਫਿਰ ਬੇਮੁਖ ਬਾਰੇ ਗੱਲ ਕਰਦਿਆਂ ਸਤਿਗੁਰ ਜੀ ਨੇ ਬਚਨ ਕੀਤਾ 'ਜਿਨ੍ਹਾਂ ਨੇ ਜਗਤ ਵਿਚ ਆਪਣਾ ਜੀਵਨ ਸਫਲਾ ਨਹੀਂ ਕੀਤਾ। ਵਿਕਾਰਾਂ ਵਿਚ ਪੈ ਕੇ ਆਪਣਾ ਆਪ ਹੀ ਦੁਖੀ ਕੀਤਾ, ਉਹ ਬੇਮੁਖ ਹਨ। ਉਹ ਹੰਕਾਰ ਵਿਚ ਮਰ ਕੇ ਆਪਣਾ ਮਰਣ ਵੀ ਵਿਗਾੜ ਲੈਂਦੇ ਹਨ।' ਬੇਮੁਖ ਬਾਰੇ ਸ੍ਰੀ ਗੁਰੂ ਰਾਮਦਾਸ ਜੀ ਦਾ ਪਾਵਨ ਕਥਨ ਹੈ:

*ਮਨਮੁਖ ਮਾਇਆ ਮੋਹਿ ਵਿਆਪੈ ਦੂਜੈ ਭਾਇ ਮਨੂਆ ਥਿਰੁ ਨਾਹਿ।*
*ਅਨਦਿਨੁ ਜਲਤ ਰਹਹਿ ਦਿਨੁ ਰਾਤੀ ਹਉਮੈ ਖਪਹਿ ਖਪਾਹਿ॥*
*ਅੰਤਰਿ ਲੋਭੁ ਮਹਾ ਗੁਬਾਰਾ ਤਿਨ ਕੈ ਨਿਕਟਿ ਨ ਕੋਈ ਜਾਹਿ।*
*ਓਇ ਆਪਿ ਦੁਖੀ ਸੁਖੁ ਕਬਹੂ ਨ ਪਾਵਹਿ ਜਨਮਿ ਮਰਹਿ ਮਰਿ ਜਾਹਿ॥*

*(ਪੰਨਾ ੬੫੨)*

ਇਹ ਸੁਣ ਕੇ ਭਾਈ ਸਮੁੰਦੇ ਨੇ ਬੇਨਤੀ ਕੀਤੀ 'ਹੇ ਕਰੁਨਾਨਿਧਿ ਸਤਿਗੁਰ ਜੀਉ! ਜੇ ਤੇਰੀ ਦਇਆ ਹੋਵੈ ਤਾਂ ਸਨਮੁਖ ਹੋਈਐ।' ਦਇਆਵਾਨ ਸਤਿਗੁਰ ਜੀ ਨੇ ਬਚਨ ਕੀਤਾ 'ਹੇ ਭਾਈ ਜੋ ਸਿੱਖ ਸਨਮੁਖ ਹੁੰਦਾ ਉਸ ਉੱਤੇ ਸਤਿਗੁਰ ਜੀ ਦੀ ਦਇਆ ਆਪੇ ਹੋ ਜਾਂਦੀ ਹੈ ਯਥਾ:

*ਮੁਝ ਕੋ ਸਨਮੁਖ ਆਪ ਬਨਾਵਹੁ। ਦਿਹੁ ਤੀਨਹੁ ਗੁਨ ਕੋ ਬਖਸ਼ਾਵਹੁ॥*
*ਗੁਰ ਕਹਿ ਸਨਮੁਖਿ ਸਿਖ ਹੁਇ ਜਬੈ। ਹੁਇ ਆਵਹਿ ਗੁਰ ਕਰੁਨਾ ਤਬੈ॥੨੬॥*

*(ਗੁ.ਪ੍ਰ.ਸੂ.ਗ੍ਰੰ. ਰਾਸਿ ਤੀਜੀ ਅਧਿ ੫੩ )*

ਭਾਈ ਸਮੁੰਦਾ ਸਤਿਗੁਰ ਦੇ ਬਚਨ ਨੂੰ ਸਤ ਮੰਨ ਕੇ ਪ੍ਰੇਮ ਨਾਲ ਸਤਿਗੁਰ ਦੀ ਸੇਵਾ ਵਿਚ ਜੁੱਟ ਗਿਆ। ਪਿਛਲ ਰਾਤੀਂ ਉੱਠਦਾ ਇਸ਼ਨਾਨ ਕਰ ਕੇ ਸਤਿਨਾਮ ਵਾਹਿਗੁਰੂ

ਦਾ ਜਾਪ ਕਰਦਾ। ਗੁਰਬਾਣੀ ਦਾ ਪਾਠ ਕਰਦਾ। ਵਾਹਿਗੁਰੂ ਬੋਲ ਕੇ ਸਾਰੇ ਕਾਰਜ ਕਰਦਾ। ਯਥਾ ਸ਼ਕਤ ਦਾਨ ਕਰਦਾ। ਸਤਿਸੰਗਤ ਵਿਚ ਪ੍ਰੇਮ ਨਾਲ ਬੈਠਦਾ। ਇਸ ਤਰ੍ਹਾਂ ਉਸ ਨੂੰ ਗਿਆਨ ਦੀ ਪ੍ਰਾਪਤੀ ਹੋਈ, ਅਤੇ ਉਹ ਆਪਣਾ ਜੀਵਨ ਸਫਲ ਕਰ ਕੇ ਮੁਕਤੀ ਨੂੰ ਪ੍ਰਾਪਤ ਹੋ ਗਿਆ। ਇਸ ਤਰ੍ਹਾਂ ਭਾਈ ਸਮੁੰਦਾ ਜੀ ਸਤਿਗੁਰ ਦੇ ਸਨਮੁਖ ਹੋ ਕੇ ਰਹਿਮਤਾਂ ਦੇ ਪਾਤਰ ਬਣ ਗਏ। ਭਾਈ ਗੁਰਦਾਸ ਜੀ ਨੇ ਭਾਈ ਸਮੁੰਦਾ ਜੀ ਨੂੰ ਸਨਮੁਖ ਸਿੱਖ ਕਹਿ ਕੇ ਨਿਵਾਜਿਆ ਹੈ:

*ਸੁਹੜੁ ਤਿਲੋਕਾ ਸੂਰਮਾ ਸਿਖੁ ਸਮੁੰਦਾ ਸਨਮੁਖ ਸਾਰਾ॥* *(ਵਾਰ ੧੧:੧੮)*

■

---

## *ਜਥੇਦਾਰ ਅਵਤਾਰ ਸਿੰਘ ਜੀ*

*(ਸਫ਼ਾ ੮੪ ਦਾ ਬਾਕੀ ਹਿੱਸਾ)*

'ਚ ਸ੍ਰੀ ਦਰਬਾਰ ਸਾਹਿਬ ਤੇ ਹੋਰ ਧਾਰਮਿਕ ਅਸਥਾਨਾਂ 'ਤੇ ਵਾਪਰੇ ਘੱਲੂਘਾਰੇ ਸਮੇਂ ਧਰਮੀ ਫੌਜੀਆਂ ਜਿਨ੍ਹਾਂ ਨੇ ਬੈਰਕਾਂ ਛੱਡੀਆਂ ਸਨ, ਨੂੰ ਸੇਵਾ ਤੇ ਸਹਾਇਤਾ ਦੇਣ 'ਚ ਖੁੱਲ੍ਹਦਿਲੀ ਦਿਖਾਈ।ਇਨ੍ਹਾਂ ਨੇ ਜੋਧਪੁਰ ਦੇ ਨਜ਼ਰਬੰਦੀਆਂ ਦੀ ਵੀ ਹਰ ਸੰਭਵ ਸਹਾਇਤਾ ਕੀਤੀ।

ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ, ਅਖੌਤੀ ਡੇਰਾ ਸੱਚਾ ਸੌਦਾ, ਮਾਲਵੇ ਦੇ ਹਰਿਮੰਦਰ (ਮਸਤੂਆਣੇ), ਪ੍ਰੋ. ਦਰਸ਼ਨ ਸਿੰਘ, ਨਾਨਕਸ਼ਾਹੀ ਕੈਲੰਡਰ, ਭਗਤ ਰਵਿਦਾਸ ਜੀ ਦੇ ਪੈਰੋਕਾਰਾਂ, ਆਸ਼ੂਤੋਸ਼ ਦੇ ਚੇਲਿਆਂ ਆਦਿ ਮਸਲਿਆਂ ਨੂੰ ਵੀ ਸੁਲਝਾਉਣ 'ਚ ਵੀ ਕਾਫ਼ੀ ਯਤਨਸ਼ੀਲ ਰਹੇ। ਵਿਸ਼ਵ ਵਿਆਪੀ ਸਿੱਖ ਭਾਈਚਾਰੇ ਨਾਲ ਸੰਬੰਧਿਤ ਸਮੱਸਿਆਵਾਂ ਜਿਵੇਂ, ਸਿੱਖਾਂ ਦੀ ਦਸਤਾਰ, ਕੇਸਾਂ, ਕਿਰਪਾਨ ਤੇ ਪਤਿਤਪੁਣਾ, ਭਰੂਣ ਹੱਤਿਆ, ਹਰਿਆਣਾ ਦੀ ਵੱਖਰੀ ਕਮੇਟੀ ਦੇ ਮਸਲੇ ਵਿਰੁੱਧ ਉਚੇਚੇ ਤੌਰ 'ਤੇ ਲਹਿਰ ਚਲਾਈ ਤੇ ਵਿਦੇਸ਼ੀ ਦੂਤਘਰਾਂ ਦਾ ਘਿਰਾਉ ਤਕ ਖੁਦ ਕੀਤਾ।

ਜਥੇਦਾਰ ਅਵਤਾਰ ਸਿੰਘ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੇਸ਼ ਦੇ ਵੱਖ-ਵੱਖ ਖੇਤਰਾਂ ਵਿਚ ਪ੍ਰਚਾਰ ਦੌਰੇ ਕਰਨ ਤੋਂ ਇਲਾਵਾ ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਪਾਕਿਸਤਾਨ ਆਦਿ ਦੇਸ਼ਾਂ 'ਚ ਜਾਣ ਦਾ ਅਵਸਰ ਵੀ ਪ੍ਰਾਪਤ ਹੋਇਆ। ਹਉਮੈ-ਹੰਕਾਰ ਤੋਂ ਰਹਿਤ ਸਾਫ-ਦਿਲ, ਮਿਲਣਸਾਰ, ਸ਼ਰਧਾ-ਭਾਵਨਾ ਨਾਲ ਭਰਪੂਰ ਜਥੇਦਾਰ ਅਵਤਾਰ ਸਿੰਘ ਨੂੰ ਧਾਰਮਿਕ ਮਾਮਲਿਆਂ ਦੀ ਸੂਖਮ ਸੂਝ ਤੇ ਸਮਝ ਹੈ। ਅੱਜਕੱਲ੍ਹ ਜਥੇਦਾਰ ਅਵਤਾਰ ਸਿੰਘ ੪੦੭ ਏ,ਮਾਡਲ ਟਾਉਨ ਐਕਸਟੈਨਸ਼ਨ, ਲੁਧਿਆਣਾ ਵਿਖੇ ਆਪਣੇ ਬੱਚਿਆਂ ਸਮੇਤ ਨਿਵਾਸ ਰੱਖ ਰਹੇ ਹਨ । ਗੁਰੂ ਕਰੇ ਇਹ ਸਿਹਤਯਾਬ ਰਹਿਣ ਤੇ ਕੌਮ ਦੀ ਨਿਰੰਤਰ ਸੇਵਾ ਕਰਦੇ ਰਹਿਣ। ■

*ਗਾਗਰ 'ਚ ਸਾਗਰ-੧੪*

# ਅਮਲੀ ਜੀਵਨ ਦੀ ਮਹਿਮਾ

*-ਡਾ. ਇੰਦਰਜੀਤ ਸਿੰਘ ਗੋਗੋਆਣੀ**

*ਖਾਂਡ ਖਾਂਡ ਕਹੈ ਜਿਹਬਾ ਨ ਸ੍ਵਾਦੁ ਮੀਠੋ ਆਵੈ*
*ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ।*

*(ਕਬਿੱਤ ਸਵੈਯੇ ਭਾਈ ਗੁਰਦਾਸ ਜੀ)*

ਇਸ ਦ੍ਰਿਸ਼ਟਮਾਨ ਸੰਸਾਰ ਵਿਚ ਚੰਗੇ ਤੇ ਉਸਾਰੂ ਉਪਦੇਸ਼ਾਂ ਦੀ ਕਮੀ ਨਹੀਂ ਹੈ, ਸਗੋਂ ਅਮਲੀ ਜੀਵਨ ਵਿਚ ਢਾਲਣ ਦੀ ਵਧੇਰੇ ਲੋੜ ਹੈ। ਸ਼ੁਭ ਅਮਲਾਂ ਤੋਂ ਬਿਨਾਂ ਬਹੁਤਾ ਮਨੁੱਖੀ ਜੀਵਨ ਵਿਅਰਥ ਜਾ ਰਿਹਾ ਹੈ। ਲੋਕ ਸਾਹਿਤ, 'ਉੱਥੇ ਅਮਲਾਂ ਦੇ ਹੋਣਗੇ ਨਿਬੇੜੇ' ਸਹਿਜ ਰੂਪ ਵਿਚ ਪ੍ਰੇਰਨਾਮਈ ਢੰਗ ਹੈ। ਇਸੇ ਤਰ੍ਹਾਂ ਇਸ ਗਹਿਰ ਗੰਭੀਰ ਵਿਸ਼ੇ ਦੀ ਵਿਆਖਿਆ ਕਰਦਿਆਂ ਸਿੱਖੀ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚ ਇਕ ਰੂਪਕ ਪੇਸ਼ ਕੀਤਾ ਹੈ ਕਿ ਅਮਲੀ ਜੀਵਨ ਤੋਂ ਬਗੈਰ ਨਾ ਕੇਵਲ ਕਹਿਣ ਮਾਤਰ ਜਾਂ ਕਥਨੀ ਨਾਲ ਕੁਝ ਨਹੀਂ ਬਣੇਗਾ। ਜਿਵੇਂ ਕੋਈ ਮਨੁੱਖ ਖੰਡ-ਖੰਡ ਕਹਿੰਦਾ ਰੱਟ ਲਾਈ ਜਾਵੇ ਤਾਂ ਸਿਰਫ ਕਹਿਣ ਨਾਲ ਜ਼ਬਾਨ 'ਤੇ ਮਿਠਾਸ ਨਹੀਂ ਆਵੇਗੀ ਜੇਕਰ ਕਿਸੇ ਨੂੰ ਠੰਡ ਲੱਗ ਰਹੀ ਹੋਵੇ ਤਾਂ ਬਿਨਾਂ ਅੱਗ ਬਾਲਿਆਂ ਜਾਂ ਅੱਗ ਤਕ ਪਹੁੰਚ ਕੀਤੇ ਬਗੈਰ, ਅੱਗ-ਅੱਗ ਕਹਿਣ ਨਾਲ ਹੀ ਸਰਦੀ ਦੂਰ ਨਹੀਂ ਹੋਵੇਗੀ। ਇਸੇ ਤਰ੍ਹਾਂ ਜੇ ਕੋਈ ਰੋਗੀ, ਵੈਦ-ਵੈਦ ਪੁਕਾਰੀ ਜਾਵੇ ਪਰ ਵੈਦ ਪਾਸ ਜਾਣ ਤੋਂ ਬਗੈਰ ਤੇ ਦਵਾਈ ਖਾਧੀ ਤੋਂ ਬਿਨਾਂ ਉਸ ਦਾ ਰੋਗ ਦੂਰ ਨਹੀਂ ਹੋਵੇਗਾ। ਕੋਈ ਇਨਸਾਨ ਕਿਰਤ ਤਾਂ ਕੋਈ ਕਰਦਾ ਨਹੀਂ ਪਰ ਧਨ-ਧਨ ਕਹੀ ਜਾਣ ਨਾਲ ਧਨਵਾਨ ਨਹੀਂ ਹੋ ਸਕਦਾ। ਹੁਣ ਜੇਕਰ ਕੋਈ ਸੁਗੰਧ ਮਾਣਨੀ ਚਾਹੁੰਦਾ ਹੈ ਤਾਂ ਚੰਦਨ ਦੇ ਪਾਸ ਜਾਣਾ ਪਵੇਗਾ, ਉਹ ਬੈਠਾ ਹੀ ਚੰਦਨ-ਚੰਦਨ ਦੀ ਰੱਟ ਲਾਈ ਜਾਵੇ ਤਾਂ ਮਹਿਕ ਨਹੀਂ ਮਾਣ ਸਕੇਗਾ। ਅੱਗੇ ਭਾਈ ਸਾਹਿਬ ਫੁਰਮਾਉਂਦੇ ਹਨ ਕਿ ਕੇਵਲ ਚੰਦ-ਚੰਦ ਕਹਿਣ ਨਾਲ ਪ੍ਰਕਾਸ਼ ਨਹੀਂ ਹੁੰਦਾ ਸਗੋਂ ਚੰਦਰਮਾ ਦੇ ਚੜ੍ਹਨ ਨਾਲ ਹੀ ਚਾਨਣ ਹੁੰਦਾ ਹੈ। ਇਸ ਰਚਨਾ ਦੇ ਅੰਤਲੇ ਬੰਦ ਵਿਚ ਭਾਈ ਗੁਰਦਾਸ ਜੀ ਤੱਤਸਾਰ ਦਿੰਦੇ ਹਨ ਕਿ ਇਹੋ ਹਾਲ ਉਨ੍ਹਾਂ ਮਨੁੱਖਾਂ ਦਾ ਹੈ ਜੋ ਗਿਆਨ ਚਰਚਾ ਤਾਂ ਬਹੁਤ ਕਰਦੇ ਹਨ ਪਰ ਅਮਲੀ ਜੀਵਨ ਵਿਚ ਰਹਿਣੀ ਪੱਖੋਂ ਆਪਣੇ ਉੱਪਰ ਲਾਗੂ ਨਹੀਂ ਕਰਦੇ, ਫਿਰ ਉਨ੍ਹਾਂ ਦੇ ਜੀਵਨ ਵਿਚ ਕੋਈ ਪਰਿਵਰਤਨ ਨਹੀਂ ਆਵੇਗਾ, ਸਗੋਂ ਉਹ ਜਿਸ ਤਰ੍ਹਾਂ ਦੇ ਹਨ ਉਸੇ ਤਰ੍ਹਾਂ ਦੇ ਹੀ ਰਹਿ ਜਾਣਗੇ ਜਾਂ ਕਹਿ ਲਉ ਪਰਨਾਲਾ ਉੱਥੇ ਦਾ ਉੱਥੇ ਹੀ ਰਹੇਗਾ। ਇਹ ਜੀਵਨ ਕਥਨੀ ਤੇ ਕਰਨੀ ਦਾ ਸੁਮੇਲ ਹੋਣਾ ਚਾਹੀਦਾ ਹੈ। ਅਮਲੀ ਜੀਵਨ ਤੋਂ ਬਗੈਰ ਕਦੀ ਕਿਸੇ ਨੇ ਕੁਝ ਪ੍ਰਾਪਤ ਨਹੀਂ ਕੀਤਾ। ਇਸ ਲਈ ਜੀਵਨ ਦਾ ਕਰਮ ਖੇਤਰ ਕੋਈ ਵੀ ਹੋਵੇ ਫਤਿਹ ਨਸੀਬ ਸ਼ੁਭ ਅਮਲਾਂ ਨਾਲ ਹੀ ਹੁੰਦੀ ਹੈ।

■

** ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ। ਮੋ: ੯੮੧੫੯-੮੫੫੫੯*

# ਪੰਜ ਪਿਆਰਿਆਂ ਦੀ ਸਾਜਨਾ

*-ਮਾਸਟਰ ਸੁਖਦੇਵ ਸਿੰਘ ਜਾਚਕ**

ਅਕਾਲ ਪੁਰਖ ਦੇ ਹੁਕਮ ਨੂੰ ਸਾਕਾਰ ਹੈ ਕਰਨਾ।
ਪੰਥ ਖਾਲਸਾ ਸਾਜਣ ਤੋਂ ਬਗੈਰ ਨਾ ਸਰਨਾ।
ਜ਼ਾਲਮ ਤੋਂ ਮਜ਼ਲੂਮ ਨੂੰ ਦਸਮੇਸ਼ ਬਚਾਇਆ।
ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।

ਮੁਗ਼ਲ ਰਾਜ ਦੇ ਜਾਬਰ ਸੀ ਮਨਮਾਨੀਆਂ ਕਰਦੇ।
ਲੋਕ ਨਾ ਫਿਰ ਵੀ ਬੋਲਦੇ ਲੱਖ ਦੁੱਖੜੇ ਜ਼ਰਦੇ।
ਸ਼ਰਮ, ਧਰਮ ਨਾ ਇੱਜ਼ਤਾਂ ਸਭ ਖੇਹ ਰਲਾਇਆ।
ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।

ਸੋਲ੍ਹਾਂ ਸੌ ਨੜਿੰਨਵੇਂ ਦੀ ਵੈਸਾਖੀ ਆਈ।
ਲਿੱਖ ਲਿੱਖ ਪੱਤ੍ਰਿਕਾ ਆਇਆ ਸਭ ਆਓ ਭਾਈ!
ਅਨੰਦ ਪੁਰੀ ਵਿਚ ਸੰਗਤਾਂ ਦਾ ਹੜ੍ਹ ਸੀ ਆਇਆ।
ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।

ਕਲਗੀਧਰ ਜੀ ਸ੍ਰੀ ਸਾਹਿਬ ਹੱਥ ਨੰਗੀ ਫੜ ਕੇ।
ਇਕ ਸੀਸ ਹੈ ਚਾਹੀਦਾ ਸਤਿਗੁਰੂ ਜੀ ਕੜਕੇ।
ਸਭ ਤੋਂ ਪਹਿਲਾਂ ਦਇਆ ਰਾਮ ਨੇ ਸੀਸ ਝੁਕਾਇਆ।
ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।

ਦਇਆ ਤੋਂ ਮਗਰੋਂ ਧਰਮ ਨੇ ਆ ਧੌਣ ਝੁਕਾਈ।
ਤੈਨੂੰ ਆਪਾ ਅਰਪਿਆ ਕਰ ਲਓ ਮਨ ਆਈ।
ਸੀਸ ਭੇਟ ਕਰ ਧਰਮ ਚੰਦ ਅੱਜ ਲੇਖੇ ਲਾਇਆ।
ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।

ਦਇਆ ਧਰਮ ਤੋਂ ਬਾਅਦ ਹੁਣ ਹਿੰਮਤ ਦੀ ਵਾਰੀ।
ਸੀਸ ਕਰੋ ਪ੍ਰਵਾਨ ਮੈਂ ਜਾਵਾਂ ਬਲਿਹਾਰੀ।
ਇਉਂ ਸੂਰਮੇ ਆਪਣਾ ਸਿਰ ਭੇਟ ਚੜ੍ਹਾਇਆ।
ਛਕਾਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।

ਦਇਆ, ਧਰਮ ਤੇ ਹਿੰਮਤ ਨੇ ਕੀ ਰੰਗ ਲਿਆਂਦੇ।
ਮੁਹਕਮ ਚੰਦ ਵੀ ਗੁਰਾਂ ਨੂੰ ਆ ਸੀਸ ਝੁਕਾਂਦੇ।
ਤੇਰਾ ਤੈਨੂੰ ਸੌਂਪਿਆ, ਨਾ ਰਿਹਾ ਪਰਾਇਆ।

**ਖੁੰਢ ਵਾਲਾ ਸੈਣੀਆਂ, ਡਾਕ: ਮੰਡੀ ਲਾਧੂਕਾ, ਤਹਿ: ਫਾਜਿਲਕਾ (ਫੀਰੋਜ਼ਪੁਰ) ਮੋ: ੯੪੬੪੦-੦੫੬੮੫, ੮੮੭੨੭-੯੨੬੫੦*

ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।
ਦਇਆ, ਧਰਮ ਤੇ ਹਿੰਮਤ ਨੇ ਵਿਚ ਹੁਕਮ ਰਲਾ ਕੇ,
ਸਾਹਿਬ ਚੰਦ ਵੀ ਖੜ੍ਹ ਗਿਆ ਸਤਿਗੁਰ ਕੋਲ ਆ ਕੇ।
ਸੀਸ ਵਾਰ ਕੇ ਗੁਰਾਂ ਨੂੰ ਲੱਖ ਸ਼ੁਕਰ ਮਨਾਇਆ।
ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।
ਖੱਤਰੀ, ਛੀਂਬਾ, ਨਾਈ, ਝਿਉਰ ਤੇ ਜੱਟ ਰਲਾ ਕੇ।
ਇਕ ਬਣਾਇਆ ਖਾਲਸਾ, ਸਭ ਭੇਦ ਮਿਟਾ ਕੇ।
ਦਿੱਲੀ, ਬਿਦਰ, ਦਵਾਰਕਾ, ਲਾਹੌਰ ਮਿਲਾਇਆ।
ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।
ਅੰਮ੍ਰਿਤ ਛਕਾ ਕੇ ਸਿੰਘਾਂ ਨੂੰ, ਜਦ ਬਾਹਰ ਲਿਆਏ।
'ਖਾਲਸਾ ਮੇਰੋ ਰੂਪ ਹੈ' ਸਤਿਗੁਰ ਫ਼ਰਮਾਏ।
ਸਵਾ ਲੱਖ ਨਾਲ 'ਜਾਚਕਾ', ਇੱਕ ਸਿੰਘ ਲੜਾਇਆ।
ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ। ■

---

# ਦਸਤਾਰ-ਪੱਗੜੀ

*-ਮਾ: ਬੋਹੜ ਸਿੰਘ 'ਮੱਲਣ'**

ਰਾਜੇ ਮਹਾਰਾਜੇ ਸ਼ੁਰੂ ਤੋਂ ਪਹਿਨਦੇ ਰਹੇ, ਰਹੇ ਬੰਨ੍ਹਦੇ ਸਾਰੇ ਅਵਤਾਰ ਪੱਗੜੀ।
ਅੰਮ੍ਰਿਤ ਛਕਾ ਕੇ ਗੁਰੂ ਗੋਬਿੰਦ ਸਿੰਘ ਨੇ, ਸਜਾਈ ਸਿੰਘਾਂ ਦੇ ਸਿਰ ਦਸਤਾਰ ਪੱਗੜੀ।
ਗੁਰੂ ਬਖ਼ਸ਼ੇ ਪੰਜ ਕਕਾਰ ਸਾਨੂੰ, ਢੱਕ ਕੇ ਰੱਖਦੀ ਕੇਸ ਕਕਾਰ ਪੱਗੜੀ।
ਗੁਰੂ ਸਾਹਿਬ ਨੇ ਸਿੱਖਾਂ ਨੂੰ ਹੁਕਮ ਕੀਤੈ, ਸਜਾਓ ਸਿਰ 'ਤੇ ਉੱਠਣ ਸਾਰ ਪੱਗੜੀ।
ਹਰ ਸਿੱਖ ਦਾ ਗਹਿਣਾ ਹੈ ਪੱਗ ਵੀਰੋ, ਸਿਹਰਾ ਸੀਸ ਜਿਓਂ ਸਜੇ ਸ਼ਿੰਗਾਰ ਪੱਗੜੀ।
ਦੁਸ਼ਮਣ ਚੜ੍ਹ ਆਵੇ ਜਦ ਦੇਸ਼ ਉੱਤੇ, ਵੈਰੀ ਤਾਈਂ ਇਹ ਦੇਵੇ ਲਲਕਾਰ ਪੱਗੜੀ।
ਗਊ, ਗਰੀਬ ਦੇ ਨਾਲ ਜੇ ਹੋਏ ਧੱਕਾ, ਨਹੀਂ ਸਕਦੀ ਕਦੇ ਸਹਾਰ ਪੱਗੜੀ।
ਔਰਤ ਨਹੀਂ ਰਹਿੰਦੀ, ਸ਼ੀਹਣੀ ਬਣ ਜਾਂਦੀ, ਸੀਸ ਉੱਤੇ ਸਜਾਏ ਜਦ ਨਾਰ ਪੱਗੜੀ।
ਗ਼ਲਤ ਰਸਤੇ ਬੰਦਾ ਜੇ ਤੁਰਨ ਲੱਗੇ, ਹਲੂਣੇ ਓਸ ਨੂੰ ਸੌ ਸੌ ਵਾਰ ਪੱਗੜੀ।
ਇਹ ਸੁਰੱਖਿਆ ਦਾ ਪੂਰਾ ਹੈ ਕੰਮ ਕਰਦੀ, ਰੋਕਦੀ ਦੁਸ਼ਮਣ ਦਾ ਸਿਰ ਤੇ ਵਾਰ ਪੱਗੜੀ।
ਘੋਨੇ ਮੋਨੇ ਨੂੰ ਹਰ ਥਾਂ ਕਹਿਣ ਬਾਬੂ, ਸਿੱਖ ਤਾਈਂ ਬਣਾਉਂਦੀ ਸਰਦਾਰ ਪੱਗੜੀ।
ਸੁਸਤੀ ਆਲਸ ਦਲਿੱਦਰ ਨੂੰ ਦੂਰ ਕਰਦੀ, ਰਖਦੀ ਬੰਦੇ ਨੂੰ ਸਦਾ ਹੁਸ਼ਿਆਰ ਪੱਗੜੀ।
ਏਸ ਗੱਲ ਦੀ ਮੈਨੂੰ ਨਹੀਂ ਸਮਝ ਆਉਂਦੀ, ਮੁੰਡੇ ਸਮਝਦੇ ਕਿਓਂ ਸਿਰ 'ਤੇ ਭਾਰ ਪੱਗੜੀ।
'ਬੋਹੜ ਸਿੰਘ ਮੱਲਣ' ਕਰੇ ਕੀ ਸਿਫ਼ਤ ਤੇਰੀ, ਨਮਸ਼ਕਾਰ ਪੱਗੜੀ, ਤੈਨੂੰ ਨਮਸਕਾਰ ਪੱਗੜੀ।

■

*ਗਲੀ ਨੰ:੧, ਤਰਨਤਾਰਨ ਨਗਰ, ਨੇੜੇ ਬਠਿੰਡਾ ਚੌਂਕ, ਸ੍ਰੀ ਮੁਕਤਸਰ ਸਾਹਿਬ। ਮੋ: ੯੬੪੬੧-੪੧੨੮੩

# ਮਾਤਾ ਖੀਵੀ ਜੀ

*-ਸ. ਸਵਰਨ ਸਿੰਘ ਭੌਰ**

ਸਾਰੇ ਧਰਮਾਂ ਦਾ ਲੰਗਰ ਇਹ ਹੈ ਸਾਂਝਾ ਗਰੀਬ ਗੁਰਬੇ ਦੇ ਖਿੜਦੇ ਹੈਨ ਖੇੜੇ।
ਸੱਤਾ ਅਤੇ ਬਲਵੰਡ ਅਲਾਪਦੇ ਨੇ ਮਾਤਾ ਖੀਵੀ ਜੀ ਕੀਤੇ ਉਪਕਾਰ ਜਿਹੜੇ।
ਸੁਮੇਰ ਪਰਬਤ ਵਾਂਗਰ ਉੱਚੀ ਸੁਰਤਿ ਵਿਚ ਗੁਰਮਤਿ ਦੇ ਅੱਖਰ ਤਿਆਰ ਕੀਤੇ।
ਚੌਦਾਂ ਰਤਨਾਂ ਦੇ ਵਿੱਚੋਂ ਇਹ ਹੈਨ ਵੱਡੇ, ਨਾਲ ਸੰਗਤਾਂ ਗੁਰਾਂ ਵਿਚਾਰ ਕੀਤੇ।
ਸਿੱਖ ਧਰਮ ਦਾ ਜੀਵਨ ਜੁਗਤ ਵੱਖਰਾ ਘੋਖ ਕਰੋ ਤੇ ਹੋਣਗੇ ਪਾਰ ਬੇੜੇ।...
ਸਦਾਚਾਰ ਰਹੋ ਗੁਰੂ ਦੀ ਹੋਊ ਕਿਰਪਾ, ਮਾਤਾ ਖੀਵੀ ਜੀ ਮੁੱਖੋਂ ਫਰਮਾਂਵਦੇ ਨੇ।
ਰੱਬੀ ਨੂਰ ਦੀਆਂ ਡਲਕਾਂ ਹੋਣ ਪ੍ਰਗਟ, ਸਿੱਧੇ ਵਿਚ ਬੈਕੁੰਠ ਦੇ ਜਾਣਦੇ ਨੇ।
ਮਨ ਨੀਵਾਂ ਤੇ ਜਿਸ ਦੀ ਮੱਤ ਉੱਚੀ, ਦੈਵੀ ਗੁਣ ਨੇ ਆਂਵਦੇ ਉਸ ਵਿਹੜੇ।...
ਮਾਤਾ ਖੀਵੀ ਦੀ ਸਫਲੀ ਕੁੱਖ ਹੋਈ, ਬੀਬੀ ਅਮਰੋ ਨੂੰ ਗੁਰ-ਗਿਆਨ ਹੋਇਆ।
ਬਾਣੀ ਅਮਰੋ ਤੋਂ ਅਮਰਦਾਸ ਸੁਣ ਕੇ, ਬਿਰਧ ਅਵਸਥਾ ਦੇ ਵਿਚ ਜਵਾਨ ਹੋਇਆ।
ਨਾਲ ਲੈ ਉਨ੍ਹਾਂ ਨੂੰ ਆਪ ਆਈ, ਕੁੜਮਾਚਾਰੀ ਦੇ ਉਸ ਮੁਕਾਏ ਝੇੜੇ।...
ਸੇਵਾਦਾਰ ਬਣ ਕੇ ਸੇਵਾ ਕਰਨ ਲੱਗੇ, ਕਠਨ ਸੇਵਾ ਦੀ ਗਿਣਤੀ ਨਾ ਗਿਣੀ ਜਾਵੇ।
ਸੂਰਜ ਚੰਦ ਦੀਆਂ ਕਿਰਨਾਂ ਨਾ ਜਾਣ ਗਿਣੀਆਂ, ਏਦਾਂ ਸੇਵਾ ਦੀ ਮਿਣਤੀ ਨਾ ਮਿਣੀ ਜਾਵੇ।
ਕੁਲ ਭੱਲਿਆਂ ਦੀ ਵੇਖੋ ਸਿਰਮੌਰ ਹੋਈ, ਜਨਮ ਮਰਨ ਦੇ ਕੱਟਦੀ ਇਹ ਗੇੜੇ।...
ਹਰ ਵੇਲੇ ਰਸੋਈ ਤਿਆਰ ਹੁੰਦੀ, ਭਾਂਤ-ਭਾਂਤ ਦੇ ਖਾਣੇ ਬਣਾਵਦੇਂ ਨੇ।
ਖੀਰ ਲੰਗਰ ਦੇ ਵਿਚ ਜ਼ਰੂਰ ਬਣਦੀ, ਦੇਸੀ ਘਿਓ ਪਾ ਆਪ ਵਰਤਾਂਵਦੇ ਨੇ।
ਸ਼ਕਰਪਾਰੇ ਤੇ ਕਦੇ ਜਲੇਬੀਆਂ ਨੇ, ਸੰਗਤਾਂ ਵਾਸਤੇ ਕਦੇ ਬਣਦੇ ਨੇ ਪੇੜੇ।...
ਮਿੱਠ ਬੋਲੜੇ ਨਿੱਘੇ ਸੁਭਾਅ ਵਾਲੀ, ਰਬਾਬੀ ਆਪ ਦੀ ਤੁਲਣਾ ਤੋਲਦੇ ਨੇ।
ਬਹੁਤੇ ਪੱਤਰਾਂ ਵਾਲੀ ਛਾਂ ਦੇ ਨਾਂ, ਭੇਤ ਬਾਣੀ ਵਿਚ ਇਸ ਤਰ੍ਹਾਂ ਖੋਲਦੇ ਨੇ।
ਰਾਮਕਲੀ ਦੀ ਵਾਰ ਬਿਆਨ ਕਰਦੀ, ਬੂਹੇ ਸਵਰਗਾਂ ਦੇ ਖੁੱਲਦੇ ਜੋ ਤੇੜੇ।...
ਸੋਲਾਂ ਸੌ ਉਨਤਾਲੀ ਬਿਕਰਮੀ ਨੂੰ, ਸੱਚਖੰਡ ਦੇ ਵੱਲ ਤਿਆਰ ਹੋਏ।
ਅੱਸੀ ਸਾਲ ਦੀ ਆਰਜਾ ਭੋਗ ਕੇ, ਤੇ ਸੁੰਦਰ ਵਿਚ ਬਿਬਾਣ ਅਸਵਾਰ ਹੋਏ।
ਯਾਦਾਂ ਛੱਡ ਗਏ ਗਿਣਤੀ ਨਾ ਗਿਣੀ ਜਾਵੇ, 'ਭੌਰਾ' ਗਏ ਚੁਰਾਸੀ ਦੇ ਕੱਟ ਗੇੜੇ।
ਸੱਤਾ ਅਤੇ ਬਲਵੰਡ ਅਲਾਪਦੇ ਨੇ ਮਾਤਾ ਖੀਵੀ ਜੀ ਕੀਤੇ ਉਪਕਾਰ ਜਿਹੜੇ।

■

** ਪਿੰਡ ਤੇ ਡਾਕ: ਸਰਲੀ ਕਲਾਂ, ਤਹਿਸੀਲ ਖਡੂਰ ਸਾਹਿਬ (ਤਰਨਤਾਰਨ)। ਮੋ: ੯੮੭੬੧-੧੫੫੯੭*

ਖ਼ਬਰਨਾਮਾ

## ਸਿੱਖ ਧਰਮ ਬਾਰੇ ਗਿਆਨ ਪੁਲਿਸ ਸਿਲੇਬਸ ਦਾ ਹਿੱਸਾ ਬਣਿਆ

੨੨ ਫਰਵਰੀ: ਕੈਨੇਡਾ ਦੀ ਧਰਤੀ ’ਤੇ ਸਿੱਖਾਂ ਦੇ ਕਾਨੂੰਨ/ਮਸਲਿਆਂ ਬਾਰੇ ਮੋਹਰੀ ਭੂਮਿਕਾ ਨਿਭਾਉਂਦਿਆਂ, ‘ਵਿਸ਼ਵ ਸਿੱਖ ਸੰਸਥਾ’ ਨੇ ਉਸ ਵੇਲੇ ਇਕ ਹੋਰ ਸਨਮਾਨਯੋਗ ਪ੍ਰਾਪਤੀ ਕੀਤੀ ਜਦੋਂ ਸੰਸਥਾ ਵੱਲੋਂ ਕੈਨੇਡਾ ਦੀ ਟੋਰਾਂਟੋ ਪੁਲਿਸ ਨਾਲ ਤਾਲਮੇਲ ਬਣਾ ਕੇ ਸਿੱਖ ਧਰਮ ਬਾਰੇ ਮੁੱਢਲੇ ਗਿਆਨ ਨੂੰ ਅਫਸਰਾਂ ਦੇ ਸਿਲੇਬਸ ਵਿਚਲੇ ਕੁਇਜ਼ ਦਾ ਹਿੱਸਾ ਬਣਾਇਆ ਗਿਆ ਹੈ, ਜਿਸ ਵਿਚ ਸਿੱਖਾਂ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਵਿਚਲੇ ਸਵਾਲ ਜਵਾਬਾਂ ਵਿੱਚੋਂ ੮੦% ਅੰਕ ਲੈਣੇ ਲਾਜ਼ਮੀ ਹੋਣਗੇ। ਟੋਰਾਂਟੋ ਪੁਲਿਸ ਯੂਨਿਟ ਦੇ ਕਮਾਂਡਰ ਸੁਪਰਡੈਂਟ ਡੇਬਰਾ ਪ੍ਰੇਸਟਨ ਨੇ ਸਿੱਖ ਜਥੇਬੰਦੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਉੱਦਮ ਨਾਲ ਪੁਲਿਸ ਅਫਸਰਾਂ ਨੂੰ ਸਿੱਖ ਕੌਮ ਦੀ ਪਛਾਣ, ਵਿਸ਼ਵਾਸ, ਪੰਜ ਕਕਾਰਾਂ, ਦਸਤਾਰ ਤੇ ਹੋਰਨਾਂ ਪੱਖਾਂ ਬਾਰੇ ਵਧੇਰੇ ਸੂਝ-ਬੂਝ ਮਿਲੇਗੀ ਤੇ ਭਾਈਚਾਰਕ ਸੰਬੰਧ ਮਜ਼ਬੂਤ ਹੋਣਗੇ।

## ਗੁਰਦੁਆਰਾ ਸਾਹਿਬ ’ਤੇ ਕਬਜ਼ਾ ਕਰਨ ਵਾਲੀਆਂ ਔਰਤਾਂ ਖ਼ਿਲਾਫ ਪਾਕਿਸਤਾਨ ਸਰਕਾਰ ਕਾਰਵਾਈ ਕਰੇ- ਜਥੇਦਾਰ ਅਵਤਾਰ ਸਿੰਘ

ਸ੍ਰੀ ਅੰਮ੍ਰਿਤਸਰ: ੨੭ ਫਰਵਰੀ- ਪਾਕਿਸਤਾਨ ਦੇ ਸ਼ਾਹੀਵਾਲ ਜ਼ਿਲ੍ਹੇ ’ਚ ਮੁਸਲਿਮ ਲੀਗ ਨਵਾਜ ਦੀ ‘ਸਾਬਕਾ ਕੌਂਸਲਰ ਰੋਮਾਨਾ ਸਫਦਰ ਗੁਜਾਰੀ ਦੀ ਅਗਵਾਈ ਵਿਚ ਪੰਜ ਔਰਤਾਂ ਵੱਲੋਂ ੧੯ਵੀਂ ਸਦੀ ਦੇ ਗੁਰਦੁਆਰਾ ਸਿੰਘ ਸਭਾ, ਘਾਹ ਮੰਡੀ ਸੋਰੀ ਗਲੀ ਦੇ ਤਾਲੇ ਤੋੜ ਕੇ ਨਾਜਾਇਜ਼ ਕਬਜ਼ਾ ਕਰਨ ਦੀ ਕੀਤੀ ਕੋਝੀ ਹਰਕਤ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇ. ਅਵਤਾਰ ਸਿੰਘ ਵੱਲੋਂ ਗੰਭੀਰ ਨੋਟਿਸ ਲੈਂਦਿਆਂ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਨ੍ਹਾਂ ਔਰਤਾਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਨੂੰ ਚਾਹੀਦਾ ਹੈ ਕਿ ਸਿੱਖਾਂ ਦੀਆਂ ਜਾਇਦਾਦਾਂ ਦਾ ਖਿਆਲ ਰੱਖਿਆ ਜਾਵੇ ਤੇ ਧਾਰਮਿਕ ਹੱਕਾਂ ਦੀ ਰਾਖੀ ਦ੍ਰਿੜ੍ਹਤਾ ਨਾਲ ਕੀਤੀ ਜਾਵੇ।

## ਡੇਰਾ ਪ੍ਰੇਮੀਆਂ ਦੀਆਂ ਸਿੱਖ ਧਰਮ ਵਿਰੋਧੀ ਕਾਰਵਾਈਆਂ ਨਾ ਬਰਦਾਸ਼ਤ ਯੋਗ – ਜਥੇਦਾਰ ਅਵਤਾਰ ਸਿੰਘ

ਸ੍ਰੀ ਅੰਮ੍ਰਿਤਸਰ: ੩ ਮਾਰਚ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਡੇਰਾ ਸਿਰਸਾ ਦੇ ਪ੍ਰੇਮੀਆਂ ਵੱਲੋਂ ਨਿਤਾਪ੍ਰਤੀ

ਸਕੂਲਾਂ ਵਿਚ ਸਿੱਖ ਧਰਮ ਵਿਰੁੱਧ ਕੀਤੀਆਂ ਜਾ ਰਹੀਆਂ ਕਾਰਵਾਈਆਂ ਨੂੰ ਨਾ ਬਰਦਾਸ਼ਤ ਕਰਨ ਯੋਗ ਦੱਸਦਿਆਂ ਇਸ ਦਾ ਸਖਤ ਨੋਟਿਸ ਲਿਆ।

ਉਨ੍ਹਾਂ ਕਿਹਾ ਕਿ ਸਿੱਖਿਆ ਦੇ ਕੇਂਦਰਾਂ 'ਚ ਡਿਊਟੀ ਕਰਨ ਵਾਲੇ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਫਰਜ਼ਾਂ ਨੂੰ ਪਹਿਚਾਨਣ ਤੇ ਬੱਚਿਆਂ ਨੂੰ ਕੇਵਲ ਸਿਲੇਬਸ ਅਨੁਸਾਰ ਹੀ ਸਿੱਖਿਆ ਦੇਣ ਤਕ ਸੀਮਿਤ ਰਹਿਣ ਅਤੇ ਕਿਸੇ ਵੀ ਪ੍ਰਕਾਰ ਦੀਆਂ ਸਿੱਖ ਵਿਰੋਧੀ ਕਾਰਵਾਈਆਂ ਤੋਂ ਗੁਰੇਜ਼ ਕਰਨ।

## ਹੋਣਹਾਰ ਲੇਖਕ ਬਿਕਰਮਜੀਤ ਸਿੰਘ ਵੱਲੋਂ ਅੰਗਰੇਜ਼ੀ ਭਾਸ਼ਾ ਵਿਚ ਲਿਖੀ ਪੁਸਤਕ "ਇੰਟ੍ਰੋਡਕਸ਼ਨ ਟੂ ਸਿੱਖਿਜ਼ਮ" ਰਿਲੀਜ਼

ਸ੍ਰੀ ਅੰਮ੍ਰਿਤਸਰ: ੧੯ ਫਰਵਰੀ- ਕੈਨੇਡਾ ਨਿਵਾਸੀ ੧੩ ਸਾਲਾ ਅੰਮ੍ਰਿਤਧਾਰੀ ਹੋਣਹਾਰ ਲੇਖਕ ਬਿਕਰਮਜੀਤ ਸਿੰਘ (ਬੈਂਸ) ਦੀ ਸਿੱਖ ਧਰਮ ਸਬੰਧੀ ਅੰਗਰੇਜ਼ੀ ਭਾਸ਼ਾ ਵਿਚ ਲਿਖੀ ਪੁਸਤਕ "ਇੰਟ੍ਰੋਡਕਸ਼ਨ ਟੂ ਸਿੱਖਿਜ਼ਮ" ਅੱਜ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਭੇਟ ਕੀਤੀ ਗਈ।

ਇਸ ਮੌਕੇ ਸਿੰਘ ਸਾਹਿਬ ਨੇ ਕਾਕਾ ਬਿਕਰਮਜੀਤ ਸਿੰਘ (ਬੈਂਸ) ਦੇ ਨਿੱਕੀ ਉਮਰੇ ਕੀਤੇ ਵੱਡੇ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿੱਖ ਧਰਮ ਅਤੇ ਗੁਰਮਤਿ ਵੱਲੋਂ ਦਰਸਾਈ ਜੀਵਨ ਸ਼ੈਲੀ ਨਾਲ ਜੋੜਨ ਲਈ ਅਜੋਕੀ ਨੌਜਵਾਨ ਪੀੜ੍ਹੀ ਨੂੰ ਹਰ ਭਾਸ਼ਾ ਵਿਚ ਸਿੱਖ ਫ਼ਲਸਫ਼ੇ ਦੀ ਜਾਣਕਾਰੀ ਦੇਣ ਦੀ ਮੁੱਖ ਲੋੜ ਹੈ। ਸਿੰਘ ਸਾਹਿਬ ਨੇ ਕਾਕਾ ਬਿਕਰਮਜੀਤ ਸਿੰਘ ਨੂੰ ਸਿਰੋਪਾਓ ਦੀ ਬਖਸ਼ਿਸ਼ ਕਰ ਕੇ ਅਸੀਸ ਦਿੱਤੀ ਕਿ ਉਸ ਦੀ ਕਲਮ ਸਿੱਖੀ ਲਈ ਨਿਰੰਤਰ ਚਲਦੀ ਰਹੇ। ਸ. ਇੰਦਰਜੀਤ ਸਿੰਘ ਰਜਿਸਟਰਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ. ਰੂਪ ਸਿੰਘ ਵਧੀਕ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪੋ ਆਪਣੇ ਸੰਦੇਸ਼ਾਂ ਵਿਚ ਕਾਕਾ ਬਿਕਰਮਜੀਤ ਸਿੰਘ (ਬੈਂਸ) ਨੂੰ ਵਧਾਈ ਦਿੱਤੀ ਗਈ ਅਤੇ ਨਿੱਕੀ ਉਮਰੇ ਕੀਤੇ ਇਸ ਅਨੋਖੇ ਉੱਦਮ ਦੀ ਸ਼ਲਾਘਾ ਵੀ ਕੀਤੀ ਗਈ ।

## ਜੰਮੂ-ਕਸ਼ਮੀਰ ਸਰਕਾਰ ਸੂਬੇ ਦੇ ਸਕੂਲਾਂ ਵਿਚ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਵਿਸ਼ੇ ਦੇ ਤੌਰ 'ਤੇ ਲਾਗੂ ਕਰੇ: ਜਥੇਦਾਰ ਅਵਤਾਰ ਸਿੰਘ

ਸ੍ਰੀ ਅੰਮ੍ਰਿਤਸਰ: ੨੯ ਫਰਵਰੀ- ਜੰਮੂ ਅਤੇ ਕਸ਼ਮੀਰ ਸੂਬੇ ਦੇ ਸਕੂਲਾਂ ਵਿਚ ਪੰਜਾਬੀ ਭਾਸ਼ਾ ਨੂੰ ਪੜ੍ਹਾਏ ਜਾਣ ਤੇ ਲਾਜ਼ਮੀ ਵਿਸ਼ੇ ਵਜੋਂ ਸਿਲੇਬਸ 'ਚ ਸ਼ਾਮਲ ਕਰਨ ਸਬੰਧੀ ਸੂਬੇ ਦੇ ਮਾਨਯੋਗ ਮੁੱਖ ਮੰਤਰੀ ਜਨਾਬ ਉਮਰ ਅਬਦੁੱਲਾ ਪਾਸੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਪੱਤਰ ਲਿਖ ਕੇ ਮੰਗ ਕੀਤੀ ਗਈ ਹੈ ਤਾਂ ਕਿ ਸੂਬੇ ਵਿਚ ਰਹਿਣ ਵਾਲੇ ਪੰਜਾਬੀਆਂ ਨੂੰ ਆਪਣੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਪੜ੍ਹਾਉਣ ਵਿਚ ਕੋਈ ਮੁਸ਼ਕਲ ਪੇਸ਼ ਨਾ ਆਵੇ।

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਵਹੀਰ ਸਰਗਰਮੀਆਂ

## ਫ੍ਰੀ ਲਿਟਰੇਚਰ ਮੁਹਿੰਮ ਅਤੇ ਸ਼ਹੀਦੀ ਪੰਦਰਵਾੜਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਚੁਣੇ ਗਏ ਮੈਂਬਰ ਪ੍ਰਿੰਸੀਪਲ ਸੁਰਿੰਦਰ ਸਿੰਘ ਵੱਲੋਂ ਸਿੱਖ ਮਿਸ਼ਨਰੀ ਕਾਲਜ ਹੈੱਡ ਆਫਿਸ ਲੁਧਿਆਣਾ ਦੇ ਸਰਕਲ ਸ੍ਰੀ ਅਨੰਦਪੁਰ ਸਾਹਿਬ ਦੇ ਭਰਪੂਰ ਸਹਿਯੋਗ ਨਾਲ ਵਿਸ਼ੇਸ਼ ਉਪਰਾਲਾ ਕੀਤਾ ਗਿਆ। ਜਿਸ ਤਹਿਤ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਵੱਖ-ਵੱਖ ਪਿੰਡਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਾਰਮਿਕ ਲਿਟਰੇਚਰ ਵੰਡ ਕੇ ਸਿੱਖ ਇਤਿਹਾਸ, ਸਿੱਖ ਰਹਿਤ ਮਰਯਾਦਾ ਅਤੇ ਸਿੱਖ ਧਰਮ ਬਾਰੇ ਪ੍ਰਭਾਵਸ਼ਾਲੀ ਢੰਗ ਨਾਲ ਜਾਣਕਾਰੀ ਦਿੱਤੀ ਗਈ। ਇਸ ਸਬੰਧ 'ਚ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਦੀ ਇਸ ਨਿਵੇਕਲੀ ਮੁਹਿੰਮ ਨੂੰ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ ਸਮੇਂ ੨੨ ਦਸੰਬਰ ੨੦੧੧ ਨੂੰ ਆਪਣੇ ਸ਼ੁਭ ਕਰ ਕਮਲਾਂ ਨਾਲ ਭਰੇ ਦੀਵਾਨ ਵਿਚ ਰਵਾਨਗੀ ਦਿੱਤੀ। ਇਸ ਪ੍ਰਚਾਰ ਮੁਹਿੰਮ ਵਿਚ ਸਿੱਖ ਮਿਸ਼ਨਰੀ ਕਾਲਜ ਦੇ ੬੦ ਵਿਦਿਆਰਥੀ, ਸਟਾਫ ਮੈਂਬਰ ਅਤੇ ਨਿਸ਼ਕਾਮ ਮਿਸ਼ਨਰੀਆਂ ਨੇ ਧਰਮ ਪ੍ਰਚਾਰ ਹਿਤ ਵੱਖ-ਵੱਖ ਭੂਮਿਕਾਵਾਂ ਨਿਭਾਈਆਂ। ਲੱਗਭਗ ਦੋ ਹਜ਼ਾਰ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਪ੍ਰਿੰ. ਸੁਰਿੰਦਰ ਸਿੰਘ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਮਤਿ ਦੇ ਮਹਾਨ ਵਿਰਸੇ ਨਾਲ ਜੁੜਨ ਦੀ ਪ੍ਰੇਰਨਾ ਕੀਤੀ। ਇਸ ਮੌਕੇ ਪ੍ਰਿੰਸੀਪਲ ਨਰਿੰਜਣ ਸਿੰਘ ਅਤੇ ਬੀਬੀ ਹਰਜੀਤ ਕੌਰ, ਸ. ਜਵਾਹਰ ਸਿੰਘ ਮੈਨੇਜਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਭਾਈ ਸਰੂਪ ਸਿੰਘ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਵਿਚਾਰ ਰੱਖੇ ਅਤੇ ਸੰਗਤਾਂ ਨੂੰ ਗੁਰਮਤਿ ਨਾਲ ਜੁੜਨ ਲਈ ਪ੍ਰੇਰਿਆ।

## ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਅੰਮ੍ਰਿਤ-ਸੰਚਾਰ ਸਮਾਗਮ

ਭਾਈ ਗੁਰਮੁਖ ਸਿੰਘ ਖਾਲਸਾ ਹੈੱਡ ਗ੍ਰੰਥੀ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ, ਪੰਜਾਬ ਅਤੇ ਪੰਜਾਬ ਤੋਂ ਬਾਹਰ ਵੱਖ-ਵੱਖ ਸਥਾਨਾਂ 'ਤੇ ਮਹੀਨਾ ਜਨਵਰੀ ਅਤੇ ਫਰਵਰੀ ੨੦੧੨ ਵਿਚ ਹੋਏ ਅੰਮ੍ਰਿਤ-ਸੰਚਾਰ ਸਮਾਗਮਾਂ ਦੌਰਾਨ ਅੰਮ੍ਰਿਤ-ਪਾਨ ਕਰਨ ਵਾਲੇ ਪ੍ਰਾਣੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:-

| ਮਿਤੀ | ਅਸਥਾਨ | ਪ੍ਰਾਣੀ |
|---|---|---|
| ੧-੧-੧੨ | ਸ੍ਰੀ ਅਕਾਲ ਤਖਤ ਸਾਹਿਬ | ੨੦੫ |
| ੧-੧-੧੨ | ਗੁਰਦੁਆਰਾ ਸਿੰਘ ਸਭਾ, ਵਾਸਕੋਡੀਗਾਮਾ (ਗੋਆ) | ੨੮ |
| ੪-੧-੧੨ | ਸ੍ਰੀ ਅਕਾਲ ਤਖਤ ਸਾਹਿਬ | ੧੨੮ |
| ੮-੧-੧੨ | ਗੁਰਦੁਆਰਾ ਬਾਬਾ ਲੰਗਾਹ ਜੀ, ਪਿੰਡ ਚਾਚੋਵਾਲੀ (ਸ੍ਰੀ ਅੰਮ੍ਰਿਤਸਰ) | ੭੨ |
| ੮-੧-੧੨ | ਸ੍ਰੀ ਅਕਾਲ ਤਖਤ ਸਾਹਿਬ | ੧੩੦ |
| ੧੧-੧-੧੨ | ਗੁ: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਕਾਦੀਆਂ (ਗੁਰਦਾਸਪੁਰ) | ੧੩੩ |
| ੧੧-੧-੧੨ | ਸ੍ਰੀ ਅਕਾਲ ਤਖਤ ਸਾਹਿਬ | ੧੦੮ |
| ੧੫-੧-੧੨ | ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ੍ਰੀ ਮੁਕਤਸਰ ਸਾਹਿਬ | ੨੯ |

| | | |
|---|---|---|
| ੧੫-੧-੧੨ | ਗੁਰਦੁਆਰਾ ਭਾਈ ਤਾਰਾ ਸਿੰਘ ਜੀ ਵਾਂ (ਤਰਨਤਾਰਨ) | ੨੫ |
| ੧੫-੧-੧੨ | ਸ੍ਰੀ ਅਕਾਲ ਤਖ਼ਤ ਸਾਹਿਬ | ੧੧੦ |
| ੧੭-੧-੧੨ | ਗੁ: ਜਨਮ ਅਸਥਾਨ ਬਾਬਾ ਬੁੱਢਾ ਜੀ, ਕੱਥੂਨੰਗਲ (ਸ੍ਰੀ ਅੰਮ੍ਰਿਤਸਰ) | ੧੧ |
| ੧੮-੧-੧੨ | ਸ੍ਰੀ ਅਕਾਲ ਤਖ਼ਤ ਸਾਹਿਬ | ੧੧੩ |
| ੨੨-੧-੧੨ | ਸ੍ਰੀ ਅਕਾਲ ਤਖ਼ਤ ਸਾਹਿਬ | ੧੪੫ |
| ੨੩-੧-੧੨ | ਜਨਮ ਅਸਥਾਨ ਬਾਬਾ ਸੁੱਖਾ ਸਿੰਘ ਜੀ, ਮਾੜੀ ਕੰਬੋਕੀ (ਤਰਨਤਾਰਨ) | ੨੨ |
| ੨੫-੧-੧੨ | ਸ੍ਰੀ ਅਕਾਲ ਤਖ਼ਤ ਸਾਹਿਬ | ੧੦੮ |
| ੨੬-੧-੧੨ | ਗੁ: ਜਨਮ ਅਸਥਾਨ ਬਾਬਾ ਦੀਪ ਸਿੰਘ ਜੀ, ਪਹੂਵਿੰਡ (ਤਰਨਤਾਰਨ) | ੨੨ |
| ੨੭-੧-੧੨ | ਗੁ: ਜਨਮ ਅਸਥਾਨ ਚਾਟੀਵਿੰਡ ਲੇਹਲ (ਸ੍ਰੀ ਅੰਮ੍ਰਿਤਸਰ) | ੫੮ |
| ੨੯-੧-੧੨ | ਸ੍ਰੀ ਅਕਾਲ ਤਖ਼ਤ ਸਾਹਿਬ | ੧੧੨ |
| ੧-੨-੧੨ | ਸ੍ਰੀ ਅਕਾਲ ਤਖ਼ਤ ਸਾਹਿਬ | ੧੪੧ |
| ੨-੨-੧੨ | ਗੁ: ਸਿੰਘ ਸਭਾ ਪਿੰਡ ਭਗਠਾਵਾ (ਗੁਰਦਾਸਪੁਰ) | ੯੫ |
| ੫-੨-੧੨ | ਸ੍ਰੀ ਅਕਾਲ ਤਖ਼ਤ ਸਾਹਿਬ | ੧੭੦ |
| ੫-੨-੧੨ | ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਕਾਦੀਆਂ (ਗੁਰਦਾਸਪੁਰ) | ੧੨ |
| ੭-੨-੧੨ | ਡੇਰਾ ਬਾਬਾ ਕਰਮ ਸਿੰਘ ਜੀ, ਪਿੰਡ ਕਾਲਰਾਂ (ਜਲੰਧਰ) | ੩੦ |
| ੮-੨-੧੨ | ਸ੍ਰੀ ਅਕਾਲ ਤਖ਼ਤ ਸਾਹਿਬ | ੧੧੪ |
| ੧੨-੨-੧੨ | ਨਵੀਂ ਦਾਣਾ ਮੰਡੀ, ਢਿਲਵਾਂ (ਕਪੂਰਥਲਾ) | ੩੧ |
| ੧੨-੨-੧੨ | ਸ੍ਰੀ ਅਕਾਲ ਤਖ਼ਤ ਸਾਹਿਬ | ੧੧੬ |
| ੧੩-੨-੧੨ | ਗੁ: ਚਰਨ ਧੂੜ ਸਾਹਿਬ, ਪਾਤ: ੧੦ਵੀਂ, ਰਾਏਕੋਟ (ਲੁਧਿਆਣਾ) | ੩੪ |
| ੧੪-੨-੧੨ | ਗੁਰਦੁਆਰਾ ਤਪ ਅਸਥਾਨ, ਪਿੰਡ ਮਲਕਪੁਰ (ਗੁਰਦਾਸਪੁਰ) | ੬੫ |
| ੧੫-੨-੧੨ | ਸ੍ਰੀ ਅਕਾਲ ਤਖ਼ਤ ਸਾਹਿਬ | ੧੪੧ |
| ੧੮-੨-੧੨ | ਪਿੰਡ ਬਾੜਾ, ਦੀਨਾਨਗਰ (ਗੁਰਦਾਸਪੁਰ) | ੨੫੦ |
| ੧੯-੨-੧੨ | ਸ੍ਰੀ ਅਕਾਲ ਤਖ਼ਤ ਸਾਹਿਬ | ੧੭੧ |
| ੨੧-੨-੧੨ | ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਸੈਫਲਾਬਾਦ (ਕਪੂਰਥਲਾ) | ੭੫ |
| ੨੨-੨-੧੨ | ਸ੍ਰੀ ਅਕਾਲ ਤਖ਼ਤ ਸਾਹਿਬ | ੧੨੪ |
| ੨੬-੨-੧੨ | ਗੁਰਦੁਆਰਾ ਕਲਗੀਧਰ ਸਾਹਿਬ, ਅਜਨਾਲਾ | ੪੮ |
| ੨੬-੨-੧੨ | ਸ੍ਰੀ ਅਕਾਲ ਤਖ਼ਤ ਸਾਹਿਬ | ੧੫੩ |
| ੨੬-੨-੧੨ | ਪਿੰਡ ਚੱਕ ਸਿਕੰਦਰ (ਸ੍ਰੀ ਅੰਮ੍ਰਿਤਸਰ) | ੪੨ |
| ੨੮-੨-੧੨ | ਖਡੂਰ ਸਾਹਿਬ (ਤਰਨਤਾਰਨ) | ੯੦ |
| ੨੮-੨-੧੨ | ਗੁਰਦੁਆਰਾ ਬਾਬਾ ਬੁੱਢਾ ਜੀ, ਪਿੰਡ ਦਿਆਲਪੁਰ (ਤਰਨਤਾਰਨ) | ੧੫ |
| ੨੯-੨-੧੨ | ਸ੍ਰੀ ਅਕਾਲ ਤਖ਼ਤ ਸਾਹਿਬ | ੧੮ |

## ਪਿੰਡ ਦਿਆਲਪੁਰ ਵਿਖੇ ਅੰਮ੍ਰਿਤ-ਸੰਚਾਰ ਅਤੇ ਗੁਰਮਤਿ ਸਮਾਗਮ

ਭਾਈ ਗੁਰਬਚਨ ਸਿੰਘ ਕਲਸੀਆਂ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਬਾਬਾ ਬੁੱਢਾ ਜੀ, ਪਿੰਡ ਦਿਆਲਪੁਰ, ਤਹਿ: ਪੱਟੀ, ਜ਼ਿਲ੍ਹਾ ਤਰਨਤਾਰਨ ਵਿਖੇ ਜਥੇ. ਖੁਸ਼ਵਿੰਦਰ ਸਿੰਘ ਪੱਟੀ ਮੈਂਬਰ ਵੱਲੋਂ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਦੋ ਰਾਤਾਂ ਦਾ ਗੁਰਮਤਿ ਸਮਾਗਮ ਨਗਰ ਨਿਵਾਸੀਆਂ ਅਤੇ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਕਰਵਾਇਆ

ਗਿਆ। ਜਿਸ ਤਹਿਤ ਮਿਤੀ ੨੮-੨-੨੦੧੨ ਨੂੰ ਅੰਮ੍ਰਿਤ-ਸੰਚਾਰ ਕਰਵਾਇਆ ਗਿਆ ਤੇ ੧੫ ਪ੍ਰਾਣੀ ਗੁਰੂ ਵਾਲੇ ਬਣੇ।

## ਗੁਰਦੁਆਰਾ ਨਾਢਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਮੈਨੇਜਰ ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਨਾਢਾ ਸਾਹਿਬ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਮਿਤੀ ੩੧-੧੨-੨੦੧੧, ੯-੧-੨੦੧੨ ਅਤੇ ੭-੨-੨੦੧੨ ਨੂੰ ਹੋਏ ਅੰਮ੍ਰਿਤ-ਸੰਚਾਰ ਸਮਾਗਮ ਸਮੇਂ ਕ੍ਰਮਵਾਰ ੩੫, ੫੨ ਅਤੇ ੪੫ ਪ੍ਰਾਣੀ ਅੰਮ੍ਰਿਤ ਪਾਨ ਕਰ ਗੁਰੂ ਵਾਲੇ ਬਣੇ।

## ਹਲਕਾ ਅਮਲੋਹ ਵਿਖੇ ਗੁਰਮਤਿ ਸਮਾਗਮ

ਹਲਕਾ ਅਮਲੋਹ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਭਾਈ ਰਵਿੰਦਰ ਸਿੰਘ ਖਾਲਸਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਈ ਗਈ ਸਿੱਖ ਵਿਰਸਾ ਸੰਭਾਲ ਲਹਿਰ ਦੇ ਤਹਿਤ ਪਿੰਡਾਂ ਵਿਚ ਕਰਵਾਏ ਜਾਂਦੇ ਗੁਰਮਤਿ ਸਮਾਗਮਾਂ ਤਹਿਤ ਮਿਤੀ ੨੦ ਜਨਵਰੀ ਨੂੰ ਪਿੰਡ ਬਰਵਾਲੀ ਕਲਾਂ ਵਿਖੇ ਬੱਚਿਆਂ ਦੇ ਗੁਰਮਤਿ ਮੁਕਾਬਲੇ ਕਰਵਾਏ ਗਏ। ਲੱਗਭਗ ੨੫੦ ਬੱਚਿਆਂ ਨੇ ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲਿਆ। ਮੁਕਾਬਲੇ ਦੌਰਾਨ ਬੱਚਿਆਂ ਨੂੰ ਦੋ ਗਰੁੱਪਾਂ ਸੀਨੀਅਰਜ਼ ਅਤੇ ਜੂਨੀਅਰਜ਼ ਵਿਚ ਵੰਡਿਆ ਗਿਆ। ਪਹਿਲੇ ਤਿੰਨਾਂ ਸਥਾਨਾਂ 'ਤੇ ਰਹਿਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ (ਸਾਈਕਲ, ਪ੍ਰੈੱਸ ਤੇ ਪੱਖੇ) ਦਿੱਤੇ ਗਏ, ਜਦਕਿ ਭਾਗ ਲੈਣ ਵਾਲੇ ਬਾਕੀ ਸਾਰੇ ਬੱਚਿਆਂ ਨੂੰ ਸਨਮਾਨ ਪੱਤਰ ਅਤੇ ਸਿਰਪਾਉ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਬੀਬੀ ਰਾਜਵੰਤ ਕੌਰ ਦੇ ਢਾਡੀ ਜਥੇ ਨੇ ਵਾਰਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਅਵਤਾਰ ਸਿੰਘ ਪ੍ਰਚਾਰਕ ਨੇ ਸਟੇਜ ਦੀ ਸੇਵਾ ਨਿਭਾਈ ਅਤੇ ਭਾਈ ਸੁਖਵਿੰਦਰ ਸਿੰਘ ਬਰਵਾਲੀ ਕਲਾਂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਭਾਈ ਰਵਿੰਦਰ ਸਿੰਘ ਖਾਲਸਾ ਵੱਲੋਂ ਮਾਪਿਆਂ ਨੂੰ ਪ੍ਰੇਰਿਆ ਗਿਆ ਕਿ ਉਹ ਆਪਣੇ ਬੱਚਿਆਂ ਨੂੰ ਇਸ ਲਹਿਰ ਦਾ ਹਿੱਸਾ ਬਣਾਉਣ ਤਾਂ ਕਿ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਹੋ ਸਕੇ। ਹਲਕਾ ਬੱਸੀ ਪਠਾਣਾਂ ਤੋਂ ਸ. ਅਵਤਾਰ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਪਿੰਡ ਬਰਵਾਲੀ ਕਲਾਂ ਦੀ ਸਿੱਖ ਵਿਰਸਾ ਸੰਭਾਲ ਸਭਾ ਦੇ ਮੈਂਬਰਾਂ ਨੇ ਵੀ ਹਾਜ਼ਰੀ ਭਰੀ।

## ਪਿੰਡ ਚੱਕ ਸਿਕੰਦਰ ਵਿਖੇ ਗੁਰਮਤਿ ਸਮਾਗਮ ਤੇ ਅੰਮ੍ਰਿਤ-ਸੰਚਾਰ

ਧਰਮ ਪ੍ਰਚਾਰ ਵਹੀਰ ਰਮਦਾਸ ਵੱਲੋਂ ਹਲਕਾ ਅਜਨਾਲਾ ਦੇ ਪਿੰਡ ਚੱਕ ਸਿਕੰਦਰ ਵਿਖੇ ੨੬ ਫਰਵਰੀ ੨੦੧੨ ਨੂੰ ਗੁਰਮਤਿ ਸਮਾਗਮ ਅਤੇ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਜਿਸ ਵਿਚ ੫੦ ਪ੍ਰਾਣੀ ਅੰਮ੍ਰਿਤ ਪਾਨ ਕਰ ਗੁਰੂ ਵਾਲੇ ਬਣੇ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਕਕਾਰ ਭੇਟਾ ਰਹਿਤ ਦਿੱਤੇ ਗਏ। ਸਮਾਗਮ ਨੂੰ ਸਫਲ ਬਣਾਉਣ ਵਿਚ ਭਾਈ ਅਮਰੀਕ ਸਿੰਘ ਵਿਛੋਆ ਮੈਂਬਰ ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ. ਹਰਫੂਲ ਸਿੰਘ, ਸ. ਗੁਰਚਰਨ ਸਿੰਘ, ਭਾਈ ਸੂਰਤਾ ਸਿੰਘ ਗ੍ਰੰਥੀ, ਭਾਈ ਰਣਜੀਤ ਸਿੰਘ, ਭਾਈ ਹਰਵਿੰਦਰ ਸਿੰਘ ਪ੍ਰਚਾਰਕ, ਭਾਈ ਦਿਲਬਾਗ ਸਿੰਘ, ਭਾਈ ਲਖਬੀਰ ਸਿੰਘ, ਭਾਈ ਗੁਰਦੀਪ ਸਿੰਘ ਅਤੇ ਭਾਈ ਨਿਰਮਲ ਸਿੰਘ ਜੇਠੂਵਾਲ ਵੱਲੋਂ ਭਰਪੂਰ ਯਤਨ ਕੀਤੇ ਗਏ। ■

ਗੋਲਡਨ ਆਫਸੈੱਟ ਪ੍ਰੈੱਸ, ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਸ. ਦਲਮੇਘ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ। *ਮਿਤੀ ੫-੪-੨੦੧੨*